# ਗ਼ਦਰੀ ਸੂਰਬੀਰ

(ਇਤਿਹਾਸਕ ਨਾਵਲ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ)



ਹਰੀ ਸਿੰਘ ਢੁੱਡੀਕੇ

# ਗ਼ਦਰੀ ਸੂਰਬੀਰ

(ਇਤਿਹਾਸਕ ਨਾਵਲ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ)

2

*ਇਸੇ ਕਲਮ ਤੋਂ:*

1. ਕੰਡੇਦਾਰ ਝਾੜੀਆਂ (ਨਾਵਲ)
2. ਸ਼ੂਕਦਾ ਦਰਿਆ (ਨਾਵਲ)
3. ਜ਼ਿੰਦਗੀ ਜਿਉਣਾ ਲੋੜਦੀ ਹੈ (ਨਾਵਲ)
4. ਹਿੰਮਤੀ ਬੱਚੇ (ਬਾਲ-ਨਾਵਲ)
5. ਕੋਟਲਾ ਛਪਾਕੀ (ਬਾਲ ਕਾਵਿ-ਸੰਗ੍ਰਹਿ)

# ਗ਼ਦਰੀ ਸੂਰਬੀਰ

(ਇਤਿਹਾਸਕ ਨਾਵਲ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ)

ਹਰੀ ਸਿੰਘ ਢੁੱਡੀਕੇ

5 ਆਬ
ਪ੍ਰਕਾਸ਼ਨ, ਜਲੰਧਰ

# Gadari Soorbeer

(Historical Novel of Gadari Shaheed Bhai Easher Singh Dhudike )

*by*


***Hari Singh Dhudike***

V.P.O. Dhudike

Teh. + Distt. Moga

Mob- 94178-55876



© ਲੇਖਕ



ISBN : 978-93-82413-07-3

ਪਹਿਲੀ ਵਾਰ: ਅਕਤੂਬਰ 2012

ਮੁੱਲ: 100 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**

1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ

ਫ਼ੋਨ: 98140-87063

5aabparkashan@gmail.com

www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼**

1-ਦੇਸ਼ ਭਗਤ ਯਾਦਗਾਰ ਹਾਲ ਜੀ. ਟੀ. ਰੋਡ

ਜਲੰਧਰ ਫ਼ੋਨ : 98140-87063

e-maii: vac_comp@yahoo.com

ਆਪਣੇ ਪੋਤਰੇ, ਪੋਤਰੀਆਂ
ਅਰਸ਼ਾਨ ਤੇ ਸ਼ੁਭਦੀਪ,
ਦੋਹਤੇ/ਦੋਹਤੀਆਂ
ਅਤੇ
ਦੇਸ਼ ਦੀ ਨਵੀਂ ਪੀੜ੍ਹੀ ਦੇ ਨਾਮ

ਸਾਹਿਤਕ ਖੇਤਰ ਵਿੱਚ ਹਰੀ ਸਿੰਘ ਢੁੱਡੀਕੇ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। 'ਗ਼ਦਰੀ ਸੂਰਬੀਰ' ਉਸ ਦਾ ਪੰਜਵਾਂ ਨਾਵਲ ਹੈ। ਇਹ ਕੋਈ ਕਾਲਪਨਿਕ ਨਾਵਲ ਨਹੀਂ। ਇਹ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਦੇ ਜੀਵਨ ਬਾਰੇ ਇਕ ਅਜਿਹਾ ਨਾਵਲ ਹੈ ਜੋ ਕਿ ਗ਼ਦਰ ਪਾਰਟੀ ਬਾਰੇ ਇੱਕ ਇਤਿਹਾਸਕ ਦਸਤਾਵੇਜ਼ ਪੇਸ਼ ਕਰਦਾ ਹੈ। ਅੱਜ ਇਸ ਗੱਲ ਦੀ ਇੱਕ ਵੱਡੀ ਲੋੜ ਹੈ ਕਿ ਅਸੀਂ ਗ਼ਦਰ ਲਹਿਰ ਦੇ ਅਣਗੌਲੇ ਤੇ ਬਹੁਮੁੱਲੇ ਇਤਿਹਾਸ ਨੂੰ ਲੋਕਾਂ ਸਾਹਮਣੇ ਲੈ ਕੇ ਆਈਏ। ਹਰੀ ਸਿੰਘ ਢੁੱਡੀਕੇ ਦਾ ਇਹ ਯਤਨ ਸ਼ਲਾਘਾਯੋਗ ਹੈ। ਮੈਂ ਪੰਜਾਬੀ ਸਾਹਿਤ ਵਿੱਚ ਇਸ ਨਾਵਲ ਦਾ ਸਵਾਗਤ ਕਰਦਾ ਹਾਂ।


-ਦਰਸ਼ਨ ਸਿੰਘ ਭੁੱਲਰ

*ਜਨਰਲ ਸਕੱਤਰ ਦੇਸ਼ ਭਗਤ ਗ਼ਦਰੀ ਬਾਬੇ*

*ਯਾਦਗਾਰ ਕਮੇਟੀ ਢੁੱਡੀਕੇ*

*ਮੋਬਾ: 98551-29765*


---


## ਵਿਸ਼ੇਸ਼ ਧੰਨਵਾਦ

ਕਾਮਰੇਡ ਪਿਆਰਾ ਸਿੰਘ ਕੈਨੇਡੀਅਨ (ਢੁੱਡੀਕੇ)

ਤੇ ਮਾ: ਜੈਕਬ ਢੁੱਡੀਕੇ

# ਮੇਰੇ ਵੱਲੋਂ

ਗ਼ਦਰ ਪਾਰਟੀ ਦਾ ਮੱਤ ਸੀ ਕਿ ਅੰਗਰੇਜ਼ਾਂ ਨੂੰ ਏਥੋਂ ਕੱਢ ਕੇ ਹਰ ਹੀਲੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ। ਅਜ਼ਾਦੀ ਮਿੰਨਤਾ ਨਾਲ ਨਹੀਂ ਕੁਰਬਾਨੀਆਂ ਸਦਕਾ ਮਿਲੇਗੀ। ਭਾਰਤ ਦੀ ਅੰਨ੍ਹੀ ਲੁੱਟ ਕਰਨ ਵਾਲੇ ਅੰਗਰੇਜ਼ ਐਵੇਂ ਨਹੀਂ ਜਾਣਗੇ। ਦੇਸ਼ ਵਿਚ ਥਾਂ-ਥਾਂ ਗ਼ਦਰ ਮਚਾਉਣਾ ਪਏਗਾ। ਅਜ਼ਾਦੀ ਦਾ ਇਹੋ ਰਾਹ ਹੈ। ਇਸੇ ਕਰਕੇ ਗ਼ਦਰ ਪਾਰਟੀ ਦੇ ਹਜ਼ਾਰਾਂ ਹੀ ਆਗੂ ਤੇ ਵਰਕਰ ਕੈਨੇਡਾ-ਅਮਰੀਕਾ ਵਿੱਚ ਆਪਣੀਆ ਜਾਇਦਾਦਾਂ ਛੱਡ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਆਪਣੇ ਵਤਨ ਪਰਤ ਆਏ। ਉਹ ਆਪਣੇ ਘਰ ਬਾਰ ਛੱਡ ਕੇ ਦਿਨ ਰਾਤ ਕਸ਼ਟ ਝੱਲਦੇ ਹੋਏ ਦੇਸ਼ ਦੀ ਗੁਲਾਮੀ ਦੀ ਦੁਹਾਈ ਦਿੰਦੇ ਰਹੇ। ਲੋਕਾਂ ਨਾਲ ਸੰਪਰਕ ਕਰਨ ਦਾ ਯਤਨ ਕਰਦੇ ਰਹੇ। ਭਾਰਤੀ ਫੌਜ ਨੂੰ ਵੀ ਸਾਥ ਦੇਣ ਲਈ ਭੱਜ ਨੱਠ ਕਰਦੇ ਰਹੇ। ਬਿਨਾਂ ਕਿਸੇ ਡਰ ਦੇ ਫੌਜੀ ਛਾਉਣੀਆਂ ਵਿਚ ਫਿਰਦੇ ਰਹੇ। ਧਨ ਅਤੇ ਹਥਿਆਰਾਂ ਦੀ ਪ੍ਰਾਪਤੀ ਲਈ ਹਰ ਹੀਲਾ ਵਰਤਦੇ ਰਹੇ। ਆਪਣੇ ਦੇਸ਼ ਦੀ ਖਾਤਰ ਮਰ ਮਿਟਣ ਦਾ ਦੂਜਾ ਨਾਂ ਸੀ ਗ਼ਦਰ ਪਾਰਟੀ। ਅੰਗਰੇਜ਼ਾਂ ਤੋਂ ਭਾਰਤ ਨੂੰ ਮੁਕਤ ਕਰਵਾ ਕੇ ਅਤੇ ਦੇਸ਼ ਵਿੱਚ ਆਪਣੇ ਲੋਕਾਂ ਦੀ ਸਰਕਾਰ ਬਨਾਉਣ ਲਈ ਗ਼ਦਰੀ ਸਿਰਾਂ ਉੱਤੇ ਕਫਨ ਬੰਨ੍ਹ ਕੇ ਤੁਰੇ ਸਨ। ਸੰਪੂਰਨ ਅਜ਼ਾਦੀ ਦੀ ਮੰਗ ਨੂੰ ਉੱਚੀ ਆਵਾਜ਼ ਵਿੱਚ ਉਠਾਉਣ ਵਾਲੀ ਗ਼ਦਰ ਪਾਰਟੀ ਦੇਸ਼ ਦੀ ਪਹਿਲੀ ਰਾਜਸੀ ਪਾਰਟੀ ਸੀ।

ਅੰਗਰੇਜ਼ ਸਰਕਾਰ ਨੂੰ ਭਾਰਤ ਵਿੱਚ ਸਭ ਤੋਂ ਵੱਧ ਖਤਰਾ ਗ਼ਦਰ ਪਾਰਟੀ ਤੋਂ ਸੀ। ਇਸੇ ਕਰਕੇ ਅੰਗਰੇਜ਼ ਸਰਕਾਰ ਹਰ ਹਾਲਤ ਵਿੱਚ ਗ਼ਦਰ ਪਾਰਟੀ ਨੂੰ ਬੁਰੀ ਤਰ੍ਹਾਂ ਕੁਚਲ ਦੇਣਾ ਚਾਹੁੰਦੀ ਸੀ। ਗ਼ਦਰ ਪਾਰਟੀ ਨੇ ਦੇਸ਼ ਵਿੱਚ ਗ਼ਦਰ ਮਚਾਉਣ ਲਈ ਵੱਡੇ ਪ੍ਰੋਗਰਾਮ ਬਣਾਏ। ਉਹ ਪ੍ਰੋਗਰਾਮ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੰਦੇ ਜੇਕਰ ਸਾਡੇ ਲੋਕ ਗ਼ਦਰ ਪਾਰਟੀ ਦਾ ਪੂਰਾ ਸਹਿਯੋਗ ਦਿੰਦੇ। ਬਹੁਤ ਹੀ ਦੁੱਖ ਦੀ ਗੱਲ ਹੈ ਕਿ ਸਾਡੇ ਦੇਸ਼ ਦੇ ਗ਼ਦਾਰਾਂ ਸਦਕਾ ਹੀ ਗ਼ਦਰ ਪਾਰਟੀ ਦੇ ਸਭ ਪ੍ਰੋਗਰਾਮ ਫੇਲ੍ਹ ਹੋ ਗਏ। ਅੰਗਰੇਜ਼ਾਂ ਦੇ ਪਿਠੂਆਂ ਨੇ ਗ਼ਦਰੀਆਂ ਨੂੰ ਗ੍ਰਿਫਤਾਰ ਕਰਵਾਉਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਦੀ ਖੁਫ਼ੀਆ ਪੁਲਿਸ ਨੂੰ ਸੂਹ ਮਿਲਦੀ ਰਹੀ। ਗ਼ਦਰੀਆਂ ਦੀ ਗ੍ਰਿਫਤਾਰੀ ਹੁੰਦੀ ਰਹੀ। ਗ਼ਦਰੀਆਂ ਨੂੰ ਫਾਂਸੀ, ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਵਰਗੀਆਂ

ਸਖ਼ਤ ਸਜ਼ਾਵਾਂ ਮਿਲੀਆਂ। ਗ਼ਦਰੀ ਸੂਰਬੀਰ ਹੱਸ ਹੱਸ ਕੇ ਫਾਂਸੀ ਚੜ੍ਹਦੇ ਰਹੇ। ਗ਼ਦਰ ਪਾਰਟੀ ਨੂੰ ਕੁਚਲ ਦੇਣ ਵਿੱਚ ਦੇਸ਼ ਦੇ ਗ਼ਦਾਰਾਂ ਨੇ ਵਿਸ਼ੇਸ਼ ਰੋਲ ਅਦਾ ਕੀਤਾ। ਗ਼ਦਰ ਪਾਰਟੀ ਦੇਸ਼ ਵਿੱਚ ਗ਼ਦਰ ਨਾ ਕਰ ਸਕੀ ਪਰ ਗ਼ਦਰ ਪਾਰਟੀ ਦੀ ਸੱਚੀ ਸੁੱਚੀ ਭਾਵਨਾ ਨੇ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਦੇਸ਼ ਦੀ ਅਜ਼ਾਦੀ ਲਈ ਇੱਕ ਤੜਪ ਪੈਦਾ ਕਰ ਦਿੱਤੀ। ਸ. ਭਗਤ ਸਿੰਘ ਹਰ ਵੇਲੇ ਆਪਣੀ ਜੇਬ ਵਿੱਚ ਕਰਤਾਰ ਸਿੰਘ ਸਰਾਭੇ ਦੀ ਤਸਵੀਰ ਰੱਖਦਾ ਸੀ। ਇਹ ਕੋਈ ਸਾਧਾਰਨ ਗੱਲ ਨਹੀਂ। ਗ਼ਦਰ ਪਾਰਟੀ ਦੀ ਇਹੋ ਇੱਕ ਪ੍ਰਾਪਤੀ ਹੈ ਕਿ ਸਾਡੇ ਲੋਕਾਂ ਨੇ ਇਹ ਡੂੰਘੀ ਤਰ੍ਹਾਂ ਸੋਚਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਅੰਗਰੇਜ਼ਾਂ ਦੇ ਗੁਲਾਮ ਹਾਂ। ਅਸੀਂ ਗੁਲਾਮੀ ਨੂੰ ਗਲੋਂ ਲਾਹ ਸਕਦੇ ਹਾਂ। ਅਸੀਂ ਅਜ਼ਾਦ ਹੋ ਸਕਦੇ ਹਾਂ। ਗ਼ਦਰ ਪਾਰਟੀ ਨੇ ਦੇਸ਼ ਵਿੱਚ ਇਹ ਬੀਜ ਬੀਜੇ ਸਨ।

ਅਖੀਰ ਵਿੱਚ ਮੇਰੀ ਸਨਿਮਰ ਬੇਨਤੀ ਹੈ ਕਿ ਮੈਂ ਗ਼ਦਰ ਪਾਰਟੀ ਦੇ ਇਤਿਹਾਸ ਨੂੰ ਫਰੋਲਣ ਦਾ ਯਤਨ ਕੀਤਾ ਹੈ। ਅਣਜਾਣੇ ਵਿੱਚ ਜੇ ਮੇਰੇ ਕੋਲੋਂ ਕੋਈ ਉਕਾਈ ਹੋ ਗਈ ਹੋਵੇ ਤਾਂ ਮੈਂ ਖਿਮਾ ਦਾ ਜਾਚਕ ਹਾਂ। ਲੇਖਕਾਂ ਤੇ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

**-ਹਰੀ ਸਿੰਘ ਢੁੱਡੀਕੇ**

*ਪਿੰਡ+ਡਾਕਘਰ ਢੁੱਡੀਕੇ,*

*ਤਹਿ. ਮੋਗਾ, ਜ਼ਿਲ੍ਹਾ ਮੋਗਾ*

*ਮੋਬਾ: 94178-55876*

# ਇੱਕ

ਮੋਹ ਮਹੀਨੇ ਦੀ ਘੁੱਪ ਹਨ੍ਹੇਰੀ ਠੰਢੀ ਰਾਤ। ਹੱਥ ਨੂੰ ਹੱਥ ਮਾਰਿਆ ਨਹੀਂ ਦਿਸਦਾ। ਕਿਸੇ ਪਾਸਿਓਂ ਵੀ ਕੋਈ ਆਵਾਜ਼ ਨਹੀਂ ਸੀ ਆ ਰਹੀ। ਸਾਰਾ ਪਿੰਡ ਜਿਵੇਂ ਨੀਂਦ ਦੀ ਨਿੱਘੀ ਬੁੱਕਲ ਵਿੱਚ ਅਰਾਮ ਕਰ ਰਿਹਾ ਹੋਵੇ। ਫਿਰੋਜ਼ਪੁਰ ਜ਼ਿਲ੍ਹੇ ਦਾ ਨਿੱਕਾ ਜਿਹਾ ਪਿੰਡ ਢੁੱਡੀਕੇ। ਇਸੇ ਪਿੰਡ ਦਾ ਨੌਜਵਾਨ ਈਸ਼ਰ ਸਿੰਘ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਗ਼ਦਰ ਪਾਰਟੀ ਦੀ ਇੱਕ ਜ਼ਰੂਰੀ ਮੀਟਿੰਗ ਤੋਂ ਪਰਤ ਕੇ ਆਪਣੇ ਘਰ ਅੱਗੇ ਆ ਖਲੋਤਾ। ਉਸ ਨੇ ਹੌਲੀ ਜਿਹੀ ਘਰ ਦਾ ਦਰਵਾਜ਼ਾ ਹੇਠਲੇ ਪਾਸੇ ਤੋਂ ਖੜਕਾਇਆ। ਇਹ ਉਸ ਦੇ ਆਉਣ ਦਾ ਗੁਪਤ ਸੰਦੇਸ਼ ਸੀ। ਕੁਝ ਚਿਰ ਬਾਅਦ ਉਸ ਦੀ ਘਰ ਵਾਲੀ ਨੇ ਦਰਵਾਜ਼ਾ ਖੋਲ੍ਹਿਆ। ਈਸ਼ਰ ਦੇ ਅੰਦਰ ਲੰਘਣ ਸਾਰ ਦਰਵਜ਼ਾ ਬੰਦ ਹੋ ਗਿਆ। ਅੱਗੇ ਸਬਾਤ ਵਿੱਚ ਸਰ੍ਹੋਂ ਦੇ ਤੇਲ ਦਾ ਦੀਵਾ ਜਗ ਰਿਹਾ ਸੀ। ਲਾਗੇ ਹੀ ਈਸ਼ਰ ਦੇ ਮਾਂ ਬਾਪ ਰਜ਼ਾਈਆਂ ਲਈ ਮੰਜਿਆ ਉੱਤੇ ਪਏ ਸਨ। ਖੜਾਕ ਸੁਣ ਕੇ ਸੱਜਣ ਸਿੰਘ ਨੇ ਖੰਘੂਰਾ ਮਾਰਿਆ।

'ਬਾਪੂ ਹਾਲੇ ਜਾਗਦਾ ਪਿਆ!' ਸੋਚਦਾ ਹੋਇਆ ਈਸ਼ਰ ਸਿੰਘ ਸਬਾਤ ਵਿੱਚ ਲੱਗੀ ਪੌੜੀ ਚੜ੍ਹ ਕੇ ਚੁਬਾਰੇ ਵਿੱਚ ਆ ਗਿਆ। ਰਾਮ ਕੌਰ ਵੀ ਜਗਦਾ ਦੀਵਾ ਲੈ ਕੇ ਚੁਬਾਰੇ ਵਿੱਚ ਆ ਗਈ। ਦੋ ਬਿਸਤਰੇ ਵਿਛੇ ਪਏ ਸਨ। ਚੁਬਾਰੇ ਦਾ ਬਾਹਰਲਾ ਦਰਵਾਜ਼ਾ ਅੰਦਰੋਂ ਬੰਦ ਸੀ। ਈਸ਼ਰ ਸਿੰਘ ਚੁੱਪ ਕਰਕੇ ਆਪਣੇ ਬਿਸਤਰੇ ਵਿੱਚ ਰਜ਼ਾਈ ਲੈ ਕੇ ਲੇਟ ਗਿਆ।

"ਦੁੱਧ ਗਰਮ ਕਰਕੇ ਲਿਆਵਾਂ?" ਰਾਮ ਕੌਰ ਦੀ ਆਵਾਜ਼ ਆਈ।

"ਨਹੀਂ, ਪੈ ਜਾਹ ਤੂੰ ਵੀ। ਈਸ਼ਰ ਨੇ ਸਰ੍ਹਾਣੇ ਪਿਆ ਖੇਸ ਰਜਾਈ ਉੱਪਰ ਪਾ ਲਿਆ। ਫਿਰ ਰਾਮ ਕੌਰ ਵੀ ਦੀਵਾ ਬੁਝਾ ਕੇ ਬਿਸਤਰੇ ਵਿੱਚ ਪੈ ਗਈ।

"ਰਾਤ ਤਾਂ ਅੱਧੀਉਂ ਵੀ ਟੱਪ ਗਈ ਹੋਊਗੀ!" ਰਾਮ ਕੌਰ ਨੇ ਹੌਲੀ ਜਿਹੀ ਕਿਹਾ।

"ਹਾਂ!" ਈਸ਼ਰ ਏਨਾ ਆਖ ਕੇ ਫਿਰ ਚੁੱਪ ਕਰ ਗਿਆ ਤੇ ਸੌਣ ਦਾ ਅਸਫ਼ਲ ਯਤਨ ਕਰਨ ਲੱਗਾ ਪਰ ਉਹ ਗਦਰ ਪਾਰਟੀ ਦੀ ਮੀਟਿੰਗ ਤੋਂ ਆਇਆ ਸੀ ਜਿਸ ਕਰਕੇ ਉਸ ਦੇ ਦਿਮਾਗ ਵਿੱਚ ਬਹੁਤ ਖਿਆਲ ਘੁੰਮ ਰਹੇ ਸਨ। ਉਸ ਦੀ ਨੀਂਦ ਤਾਂ ਕਿਧਰੇ ਉੱਡ ਗਈ ਸੀ। ਉਹ ਤਾਂ ਜਿਸ ਦਿਨ ਦਾ ਕੈਨੇਡਾ ਤੋਂ ਆਪਣੇ ਪਿੰਡ ਆਇਆ ਸੀ ਇੱਕ ਦਿਨ ਵੀ ਰੱਜ ਕੇ ਨਹੀਂ ਸੀ ਸੁੱਤਾ। ਉਹ ਗ਼ਦਰ ਪਾਰਟੀ ਦਾ ਪੱਕਾ ਵਫ਼ਾਦਾਰ ਤੇ

ਨਿਧੜਕ ਵਰਕਰ ਸੀ। ਗਦਰ ਪਾਰਟੀ ਨੇ ਅਮਰੀਕਾ ਤੇ ਕੈਨੇਡਾ ਦੀ ਧਰਤੀ ਉੱਤੇ ਪ੍ਰੋਗਰਾਮ ਬਣਾਇਆ ਕਿ ਹਥਿਆਰਬੰਦ ਸੰਘਰਸ਼ ਰਾਹੀਂ ਭਾਰਤ ਵਿੱਚ ਥਾਂ-ਥਾਂ ਗਦਰ ਮਚਾ ਕੇ ਹੀ ਅੰਗਰੇਜਾਂ ਨੂੰ ਦੇਸ਼ ਵਿੱਚੋਂ ਕੱਢਿਆ ਜਾਵੇਗਾ। ਭਾਰਤ ਤਾਂ ਹੀ ਅਜ਼ਾਦ ਹੋਵੇਗਾ। ਈਸ਼ਰ ਸਿੰਘ ਗ਼ਦਰ ਪਾਰਟੀ ਦੇ ਹੁਕਮ ਨਾਲ ਆਪਣੇ ਸਾਥੀਆਂ ਨਾਲ ਵਤਨ ਪਰਤਿਆ ਸੀ। ਉਸ ਦੇ ਨਾਲ ਆਏ ਪਿੰਡ ਦੇ ਗਦਰੀ ਸਾਥੀ ਪਾਖਰ ਸਿੰਘ ਨੇ ਜ਼ਮਾਨਤ ਦੇ ਦਿੱਤੀ। ਈਸ਼ਰ ਸਿੰਘ ਨੂੰ ਪਿੰਡ ਵਿੱਚ ਹੀ ਜੂਹਬੰਦ ਕਰ ਦਿੱਤਾ।

ਈਸ਼ਰ ਸਿੰਘ ਦੇ ਦਿਮਾਗ ਵਿੱਚ ਹਰ ਵੇਲੇ ਗਦਰ ਦਾ ਪ੍ਰੋਗਰਾਮ ਹੀ ਘੁੰਮਦਾ ਰਹਿੰਦਾ। ਉਸ ਦੀ ਸੋਚ ਉੱਥੇ ਹੀ ਟਿਕੀ ਰਹਿੰਦੀ। ਈਸ਼ਰ ਸਿੰਘ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਗਦਰ ਬਾਰੇ ਸੋਚਦਾ ਬਹੁਤ ਦੂਰ ਪਿਛਲੇ ਪਿਛਲੇ ਸਮੇਂ ਵਿੱਚ ਚਲਾ ਗਿਆ। ਈਸ਼ਰ ਸਿੰਘ ਦਾ ਬਾਪ ਸੱਜਣ ਸਿੰਘ ਇੱਕ ਸਧਾਰਨ ਕਿਸਾਨ ਸੀ। ਕਾਫੀ ਪੁਰਾਣੀ ਗੱਲ ਹੈ। ਹੋਰਨਾਂ ਕਿਸਾਨਾਂ ਵਾਂਗ ਸੱਜਣ ਸਿੰਘ ਦੀ ਜ਼ਮੀਨ ਵੀ ਕਈ ਥਾਵਾਂ ਉੱਤੇ ਵੰਡੀ ਹੋਈ ਸੀ। ਉਸ ਵੇਲੇ ਮੁਰੱਬੇਬੰਦੀ ਦਾ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਫ਼ਸਲ ਬਹੁਤੀ ਨਹੀਂ ਸੀ ਹੁੰਦੀ। ਖੇਤੀ ਕੁਦਰਤ ਉੱਤੇ ਨਿਰਭਰ ਸੀ। ਮੀਂਹ ਪੈ ਜਾਂਦਾ ਤਾਂ ਇੱਕ ਘੁਮਾਂ ਵਿੱਚ ਛੇ-ਸੱਤ ਮਣ ਦਾਣੇ ਹੋ ਜਾਂਦੇ। ਖੇਤਾਂ ਵਿੱਚ ਦਿਨ-ਰਾਤ ਹੱਥੀਂ ਮਿਹਨਤ ਕਰਨੀ ਪੈਂਦੀ। ਖੇਤਾਂ ਵਿੱਚ ਫ਼ਸਲਾਂ ਦਾ ਉਜਾੜਾ ਬਹੁਤ ਸੀ। ਟਾਕੀ ਵੰਡ ਹੋਣ ਕਰਕੇ ਫ਼ਸਲਾਂ ਦੀ ਰਾਖੀ ਕਰਨੀ ਔਖਾ ਕੰਮ ਸੀ। ਕਈ ਵਾਰ ਤਾਂ ਸਾਲ ਭਰ ਖਾਣ ਲਈ ਦਾਣੇ ਵੀ ਮਸਾਂ ਹੁੰਦੇ। ਮਾਲੀਆ ਦੇਣਾ ਔਖਾ ਕੰਮ ਸੀ। ਸਿਰ ਚੜ੍ਹਿਆ ਕਰਜ਼ਾ ਛੇਤੀ ਮੋੜਿਆ ਨਹੀਂ ਸੀ ਜਾਂਦਾ।

ਈਸ਼ਰ ਸਿੰਘ ਦੋ ਭਰਾਵਾਂ ਤੋਂ ਛੋਟਾ ਸੀ ਪਰ ਸੀ ਤਕੜਾ ਤੇ ਮਿਹਨਤੀ। ਉਸ ਨੇ ਚੜ੍ਹਦੀ ਜਵਾਨੀ ਵਿੱਚ ਹੀ ਵੇਖ ਲਿਆ ਸੀ ਕਿ ਖੇਤੀ ਕਰਕੇ ਤਾਂ ਪਿੰਡ ਵਿੱਚ ਗੁਜਾਰਾ ਨਹੀਂ ਹੋਣਾ। ਉਹ ਸ਼ੁਰੂ ਤੋਂ ਪਿੰਡ ਦੇ ਗੁਰੂਦੁਆਰੇ ਵਿੱਚ ਆਮ ਹੀ ਜਾਂਦਾ ਸੀ। ਏਥੋਂ ਹੀ ਉਸ ਨੇ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖ ਲਈ। ਈਸ਼ਰ ਨੂੰ ਪਤਾ ਸੀ ਕਿ ਪਿੰਡ ਦੇ ਬਹੁਤ ਨੌਜਵਾਨ ਅਮਰੀਕਾ ਜਾਂ ਕੈਨੇਡਾ ਚਲੇ ਗਏ ਹਨ। ਉਸ ਦੇ ਦਿਲ ਵਿੱਚ ਵੀ ਕੈਨੇਡਾ ਜਾਣ ਦੀ ਰੀਝ ਉੱਠੀ। ਮਾਂ ਪਿਉ ਦੇ ਨਾਂਹ ਕਰਨ ਦੇ ਬਾਵਜੂਦ ਈਸ਼ਰ ਇਧਰੋਂ ਉਧਰੋਂ ਪੈਸੇ ਇਕੱਠੇ ਕਰਕੇ ਕੈਨੇਡਾ ਦੇ ਸ਼ਹਿਰ ਵੈਨਕੋਵਰ ਚਲਾ ਗਿਆ।

ਈਸ਼ਰ ਦੀਆਂ ਅੱਖਾਂ ਅੱਗੇ ਵੈਨਕੋਵਰ ਸ਼ਹਿਰ ਘੁੰਮਣ ਲੱਗਾ। ਖ਼ੂਬਸੂਰਤ ਸ਼ਹਿਰ ਗੋਰੇ ਲੋਕ। ਕੈਨੇਡਾ ਦੇ ਲੋਕਾਂ ਦਾ ਜੀਵਨ ਤੇ ਭਾਰਤੀ ਲੋਕਾਂ ਦਾ ਜੀਵਨ। ਦੋਹਾਂ ਦਾ ਫ਼ਰਕ। ਈਸ਼ਰ ਨੂੰ ਲੱਗਦਾ ਸੀ ਕਿ ਭਾਰਤੀ ਲੋਕ ਤਾਂ ਨਰਕ ਵਰਗਾ ਜੀਵਨ ਜਿਉਂ ਰਹੇ ਹਨ। ਈਸ਼ਰ ਨੂੰ ਜਾਣ ਸਾਰ ਇੱਕ ਲੱਕੜ ਮਿੱਲ ਉੱਤੇ ਕੰਮ ਮਿਲ ਗਿਆ ਸੀ। ਪੰਜ-ਛੇ ਰੁਪਏ ਦਿਹਾੜੀ ਮਿਲ ਜਾਂਦੀ ਸੀ। ਆਪਣੇ ਦੇਸ਼ ਵਿੱਚ ਤਾਂ ਇੱਕ ਦਿਹਾੜੀਦਾਰ ਨੂੰ ਮਸਾਂ ਇੱਕ ਚਵਾਨੀ ਦਿਹਾੜੀ ਦੀ ਮਿਲਦੀ ਸੀ। ਈਸ਼ਰ ਦੇ ਕੈਨੇਡਾ ਵਿੱਚ ਬਹੁਤ ਸਾਰੇ ਪੰਜਾਬ ਗੂੜ੍ਹੇ ਮਿੱਤਰ ਬਣ ਗਏ। ਏਥੇ ਹੀ ਉਸ ਦਾ ਮੇਲ ਉੱਤਮ ਸਿੰਘ ਹਾਂਸ ਨਾਲ ਹੋਇਆ

ਜਿਹੜਾ ਉਸ ਦਾ ਚੰਗਾ ਦੋਸਤ ਬਣਿਆ। ਸਾਰੇ ਰਲ ਮਿਲ ਕੇ ਕਮਾਈ ਕਰਨ ਲਈ ਸਖ਼ਤ ਮਿਹਨਤ ਕਰਦੇ।

ਵੀਹਵੀਂ ਸਦੀ ਵਿੱਚ ਕੈਨੇਡਾ ਸਰਕਾਰ ਆਪਣੇ ਦੇਸ਼ ਦੀ ਨਵ ਉਸਾਰੀ ਕਰ ਰਹੀ ਸੀ। ਜੰਗਲ ਕੱਟ ਕੇ ਨਵੀਆਂ ਬਸਤੀਆਂ ਬਣਾਈਆਂ ਜਾ ਰਹੀਆਂ ਸਨ। ਰੇਲਾਂ ਦੀਆਂ ਪਟੜੀਆਂ ਵਿਛ ਰਹੀਆਂ ਸਨ। ਇਸ ਕਰਕੇ ਕੈਨੇਡਾ ਵਿੱਚ ਕੰਮ ਕਰਨ ਲਈ ਚੀਨ, ਜਪਾਨ ਤੇ ਭਾਰਤ ਤੋਂ ਮਜ਼ਦੂਰ ਪਹੁੰਚ ਰਹੇ ਸਨ। ਕੈਨੇਡਾ ਵਿੱਚ ਸਭ ਤੋਂ ਜ਼ਿਆਦਾ ਪੰਜਾਬੀ ਮਜ਼ਦੂਰ ਪਹੁੰਚੇ ਸਨ। ਪੰਜਾਬੀਆਂ ਨੇ ਸਖ਼ਤ ਮਿਹਨਤ ਕਰਕੇ ਸਭ ਨੂੰ ਪਿੱਛੇ ਛੱਡ ਦਿੱਤਾ। ਕੈਨੇਡਾ ਦੇ ਮਜ਼ਦੂਰ ਪੰਜਾਬੀਆਂ ਨਾਲ ਖਾਰ ਖਾਣ ਲੱਗ ਪਏ। ਚੀਨੀ ਤੇ ਜਪਾਨੀ ਮਜ਼ਦੂਰ ਆਪਣੀਆਂ ਸਰਕਾਰਾਂ ਦੇ ਯਤਨਾਂ ਸਦਕਾ ਬਚ ਜਾਂਦੇ ਪਰ ਪੰਜਾਬੀ ਮਜ਼ਦੂਰਾਂ ਦੀ ਕੋਈ ਸੁਣਵਾਈ ਨਾ ਹੁੰਦੀ। ਕੈਨੇਡਾ ਦੀ ਸਰਕਾਰ ਪੰਜਾਬੀਆਂ ਲਈ ਕੁਝ ਨਾ ਕਰਦੀ। ਗੋਰੇ ਲੋਕ ਪੰਜਾਬੀਆਂ ਨੂੰ ਗਾਲ੍ਹਾਂ ਕੱਢਦੇ, ਨਫ਼ਰਤ ਕਰਦੇ ਪੰਜਾਬੀ ਮਜ਼ਦੂਰ ਫਿਰ ਵੀ ਸੋਚਦੇ ਕਿ ਪਿੰਡ ਤਾਂ ਭੁੱਖੇ ਮਰਦੇ ਸੀ। ਕਰਜ਼ਾ ਸਿਰੋਂ ਨਹੀਂ ਸੀ ਲਹਿੰਦਾ। ਏਥੇ ਕਮਾਈ ਤਾਂ ਚੰਗੀ ਹੁੰਦੀ ਹੈ। ਚਾਰ ਛਿੱਲੜ ਜੁੜ ਜਾਣਗੇ। ਇਸ ਕਰਕੇ ਪੰਜਾਬੀ ਨਫ਼ਰਤ ਦਾ ਸ਼ਿਕਾਰ ਹੋ ਕੇ ਵੀ ਉੱਥੇ ਕੰਮ ਕਰਦੇ। ਈਸ਼ਰ ਵੀ ਚੰਗੀ ਤਰ੍ਹਾਂ ਸਮਝਦਾ ਸੀ ਕਿ ਕਮਾਈ ਕਰਨ ਲਈ ਕਿਵੇਂ ਕਿਸੇ ਦੇ ਤਾਅਨੇ ਸੁਣਨੇ ਪੈਂਦੇ ਹਨ। ਦਿਲ ਉੱਤੇ ਪੱਥਰ ਰੱਖਣਾ ਪੈਂਦਾ ਹੈ ਪਰ ਈਸ਼ਰ ਆਪਣੇ ਨਾਲ ਕੰਮ ਕਰਦੇ ਪੰਜਾਬੀ ਭਰਾਵਾਂ ਵਾਂਗ ਸੋਚਦਾ ਕਿ ਸਾਡਾ ਦੇਸ਼ ਅੰਗਰੇਜ਼ਾਂ ਦੇ ਅਧੀਨ ਹੈ। ਅਸੀਂ ਗੁਲਾਮ ਹਾਂ। ਕੈਨੇਡਾ ਦੇ ਲੋਕ ਉਨ੍ਹਾਂ ਨਾਲ ਨਸਲੀ ਵਿਤਕਰਾ ਇਸੇ ਕਰਕੇ ਕਰਦੇ ਹਨ। ਈਸ਼ਰ ਵੀ ਹੋਰ ਪੰਜਾਬੀਆਂ ਵਾਂਗ ਸਬਰ ਦਾ ਘੁੱਟ ਭਰ ਲੈਂਦਾ।

ਸਮਾਂ ਇਕਸਾਰ ਨਹੀਂ ਚੱਲਦਾ। ਇੱਕ ਦਿਨ ਈਸ਼ਰ ਨੂੰ ਘਰੋਂ ਚਿੱਠੀ ਮਿਲੀ। ਚਿੱਠੀ ਪੜ੍ਹ ਕੇ ਈਸ਼ਰ ਇਕਦਮ ਝੰਜੋੜਿਆ ਗਿਆ। ਈਸ਼ਰ ਦੇ ਦੋ ਭਰਾ ਸਨ। ਭੈਣ ਕੋਈ ਨਹੀਂ ਸੀ। ਲਿਖਿਆ ਸੀ ਕਿ ਦੋਵੇਂ ਭਰਾ ਗੁਜ਼ਰ ਗਏ ਹਨ। ਈਸ਼ਰ ਨੂੰ ਕੁਝ ਨਹੀਂ ਸੀ ਸੁਝਦਾ। ਉਹ ਵਾਰ-ਵਾਰ ਸੋਚਦਾ ਕਿ ਬਾਪੂ ਨੇ ਆਪਣੇ ਪੁੱਤਰਾਂ ਦੀ ਅਰਥੀ ਕਿਵੇਂ ਉਠਾਈ ਹੋਵੇਗੀ। ਕਿਵੇਂ ਉਨ੍ਹਾਂ ਦੀ ਚਿਖਾ ਨੂੰ ਅਗਨੀ ਵਿਖਾਈ ਹੋਵੇਗੀ। ਬੇਬੇ ਦਾ ਕੀ ਹਾਲ ਹੋਵੇਗਾ। ਪੁੱਤਰਾਂ ਦੀਆਂ ਲਾਸ਼ਾਂ ਵੇਖ ਕੇ ਉਹ ਕਿਵੇਂ ਧਾਹਾਂ ਮਾਰ-ਮਾਰ ਰੋਂਦੀ ਹੋਵੇਗੀ। ਮੈਂ ਸਮੁੰਦਰੋਂ ਪਾਰ ਬੈਠਾ ਹਾਂ। ਮੈਂ ਮਾਂ ਪਿਉ ਨੂੰ ਕੀ ਦਿਲਾਸਾ ਦੇ ਸਕਦਾ ਹਾਂ। ਇੱਕ ਭਰਾ ਜੈਤੋ ਦੇ ਲਾਗੇ ਝੱਖੜ ਵਾਲੇ ਪਿੰਡ ਵਿਆਹਿਆ ਹੋਇਆ ਸੀ। ਹਾਲੇ ਮੁਕਲਾਵਾ ਲੈ ਕੇ ਆਉਣਾ ਸੀ। ਕੁਦਰਤ ਨੇ ਘਰ ਵਿੱਚ ਕਹਿਰ ਵਰਤਾ ਦਿੱਤਾ। ਈਸ਼ਰ ਕਈ ਦਿਨ ਸੋਚਦਾ ਰਿਹਾ। ਫਿਰ ਦੋਸਤਾਂ ਨਾਲ ਸਲਾਹ ਕਰਕੇ ਚਾਰ ਕੁ ਸਾਲ ਪਿੱਛੋਂ ਈਸ਼ਰ ਸਿੰਘ ਪਿੰਡ ਪਰਤ ਆਇਆ।

ਸਬਾਤ ਵਿਚੋਂ ਬਾਪੂ ਦੇ ਖੰਘਣ ਦੀ ਅਵਾਜ਼ ਆਈ। ਈਸ਼ਰ ਦੀ ਸੋਚ ਲੜੀ ਟੁੱਟ ਗਈ। ਉਸ ਨੇ ਪਾਸਾ ਲਿਆ ਤੇ ਉਸ ਦੀ ਸੁਰਤ ਆਪਣੇ ਬਾਪ ਵੱਲ ਚਲੀ ਗਈ। ਬਾਪੂ

ਕਈ ਦਿਨਾਂ ਤੋਂ ਜ਼ੋਰ ਨਾਲ ਖੰਘ ਰਿਹਾ ਸੀ। ਪਿੰਡ ਦੇ ਵੈਦ ਤੋਂ ਦਵਾਈ ਤਾਂ ਲਿਆਂਦੀ ਸੀ ਪਰ ਹਾਲੇ ਪੂਰਾ ਆਰਾਮ ਨਹੀਂ ਆਇਆ ਅਸਲ ਵਿੱਚ ਪੁੱਤਰਾਂ ਦੀ ਮੌਤ ਪਿੱਛੋਂ ਕਮਜ਼ੋਰ ਬਹੁਤ ਹੋ ਗਿਆ ਸੀ। ਘਰ ਦਾ ਕੰਮ ਵੀ ਉਸ ਦੇ ਸਿਰ ਆ ਪਿਆ ਸੀ ਜਿਸ ਕਾਰਨ ਉਸ ਦੀ ਸਿਹਤ ਵਿਗੜਦੀ ਗਈ। ਈਸ਼ਰ ਨੇ ਕੈਨੇਡਾ ਤੋਂ ਆ ਕੇ ਘਰ ਦਾ ਸਾਰਾ ਕੰਮ ਸੰਭਾਲ ਲਿਆ। ਉਹ ਕੈਨੇਡਾ ਤੋਂ ਕੁਝ ਪੈਸੇ ਜੋੜ ਕੇ ਲਿਆਇਆ ਸੀ। ਉਸ ਨੇ ਘਰ ਵੱਲ ਧਿਆਨ ਕੀਤਾ। ਬਾਪੂ ਤਾਂ ਹਾਲੇ ਨਾਂਹ ਕਰਦਾ ਸੀ ਪਰ ਈਸ਼ਰ ਨੇ ਘਰ ਦਾ ਕੰਮ ਵਿੱਢ ਲਿਆ। ਪਿਛਲੇ ਪਾਸੇ ਦੋ ਵੱਡੇ ਕਮਰੇ। ਅੱਗੇ ਇੱਕ ਖੁੱਲ੍ਹੀ ਸਬਾਤ। ਸਬਾਤ ਵਿੱਚ ਪੌੜੀ ਰੱਖ ਕੇ ਉੱਪਰ ਇੱਕ ਛੋਟਾ ਚੁਬਾਰਾ ਬਣਾਇਆ। ਸਬਾਤ ਦੇ ਸੱਜੇ ਹੱਥ ਵਰਾਂਡਾ। ਪਰ੍ਹੇ ਉੱਤੇ ਖੁੱਲ੍ਹਾ ਡੁੱਲ੍ਹਾ ਇਕ ਦਲਾਨ ਸਾਰਾ ਘਰ ਅੱਧਾ ਕੱਚਾ ਤੇ ਅੱਧਾ ਪੱਕਾ। ਈਸ਼ਰ ਦੇ ਮਾਂ ਪਿਉ ਹੁਣ ਘਰ ਵੱਲ ਵੇਖਦੇ ਤੇ ਖੁਸ਼ ਹੁੰਦੇ। ਫਿਰ ਸੱਜਣ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਨਾਲ ਗੱਲ ਕਰਕੇ ਵੱਡੇ ਪੁੱਤ ਦੇ ਘਰ ਵਾਲੀ ਰਾਮ ਕੌਰ ਈਸ਼ਰ ਸਿੰਘ ਦੇ ਘਰ ਬਿਠਾ ਦਿੱਤੀ। ਰਾਮ ਕੌਰ ਉੱਚੇ ਕੱਦ ਕਾਠ ਵਾਲੀ ਸੋਹਣੀ ਸੁਨੱਖੀ ਕੁੜੀ ਸੀ। ਗੋਰਾ ਰੰਗ, ਅਣਭੋਲ ਚਿਹਰਾ। ਰਾਮ ਕੌਰ ਦੇ ਘਰ ਆਉਣ ਨਾਲ ਸੱਜਣ ਸਿੰਘ ਦੇ ਵਿਹੜੇ ਵਿੱਚ ਬਹਾਰ ਪਰਤ ਆਈ। ਰਾਮ ਕੌਰ ਨੇ ਆਉਣ ਸਾਰ ਘਰ ਦਾ ਸਾਰਾ ਕੰਮ ਧੰਦਾ ਸੰਭਾਲ ਲਿਆ। ਉਹ ਹਰ ਰੋਜ਼ ਸਵੱਖਤੇ ਉੱਠਦੀ। ਮੱਝ ਦੀ ਧਾਰ ਕੱਢਦੀ। ਦੁੱਧ ਰਿੜਕਦੀ। ਦੋਵੇਂ ਵੇਲੇ ਰੋਟੀ ਪਾਣੀ ਤਿਆਰ ਕਰਦੀ। ਪਹਿਲਾਂ ਰੋਟੀ ਸੱਸ ਸਹੁਰੇ ਨੂੰ ਪਾ ਕੇ ਫੜਾਉਂਦੀ।

ਖੂਹ ਵੱਲੋਂ ਕੁੱਤੇ ਭੌਂਕਣ ਦੀ ਅਵਾਜ਼ ਆਈ। ਈਸ਼ਰ ਜਿਵੇਂ ਸੁਪਨੇ ਵਿੱਚੋਂ ਜਾਗਿਆ। ਉਸ ਦਾ ਧਿਆਨ ਰਾਮ ਕੌਰ ਵੱਲ ਗਿਆ। ਚੁਬਾਰੇ ਵਿੱਚ ਗੂੜ੍ਹਾ ਹਨੇਰਾ ਸੀ। ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਈਸ਼ਰ ਸੋਚਣ ਲੱਗਾ, 'ਰਾਮੋ ਨੂੰ ਮੈਂ ਕੀ ਸੁਖ ਦਿੱਤਾ। ਇਸ ਨੂੰ ਤਾਂ ਘਰ ਵਿੱਚ ਇੱਕ ਪਲ ਦੀ ਵਿਹਲ ਨਹੀਂ। ਇਸ ਨੇ ਕਦੇ ਕਿਸੇ ਚੀਜ਼ ਦੀ ਮੰਗ ਨਹੀਂ ਕੀਤੀ। ਉਹ ਤਾਂ ਆਪਣੇ ਵਿਆਹ ਦੇ ਨੌਂ ਮਹੀਨੇ ਬਾਅਦ ਹੀ ਦਸੰਬਰ 1912 ਵਿੱਚ ਦੁਬਾਰਾ ਕੈਨੇਡਾ ਚਲਾ ਗਿਆ ਸੀ। ਘਰ ਬਾਰ ਤਾਂ ਰਾਮੋ ਨੇ ਹੀ ਸੰਭਾਲਿਆ ਸੀ।

ਈਸ਼ਰ ਦਾ ਸਿਰ ਭਾਰਾ-ਭਾਰਾ ਹੋ ਗਿਆ ਸੀ। ਨੀਂਦ ਤਾਂ ਉਸ ਦੀ ਕਿਧਰੇ ਉੱਡ ਗਈ ਸੀ। ਉਸ ਦੀ ਹਾਲਤ ਬੇਚੈਨੀ ਵਾਲੀ ਸੀ ਪਰ ਉਸ ਦੀ ਅਜਿਹੀ ਹਾਲਤ ਕੈਨੇਡਾ ਵਿੱਚ ਵੀ ਸੀ। ਕੈਨੇਡਾ ਦੇ ਹਾਲਾਤ ਹੁਣ ਪਹਿਲਾਂ ਨਾਲੋਂ ਬਹੁਤ ਬਦਲ ਗਏ ਸਨ। ਗੋਰੇ ਲੋਕ ਪੰਜਾਬੀਆਂ ਨੂੰ ਬਹੁਤ ਨਫ਼ਰਤ ਕਰਦੇ। ਕਈ ਥਾਵਾਂ ਉੱਤੇ ਨਸਲੀ ਹਮਲੇ ਵੀ ਹੋਏ। ਕੈਨੇਡਾ ਸਰਕਾਰ ਦੇ ਪੰਜਾਬੀ ਮਜ਼ਦੂਰਾਂ ਦੀ ਸਹਾਇਤਾ ਕਰਨ ਦੀ ਥਾਂ ਉਨ੍ਹਾਂ ਦੇ ਕੈਨੇਡਾ ਆਉਣ ਉੱਤੇ ਹੀ ਪਾਬੰਦੀ ਲਾ ਦਿੱਤੀ। ਪੰਜਾਬੀਆਂ ਨੂੰ ਹੁਣ ਡੂੰਘਾ ਅਹਿਸਾਸ ਹੋਇਆ ਸੀ ਕਿ ਅਸੀਂ ਤਾਂ ਗੁਲਾਮ ਹਾਂ। ਗੁਲਾਮਾਂ ਨਾਲ ਇਸੇ ਤਰ੍ਹਾਂ ਭੈੜਾ ਵਰਤਾਓ ਹੁੰਦਾ ਹੈ। ਭਾਰਤੀਆਂ ਨੂੰ ਕੁੱਤਾ ਆਖ ਦੇਣਾ ਸਾਧਾਰਨ ਗੱਲ ਸੀ। ਪਰ ਅਮਰੀਕਾ ਰਹਿੰਦੇ ਭਾਰਤੀਆਂ (ਬਹੁਤੇ ਪੰਜਾਬੀ ਸਿੱਖ) ਨੇ ਹਾਲਾਤ ਤੋਂ ਦੁਖੀ ਹੋ ਕੇ ਇੱਕ ਜੱਥੇਬੰਦੀ ਦਾ ਗਠਨ ਕੀਤਾ। ਇਸ ਨੇ ਗਦਰ ਨਾਂ ਦਾ ਪਰਚਾ ਛਾਪਣਾ ਸ਼ੁਰੂ ਕੀਤਾ। ਇਹ ਪਰਚਾ

ਕੈਨੇਡਾ, ਅਮਰੀਕਾ ਤੇ ਭਾਰਤ ਵਿਚ ਪੁੱਜਣਾ ਸ਼ੁਰੂ ਹੋ ਗਿਆ। ਗਦਰ ਵਿੱਚ ਬਹੁਤ ਹੀ ਜੋਸ਼ੀਲੀਆਂ ਕਵਿਤਾਵਾਂ ਤੇ ਧੜੱਲੇਦਾਰ ਲੇਖ ਛਪਦੇ ਜਿਸ ਨਾਲ ਲੋਕਾਂ ਦੇ ਦਿਲਾਂ ਵਿੱਚ ਅੰਗਰੇਜ਼ਾਂ ਪ੍ਰਤੀ ਰੋਹ ਪੈਦਾ ਹੋਣ ਲੱਗਾ। ਲੋਕਾਂ ਨੂੰ ਅਹਿਸਾਸ ਹੋਣ ਲੱਗਾ ਕਿ ਅਸੀਂ ਤਾਂ ਗੁਲਾਮ ਹਾਂ। ਬਹੁਤੇ ਦੇਸ਼ਾਂ ਵਿੱਚ ਇਸ ਜਥੇਬੰਦੀ ਦਾ ਖ਼ੂਬ ਪ੍ਰਚਾਰ ਹੋਇਆ। ਫਿਰ ਗਦਰ ਪਰਚੇ ਦੇ ਨਾਂ ਨਾਲ ਇਸ ਦਾ ਨਾਂ ਹੀ ਗਦਰ ਪਾਰਟੀ ਪੈ ਗਿਆ। ਲੋਕ ਇਸ ਪਾਰਟੀ ਨਾਲ ਜੁੜਨ ਲੱਗੇ। ਈਸ਼ਰ ਸਿੰਘ ਵੀ ਆਪਣੇ ਸਾਥੀਆਂ ਸਮੇਤ ਗਦਰ ਪਾਰਟੀ ਵਿੱਚ ਸ਼ਾਮਲ ਹੋ ਗਿਆ।

ਗਦਰ ਪਾਰਟੀ ਦਾ ਪ੍ਰੋਗਰਾਮ ਸੀ ਕਿ ਹਥਿਆਰਬੰਦ ਘੋਲ ਰਾਹੀਂ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਕੇ ਦੇਸ਼ ਨੂੰ ਅਜ਼ਾਦ ਕਰਵਾਉਣਾ। ਅਜ਼ਾਦੀ ਤੇ ਸਮਾਨਤਾ ਮੁੱਖ ਆਦਰਸ਼। ਈਸ਼ਰ ਗਦਰ ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਨ ਲੱਗਾ। ਉਸ ਨੂੰ ਦੇਸ਼ ਵਾਸੀਆਂ ਦੇ ਜੀਵਨ ਦਾ ਡੂੰਘਾ ਅਹਿਸਾਸ ਸੀ। ਲੋਕਾਂ ਦਾ ਜੀਵਨ ਤਾਂ ਪਸ਼ੂਆਂ ਨਾਲੋਂ ਭੈੜਾ। ਪੁਲਿਸ ਕਿਸੇ ਨੂੰ ਵੀ ਫੜ ਕੇ ਅੰਦਰ ਕਰ ਦੇਵੇ। ਕੋਈ ਸੁਣਵਾਈ ਨਹੀਂ। ਆਏ ਦਿਨ ਲੋਕਾਂ ਉੱਤੇ ਨਵੇਂ ਟੈਕਸ ਲੱਗਦੇ ਸਨ। ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦਾ ਪਤਾ ਹੀ ਨਹੀਂ। ਲੋਕ ਭੁੱਖ ਨਾਲ ਤੇ ਬਿਮਾਰੀਆਂ ਨਾਲ ਮਰ ਰਹੇ ਸਨ। ਕਿਤੇ ਕਾਲ ਪੈ ਜਾਂਦਾ ਤੇ ਕਿਤੇ ਭੁੱਖ ਮਰੀ।

ਗਵਾਂਢ ਦੇ ਕਿਸੇ ਘਰੋਂ ਮੁਰਗੇ ਨੇ ਬਾਂਗ ਦਿੱਤੀ। ਲੈ ਤੜਕਾ ਹੋ ਗਿਆ। ਨੀਂਦ ਉੱਕਾ ਨਹੀਂ ਆਈ। ਮੁੱਲਾਂ ਨੇ ਵੀ ਮਸੀਤ ਵਿਚੋਂ ਬਾਂਗ ਦੇ ਦਿੱਤੀ। ਸਾਰੇ ਪਿੰਡ ਵਿੱਚ ਦਿਨ ਚੜ੍ਹਨ ਦਾ ਅਹਿਸਾਸ ਘੁੰਮ ਗਿਆ। ਰਾਮ ਕੌਰ ਨੇ ਬਿਸਤਰੇ 'ਚੋਂ ਉਠਦਿਆਂ 'ਵਾਖਰੂ ਤੇਰਾ ਈ ਆਸਰਾ' ਆਖਿਆ। ਕੁਝ ਚਿਰ ਪਿਛੋਂ ਉਹ ਪੌੜੀਆਂ ਉੱਤਰ ਕੇ ਥੱਲੇ ਚਲੀ ਗਈ। ਈਸ਼ਰ ਉਸੇ ਤਰ੍ਹਾਂ ਪਿਆ ਰਿਹਾ। ਸਾਰੀ ਰਾਤ ਜਾਗਦੇ ਰਹਿਣ ਨਾਲ ਉਸ ਦਾ ਸਰੀਰ ਨਿਢਾਲ ਹੋ ਗਿਆ ਸੀ। ਈਸ਼ਰ ਦੀ ਸੁਰਤ ਫਿਰ ਕੈਨੇਡਾ ਚਲੀ ਗਈ। ਉਸ ਨੂੰ ਯਾਦ ਆਇਆ ਕਿ ਕੈਨੇਡਾ ਸਰਕਾਰ ਨੇ ਸਾਡੇ ਨਾਲ ਬਹੁਤ ਵਧੀਕੀਆਂ ਕੀਤੀਆਂ ਹਨ। ਕਾਮਾਗਾਟਾ ਮਾਰੂ ਜ਼ਹਾਜ਼ ਭਾਰਤੀਆਂ ਨੂੰ ਲੈ ਕੇ ਕੈਨੇਡਾ ਪਹੁੰਚ ਗਿਆ ਸੀ ਪਰ ਸਰਕਾਰ ਨੇ ਜਹਾਜ਼ ਨੂੰ ਵੈਨਕੋਵਰ ਨੇੜੇ ਸਮੁੰਦਰ ਵਿੱਚ ਹੀ ਰੋਕ ਲਿਆ। ਇੱਕ ਵੀ ਮੁਸਾਫ਼ਰ ਉਤਰਨ ਨਾ ਦਿੱਤਾ। ਮੁਸਾਫ਼ਰਾਂ ਦਾ ਭਰਿਆ ਜਹਾਜ਼ ਉਸੇ ਤਰ੍ਹਾਂ ਕਲਕੱਤੇ ਵੱਲ ਜ਼ਬਰਦਸਤੀ ਮੋੜ ਦਿੱਤਾ। ਉਦੋਂ ਹੀ ਦੁਨੀਆਂ ਦੀ ਵੱਡੀ ਜੰਗੀ ਲੱਗ ਗਈ। ਗਦਰ ਪਾਰਟੀ ਨੇ ਮੌਕੇ ਦੀ ਨਬਜ਼ ਪਛਾਣੀ ਕਿ ਹੁਣ ਅੰਗਰੇਜ਼ ਜੰਗ ਵਿੱਚ ਫਸ ਚੁੱਕੇ ਹਨ। ਹੁਣ ਸੰਘਰਸ਼ ਕਰਨ ਦਾ ਮੌਕਾ ਹੈ। ਵੈਰੀ ਨੂੰ ਭਾਜੜਾ ਪਾ ਦੇਣੀਆਂ ਚਾਹੀਦੀਆਂ ਹਨ। ਗਦਰ ਪਾਰਟੀ ਨੇ ਪ੍ਰੋਗਰਾਮ ਬਣਾ ਲਿਆ ਕਿ ਭਾਰਤ ਵਿਚ ਪਾਰਟੀ ਥਾਂ-ਥਾਂ ਗਦਰ ਮਚਾਏਗੀ। ਇਸ ਕੰਮ ਲਈ ਭਾਰਤ ਦੀਆਂ ਸਭ ਫੌਜੀ ਛਾਉਣੀਆਂ ਵਿੱਚ ਭਾਰਤੀ ਫੌਜਾਂ ਨੂੰ ਨਾਲ ਜੋੜਨ ਦਾ ਯਤਨ ਕੀਤਾ ਜਾਵੇਗਾ। ਅੰਗਰੇਜਾਂ ਨੂੰ ਹਰ ਹੀਲੇ ਦੇਸ਼ ਵਿੱਚੋਂ ਕੱਢਣਾ ਹੈ। ਮਿੰਨਤਾ ਨਾਲ ਅਜ਼ਾਦੀ ਨਹੀਂ ਮਿਲਣੀ। ਅਜ਼ਾਦੀ ਲਈ ਤਾਂ ਕੁਰਬਾਨੀਆਂ ਕਰਨੀਆਂ

ਪੈਣਗੀਆਂ। ਗਦਰ ਪਾਰਟੀ ਦੇ ਮੈਂਬਰਾ ਵਿੱਚ ਅਥਾਹ ਜੋਸ਼ ਪੈਦਾ ਹੋ ਗਿਆ। ਮਰਨ ਮਿਟਣ ਦੀ ਭਾਵਨਾ ਉਤਪੰਨ ਹੋ ਗਈ। ਹਰ ਪਾਰਟੀ ਮੈਂਬਰ ਦੇਸ਼ ਉੱਤੋਂ ਜਾਨ ਵਾਰਨ ਨੂੰ ਤਿਆਰ ਹੋ ਗਿਆ। ਪਾਰਟੀ ਦਾ ਇਕੋ ਨਾਅਰਾ ਸੀ 'ਗਦਰ'। ਗਦਰ ਜ਼ਰੂਰ ਹੋਵੇਗਾ। ਇਸ ਤਰ੍ਹਾਂ ਗਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਅੱਠ ਹਜ਼ਾਰ ਦੇ ਲਗਭਗ ਗਦਰੀ ਆਗੂ ਤੇ ਵਰਕਰ ਅਮਰੀਕਾ ਤੇ ਕੈਨੇਡਾ ਤੋਂ ਵੱਖੋ-ਵੱਖ ਜਹਾਜ਼ਾਂ ਰਾਹੀਂ ਭਾਰਤ ਪਹੁੰਚ ਗਏ।

ਈਸ਼ਰ ਸਿੰਘ ਵੀ ਪਾਰਟੀ ਦਾ ਹੁਕਮ ਮੰਨ ਕੇ ਪਾਖਰ ਸਿੰਘ ਤੇ ਉਤਮ ਸਿੰਘ ਹਾਂਸ ਦੇ ਨਾਲ ਦੇਸ਼ ਪਰਤ ਆਇਆ। ਇਨ੍ਹਾਂ ਨੂੰ ਪੁਲਿਸ ਨੇ ਲੁਧਿਆਣੇ ਪਹੁੰਚਣ ਸਾਰ ਗ੍ਰਿਫਤਾਰ ਕਰ ਲਿਆ ਜਿਵੇਂ ਖੁਫ਼ੀਆ ਪੁਲੀਸ ਉਨ੍ਹਾਂ ਨੂੰ ਪਹਿਲਾਂ ਹੀ ਉਡੀਕ ਰਹੀ ਸੀ। ਕਈ ਦਿਨ ਪੁੱਛਗਿੱਛ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ। ਈਸ਼ਰ ਸਿੰਘ ਤੇ ਪਾਖਰ ਸਿੰਘ ਹੋਰੀਂ ਪਿੰਡ ਆਏ ਤਾਂ ਉਨ੍ਹਾਂ ਨੂੰ ਪਿੰਡ ਵਿੱਚ ਜੂਹਬੰਦ ਕਰ ਦਿੱਤਾ ਗਿਆ।

ਈਸ਼ਰ ਸਿੰਘ ਜੂਹਬੰਦੀ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ। ਉਸ ਨੂੰ ਇਹ ਵੀ ਪਤਾ ਸੀ ਕਿ ਪੁਲੀਸ ਉਨ੍ਹਾਂ ਉੱਤੇ ਨਿਗਾਹ ਰੱਖ ਰਹੀ ਹੈ ਪਰ ਉਹ ਆਪਣੀ ਸਰਗਰਮੀ ਲਗਾਤਾਰ ਰੱਖ ਰਿਹਾ ਸੀ। ਜਿੱਥੇ ਵੀ ਚਾਰ ਬੰਦੇ ਜੁੜੇ ਹੁੰਦੇ ਉਹ ਆਪਣਾ ਪਰਚਾਰ ਸ਼ੁਰੂ ਕਰ ਦਿੰਦਾ। ਈਸ਼ਰ ਸਿੰਘ ਨੇ ਪਾਲਾ ਸਿੰਘ, ਪਾਖਰ ਸਿੰਘ ਤੇ ਸ਼ਾਮ ਸਿੰਘ ਨਾਲ ਮਿਲ ਕੇ ਪਿੰਡ ਵਿਚ ਗਦਰ ਪਾਰਟੀ ਦੀ ਇੱਕ ਇਕਾਈ ਕਾਇਮ ਕਰ ਲਈ। ਮਾਸਟਰ ਫੇਰਾ ਸਿੰਘ, ਪਾਲਾ ਸਿੰਘ ਵੱਡਾ, ਮਹਿੰਦਰ ਸਿੰਘ, ਅਰੂੜ ਸਿੰਘ, ਸੁੰਦਰ ਸਿੰਘ ਤੇ ਬਚਨ ਸਿੰਘ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ।

ਰਾਤ ਵਾਲੀ ਮੀਟਿੰਗ ਵਿਚ ਪਿੰਡ ਦੇ ਸਾਰੇ ਪਾਰਟੀ ਮੈਂਬਰ ਹਾਜ਼ਰ ਸਨ। ਈਸ਼ਰ ਦਾ ਤਾਂ ਜਿਵੇਂ ਸੇਰ ਲਹੂ ਵਧ ਗਿਆ। ਫਿਰ ਈਸ਼ਰ ਹਿੰਮਤ ਕਰਕੇ ਉੱਠਿਆ ਤੇ ਖੇਸ ਦੀ ਬੁੱਕਲ ਮਾਰ ਕੇ ਜੰਗਲ ਪਾਣੀ ਲਈ ਖੇਤਾਂ ਵੱਲ ਚੱਲ ਪਿਆ। ਖੇਤਾਂ ਵਿੱਚੋਂ ਜਦੋਂ ਉਹ ਘਰ ਵਾਪਸ ਆਇਆ ਤਾਂ ਈਸ਼ਰ ਸਿੰਘ ਇਕਦਮ ਹੈਰਾਨ ਹੋ ਗਿਆ। ਸਬਾਤ ਵਿੱਚ ਉਸ ਦੇ ਮਾਂ ਬਾਪ ਕੋਲ ਉੱਤਮ ਸਿੰਘ ਹਾਂਸ ਕਲਾਂ ਤੋਂ ਆਇਆ ਬੈਠਾ ਸੀ। ਕਿੱਥੇ ਢੁੱਡੀਕੇ ਤੇ ਕਿੱਥੇ ਹਾਂਸ।

"ਏਨਾ ਸਵੱਖਤੇ! ਈਸ਼ਰ ਸਿੰਘ ਨੇ ਹੈਰਾਨੀ ਵਿੱਚ ਹੌਲੀ ਜਿਹੀ ਬੋਲਿਆ।

"ਹੁਣ ਤਾਂ ਏਸੇ ਤਰ੍ਹਾਂ ਕੰਮ ਕਰਨਾ ਪਊਗਾ!" ਉਤਮ ਸਿੰਘ ਜਰਾ ਕੁ ਮੁਸਕਰਾਇਆ।

"ਗੱਲ ਸੋਲਾਂ ਆਨੇ ਸਹੀ!" ਈਸ਼ਰ ਉਸ ਵੱਲ ਡੂੰਘਾ-ਡੂੰਘਾ ਵੇਖਣ ਲੱਗਾ ਤੇ ਫਿਰ ਦੋਵੇਂ ਸਾਥੀ ਚੁਬਾਰੇ ਵਿਚ ਆ ਬੈਠੇ।

"ਢੁੱਡੀਕੇ ਪਿੰਡ ਵਿੱਚ ਗਦਰ ਪਾਰਟੀ ਨੇ ਵਿਸ਼ੇਸ਼ ਮੀਟਿੰਗ ਰੱਖੀ ਹੈ। ਪੰਜਾਬ ਦੇ ਵੱਡੇ ਲੀਡਰ ਆਉਣਗੇ। ਅੱਜ ਤੋਂ ਤਿਆਰੀ ਕਰੋ!" ਈਸ਼ਰ ਸਿੰਘ ਪਾਰਟੀ ਦੇ ਵੱਡੇ ਲੀਡਰਾਂ ਦੇ ਨਾਮ ਸੁਣ ਕੇ ਖੁਸ਼ ਹੋ ਗਿਆ। ਉਸ ਦੇ ਦਿਲ ਵਿੱਚ ਨਵਾਂ ਜੋਸ਼ ਭਰ ਗਿਆ।

# ਦੋ

ਮਾਘ ਮਹੀਨਾ ਹਾਲੇ ਥੋੜ੍ਹੇ ਦਿਨ ਹੀ ਗਿਆ ਸੀ। ਸਿਆਲੂ ਠੰਢ ਪੂਰੀ ਤਰ੍ਹਾਂ ਛਾਈ ਹੋਈ ਸੀ। ਖੇਤਾਂ ਵਿੱਚ ਹੁਣ ਕੰਮ ਵੀ ਬਹੁਤਾ ਨਹੀਂ ਸੀ। ਲੋਕ ਖੇਤਾਂ ਵਿੱਚੋਂ ਪੱਠੇ ਵੱਢ ਲਿਆਉਂਦੇ ਤੇ ਘਰ ਆ ਕੇ ਪਸ਼ੂ ਸੰਭਾਲਦੇ। ਵਿਹਲੇ ਬੰਦੇ ਘਰੋਂ ਬਾਹਰ ਖੁੰਢਾਂ ਉਤੇ ਬੈਠ ਕੇ ਧੁੱਪ ਸੇਕਦੇ। ਅੱਜ ਈਸ਼ਰ ਵੀ ਸਵੱਖਤੇ ਪੱਠੇ ਵੱਢ ਲਿਆਇਆ। ਅੱਜ ਢੁੱਡੀਕੇ ਪਿੰਡ ਵਿੱਚ ਗਦਰ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਰੱਖੀ ਹੋਈ ਸੀ। ਪਾਰਟੀ ਦੇ ਵੱਡੇ ਨੇਤਾਵਾਂ ਨੇ ਆਉਣਾ ਸੀ। ਈਸ਼ਰ ਸਿੰਘ, ਪਾਲਾ ਸਿੰਘ ਤੇ ਪਾਖਰ ਸਿੰਘ ਨੇ ਪਿੰਡ ਦੇ ਸਾਰੇ ਪਾਰਟੀ ਮੈਂਬਰਾਂ ਨੂੰ ਮੀਟਿੰਗ ਵਿੱਚ ਪਹੁੰਚਣ ਲਈ ਸੁਨੇਹੇ ਦੇ ਦਿੱਤੇ ਸਨ। ਮੀਟਿੰਗ ਦਾ ਪ੍ਰਬੰਧ ਪਿੰਡੋਂ ਬਾਹਰਵਾਰ ਖੇਤਾਂ ਵਿੱਚ ਗੋਖੂਆਣੇ ਕੀਤਾ ਹੋਇਆ ਸੀ। ਇਹ ਖੇਤਾਂ ਵਿੱਚ ਸੰਘਣੇ ਰੁੱਖਾਂ ਦੀ ਇੱਕ ਝਿੜੀ ਸੀ। ਇਧਰ ਆਵਾਜਾਈ ਬਹੁਤ ਘੱਟ ਸੀ ਜਿਸ ਕਰਕੇ ਇਸ ਜਗ੍ਹਾ ਦੀ ਚੋਣ ਕੀਤੀ ਸੀ।

ਈਸ਼ਰ ਨੇ ਨਹਾ ਕੇ ਉਹੀ ਪੁਰਾਣਾ ਖੱਦਰ ਦਾ ਕਮੀਜ਼ ਪਜ਼ਾਮਾ ਪਹਿਨ ਲਿਆ। ਸਿਰ ਉੱਤੇ ਪਰਨਾ ਬੰਨ੍ਹ ਲਿਆ। ਡੱਬੀਆਂ ਵਾਲੇ ਖੇਸ ਦੀ ਬੁੱਕਲ ਮਾਰ ਕੇ ਉਹ ਗੋਖੂਆਣੇ ਵੱਲ ਚੱਲ ਪਿਆ। ਡੱਬ ਵਿੱਚ ਉਸ ਨੇ ਪਸਤੌਲ ਰੱਖ ਲਿਆ ਸੀ। ਉਹ ਘਰ ਤੋਂ ਹਾਲੇ ਥੋੜ੍ਹੀ ਦੂਰ ਹੀ ਗਿਆ ਸੀ। ਘਰਾਂ ਵਿੱਚੋਂ ਤਾਈ ਲੱਗਦੀ ਅਤਰੀ ਬੁੜ੍ਹੀ ਮਿਲ ਪਈ।

"ਵੇ ਪੁੱਤ ਕਿਧਰ ਨੂੰ ਚੱਲਿਐਂ? " ਅਤਰੀ ਸਹਿਜ ਸੁਭਾ ਬੋਲੀ।

"ਤਾਈ ਬਾਪੂ ਵਾਸਤੇ ਦਵਾਈ ਲੈਣ ਚੱਲਿਆਂ!"

"ਮੈਂ ਤਾਂ ਪੁੱਤ ਰੂੜੇ ਬੁੜ੍ਹੇ ਦੀ ਖਬਰ ਨੂੰ ਚੱਲੀ ਆ। ਕਹਿੰਦੇ ਪਰਸੋਂ ਦਾ ਉਸ ਦਾ ਘੰਡ ਵੱਜੀ ਜਾਂਦਾ। ਹੁਣ ਤਾਂ ਸਾਹਾਂ 'ਤੇ ਪਿਆ। ਮੈਂ ਕਿਹਾ ਭੱਜ ਕੇ ਉਹਦਾ ਪਤਾ ਲੈ ਆਵਾਂ। ਅੱਗ ਲੱਗਣਾ ਤੁਰਿਆ ਕਿਹੜਾ ਜਾਂਦਾ!" ਅਤਰੀ ਆਪ ਮੁਹਾਰੇ ਬੋਲਦੀ ਗਈ। ਈਸ਼ਰ ਆਸੇ ਪਾਸੇ ਵੇਖਦਾ ਚੁੱਪਚਾਪ ਤੁਰਦਾ ਗਿਆ। ਨਿੱਕੇ ਨਿੱਕੇ ਕੱਚੇ ਘਰ। ਕੱਚੇ ਰਾਹ। ਈਸਰ ਇੱਕ ਮੋੜ ਮੁੜਿਆ। ਅੱਗੇ ਇੱਕ ਖੁੰਢ ਉਤੇ ਬੈਠੇ ਭਾਨਾ ਤੇ ਜਵਾਲਾ ਗਰ੍ਹਨੇ ਕੱਢ ਰਹੇ ਸਨ। ਈਸ਼ਰ ਨੂੰ ਵੇਖ ਕੇ ਜਵਾਲਾ ਪਹਿਲਾਂ ਹੀ ਬੋਲ ਪਿਆ, "ਭਤੀਜ ਕਿਧਰ ਨੂੰ? "

"ਚਾਚਾ, ਬਾਪੂ ਰਾਤ ਦਾ ਕੁੱਝ ਢਿੱਲਾ ਜਿਹਾ । ਵੈਦ ਤੋਂ ਦਵਾਈ ਲੈਣ ਚੱਲਿਆਂ !" ਤੁਰੇ ਜਾਂਦੇ ਈਸ਼ਰ ਨੇ ਜਵਾਬ ਦਿੱਤਾ।

"ਦੋ ਚਾਰ ਦਿਨ ਉਸ ਨੂੰ ਦੇਸੀ ਘਿਓ ਦਾ ਕੜਾਹ ਕਰਕੇ ਖੁਆਓ। ਜੇ ਘੋੜੇ ਵਰਗਾ ਨਾ ਹੋ ਗਿਆ ਤਾਂ ਮੈਨੂੰ ਆਖੀ!" ਜਵਾਲਾ ਬੋਲਿਆ।

'ਲੈ ਇਸ ਨੇ ਤਾਂ ਦੇ ਦਿੱਤਾ ਨੁਸਖਾ!' ਜਵਾਲੇ ਦੀ ਗੱਲ ਕੇ ਈਸ਼ਰ ਅੰਦਰੇ ਅੰਦਰ ਹੱਸਿਆ। ਅੱਗੇ ਤੇਲੀਆਂ ਦਾ ਹੁਸੈਨਾ ਦਾਤੀ ਚੁੱਕੀ ਕੋਲ ਦੀ ਲੰਘਿਆ। ਈਸ਼ਰ ਚੁੱਪ ਚਾਪ ਤੁਰਦਾ ਗਿਆ। ਪਿੰਡ ਦੀ ਨਿਆਈਂ ਵਿੱਚ ਪਾਖਰ ਸਿੰਘ ਦੇ ਘਰਾਂ ਦਾ ਖੂਹ ਆ

ਗਿਆ। ਖੂਹ ਕੋਲ ਦੀ ਹੁੰਦਾ ਹੋਇਆ ਈਸ਼ਰ ਖੇਤਾਂ ਦੇ ਵੰਨੇ ਵੰਨੇ ਤੁਰ ਪਿਆ। ਖੇਤ ਹਰਿਆਲੀ ਨਾਲ ਖਿੜੇ ਹੋਏ ਸਨ। ਕਣਕ, ਜੌਂ, ਛੋਲੇ ਤੇ ਸਰ੍ਹੋਂ ਨੇ ਖੇਤਾਂ ਨੂੰ ਖੇੜੇ ਨਾਲ ਭਰ ਦਿੱਤਾ ਸੀ। ਫਸਲਾਂ ਵਿੱਚ ਕੰਡੇਦਾਰ ਪੋਹਲੀ ਵੀ ਪੂਰੀ ਵਿਖਾਈ ਦੇ ਰਹੀ ਸੀ।

ਈਸ਼ਰ ਨੇ ਦੂਰ ਤੱਕ ਝਾਤ ਮਾਰੀ। ਸਾਹਮਣੇ ਸੰਘਣੀ ਝਿੜੀ ਵਿਖਾਈ ਦੇ ਰਹੀ ਸੀ। ਈਸ਼ਰ ਚੁੱਪ ਚਾਪ ਝਿੜੀ ਵਿੱਚ ਪਹੁੰਚ ਗਿਆ। ਉਜਾੜ ਤੇ ਸੁੰਨੀ ਜਗ੍ਹਾ। ਈਸ਼ਰ ਇੱਕ ਕੋਨੇ ਵਿੱਚ ਆ ਕੇ ਬੈਠ ਗਿਆ। ਘਾਹ ਫੂਸ ਤੇ ਰੁੱਖਾਂ ਦੇ ਪੱਤਿਆਂ ਨੇ ਜ਼ਮੀਨ ਨੂੰ ਢਕਿਆ ਹੋਇਆ ਸੀ। ਚਿੜੀਆਂ ਤੇ ਗੁਟ੍ਹਾਰਾਂ ਨੇ ਚੋਲ੍ਹਰ ਪਾਇਆ ਹੋਇਆ ਸੀ। ਛਾਂ ਹੋਣ ਕਰਕੇ ਇਹ ਥਾਂ ਹੋਰ ਵੀ ਠੰਢੀ ਲੱਗ ਰਹੀ ਸੀ। ਆਸੇ ਪਾਸੇ ਜ਼ਰਾ ਵੀ ਖੜਾਕ ਹੁੰਦਾ ਤਾਂ ਈਸ਼ਰ ਝੱਟ ਉਧਰ ਝਾਕਦਾ।

ਕੁਝ ਚਿਰ ਬਾਅਦ ਕਾਲੀ ਦਾਹੜੀ ਤੇ ਸਾਦਗੀ ਦੀ ਮੂਰਤ ਰੂੜ ਸਿੰਘ ਚੂਹੜਚੱਕ ਆ ਗਿਆ। ਦੋਵੇਂ ਸਾਥੀ ਬੜੇ ਤਪਾਕ ਨਾਲ ਮਿਲੇ। ਰੂੜ ਸਿੰਘ ਗਦਰ ਪਾਰਟੀ ਦੇ ਮੋਢੀਆਂ ਵਿੱਚੋਂ ਸੀ। ਕੁਝ ਚਿਰ ਬਾਅਦ ਪਾਲਾ ਸਿੰਘ, ਪਾਖਰ ਸਿੰਘ, ਪਾਲਾ ਸਿੰਘ ਵੱਡਾ, ਬਚਨ ਸਿੰਘ, ਮਹਿੰਦਰ ਸਿੰਘ, ਸ਼ਾਮ ਸਿੰਘ, ਅਰੂੜ ਸਿੰਘ ਤੇ ਮਾਸਟਰ ਫੇਰਾ ਸਿੰਘ ਹੋਰੀਂ ਆ ਗਏ। ਈਸ਼ਰ ਨੇ ਮਾਸਟਰ ਫੇਰਾ ਸਿੰਘ ਨੂੰ ਤਾਂ ਪਿੰਡ ਨੂੰ ਭੇਜ ਦਿੱਤਾ ਤਾਂ ਕਿ ਪਿੰਡ ਦੀ ਖਬਰਸਾਰ ਦਾ ਪਤਾ ਲੱਗੇ। ਮਾਸਟਰ ਫੇਰਾ ਸਿੰਘ ਉਥੋਂ ਸਰ੍ਹੋਂ ਦਾ ਸਾਗ ਤੋੜ ਕੇ ਪਿੰਡ ਨੂੰ ਤੁਰ ਗਿਆ। ਹੌਲੀ-ਹੌਲੀ ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਉਤਮ ਸਿੰਘ ਹਾਂਸ ਤੇ ਨੰਦ ਸਿੰਘ ਕੈਲੇ ਹੋਰੀਂ ਆ ਗਏ। ਸਭ ਦੇ ਚਿਹਰੇ ਖਿੜੇ ਹੋਏ ਤੇ ਜੋਸ਼ ਨਾਲ ਭਰੇ ਹੋਏ ਸਨ। ਅੱਖਾਂ ਵਿੱਚ ਇੱਕ ਅਜੀਬ ਚਮਕ ਸੀ। ਦੋ ਬੰਦੇ ਤਾਂ ਬਾਹਰਲੀ ਬਿੜਕ ਰੱਖਣ ਲਈ ਝਿੜੀ ਬਾਹਰਲੇ ਪਾਸੇ ਹੋ ਕੇ ਬੈਠ ਗਏ। ਫਿਰ ਸਾਰੇ ਜਣੇ ਘਾਹ ਫੂਸ ਉਤੇ ਹੀ ਗੋਲ ਦਾਇਰਾ ਬਣਾ ਕੇ ਬੈਠ ਗਏ । ਰੂੜ ਸਿੰਘ ਚੂਹੜਚੱਕ ਸਭ ਤੋਂ ਪਹਿਲਾਂ ਗੱਲ ਕਰਨ ਲੱਗਾ, "ਭਰਾਵੋ, ਤੁਹਾਨੂੰ ਸਾਰਿਆਂ ਨੂੰ ਜੀ ਆਇਆਂ। ਇਹ ਖੁਸ਼ੀ ਦੀ ਗੱਲ ਹੈ ਕਿ ਇਸ ਮੀਟਿੰਗ ਵਿੱਚ ਪਿੰਡ ਢੁੱਡੀਕੇ ਦੇ ਸਾਥੀ ਕਾਫੀ ਗਿਣਤੀ ਵਿੱਚ ਆਏ ਹਨ। ਗਦਰ ਪਾਰਟੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇੱਕ ਵੱਡਾ ਪ੍ਰੋਗਰਾਮ ਉਲੀਕਿਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਸਾਡੇ ਗਦਰੀ ਭਰਾ ਬਦੇਸ਼ਾਂ ਦੀ ਧਰਤੀ ਉਤੇ ਆਪਣੀਆਂ ਜਾਇਦਾਦਾਂ ਛੱਡ ਕੇ ਦੇਸ਼ ਵਿੱਚ ਆ ਪਹੁੰਚੇ ਹਨ। ਸਾਡੀ ਲੜਾਈ ਹੁਣ ਸ਼ੁਰੂ ਹੋ ਚੁੱਕੀ ਹੈ!" ਸਾਰੇ ਜਣੇ ਬੜੇ ਧਿਆਨ ਨਾਲ ਰੂੜ ਸਿੰਘ ਦੀਆਂ ਗੱਲਾਂ ਸੁਣ ਰਹੇ ਸਨ। ਰੂੜ ਸਿੰਘ ਬੈਠ ਕੇ ਹੀ ਗੱਲ ਕਰ ਰਿਹਾ ਸੀ। ਅਵਾਜ਼ ਹੌਲੀ-ਹੌਲੀ ਆ ਰਹੀ ਸੀ। "ਅਸੀਂ ਸਾਰੇ ਬਾਹਰ ਬੈਠੇ ਅਰਾਮ ਦੀ ਰੋਟੀ ਖਾਂਦੇ ਸੀ ਪਰ ਦੇਸ਼ ਵਿੱਚ ਤਾਂ ਕਾਲ ਪੈ ਰਹੇ ਐ। ਲੋਕ ਭੁੱਖ ਨਾਲ ਮਰ ਰਹੇ ਐ। ਸਾਡਾ ਦੇਸ਼ ਗੁਲਾਮ ਹੈ। ਅੰਗਰੇਜ਼ ਸਾਡੇ ਦੇਸ਼ ਨੂੰ ਲੁੱਟ ਲੁੱਟ ਕੇ ਖਾ ਰਹੇ ਐ। ਦੇਸ਼ ਦਾ ਕੱਚਾ ਮਾਲ ਵਲਾਇਤ ਪਹੁੰਚ ਰਿਹੈ। ਏਥੇ ਸਮਾਨ ਮਹਿੰਗਾ ਵਿਕ ਰਿਹੈ। ਨਿੱਤ ਨਵੇਂ ਟੈਕਸ। ਸੁਣਵਾਈ ਕਿਤੇ ਵੀ ਨਹੀਂ। ਅੰਗਰੇਜ਼ਾਂ ਦਾ ਜ਼ੁਲਮ

ਦਿਨੋ ਦਿਨ ਵਧ ਰਿਹੈ। ਗਦਰੀਆਂ ਨੇ ਇਸ ਜ਼ਾਲਮ ਕੌਮ ਨੂੰ ਏਥੋਂ ਕੱਢਣ ਲਈ ਆਪਣੇ ਦੇਸ਼ ਨੂੰ ਚਾਲੇ ਪਾਏ ਐ। ਅਸੀਂ ਇੱਕ ਦਿਨ ਗਦਰ ਜ਼ਰੂਰ ਕਰਾਂਗੇ ਤੇ ਦੇਸ਼ ਨੂੰ ਆਜ਼ਾਦ ਕਰਾਵਾਂਗੇ।"

"ਦੇਸ਼ ਨੂੰ ਆਜ਼ਾਦ ਕਰਵਾ ਕੇ ਹੀ ਦਮ ਲਵਾਂਗੇ!" ਅਰੂੜ ਸਿੰਘ ਦੁਸਾਂਝ ਬੋਲਿਆ। ਸਾਰੇ ਜਣੇ ਅਰੂੜ ਸਿੰਘ ਵੱਲ ਝਾਕੇ। ਅਰੂੜ ਸਿੰਘ ਦਾ ਪਿੰਡ ਤਾਂ ਤਲਵੰਡੀ ਦੁਸਾਂਝ ਸੀ ਪਰ ਉਹ ਆਪਣੀ ਰਿਸ਼ਤੇਦਾਰੀ ਵਿੱਚ ਢੁੱਡੀਕੇ ਹੀ ਰਹਿੰਦਾ ਸੀ।

ਰੂੜ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, "ਭਰਾਵੋ, ਅਸੀਂ ਬਦੇਸ਼ਾਂ ਤੋਂ ਬਹੁਤ ਮੁਸ਼ਕਲਾਂ ਨਾਲ ਦੇਸ਼ ਵਿੱਚ ਪਹੁੰਚੇ ਆਂ। ਕਈਆਂ ਦਾ ਸਾਰਾ ਕੁਝ ਹੀ ਉਧਰ ਰਹਿ ਗਿਆ ਪਰ ਗਦਰੀਆਂ ਨੂੰ ਕੋਈ ਪ੍ਰਵਾਹ ਨਹੀਂ। ਪਾਰਟੀ ਦੇ ਵੱਡੇ ਲੀਡਰ ਕਰਤਾਰ ਸਰਾਭੇ ਹੋਰੀਂ ਦੇਸ਼ ਦੀਆਂ ਫੌਜੀ ਛਾਉਣੀਆਂ ਵਿੱਚ ਸੰਪਰਕ ਕਰਕੇ ਭਾਰਤੀ ਫੌਜ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਐ ਪਰ ਸਾਡੇ ਦੇਸ਼ ਵਾਸੀ ਤਾਂ ਹਾਲੇ ਸੁੱਤੇ ਪਏ ਐ। ਦੂਜੇ ਪਾਸੇ ਵੱਡੇ ਲੀਡਰ ਸਾਡੀ ਪੇਸ਼ ਨਹੀਂ ਜਾਣ ਦਿੰਦੇ। ਦੁਨੀਆ ਦੀ ਵੱਡੀ ਜੰਗ ਲੱਗੀ ਹੋਈ ਐ। ਅੰਗਰੇਜ਼ ਇਸ ਜੰਗ ਵਿੱਚ ਬੁਰੀ ਤਰ੍ਹਾਂ ਉਲਝੇ ਹੋਏ ਐ। ਸਾਡੇ ਲਈ ਇਹ ਸੁਨਹਿਰੀ ਮੌਕਾ ਹੈ। ਇਧਰ ਗਾਂਧੀ ਵਰਗੇ ਲੀਡਰ ਅੰਗਰੇਜ਼ ਸਰਕਾਰ ਦੀ ਮਦਦ ਕਰ ਰਹੇ ਐ।"

"ਬਾਈ ਉਹ ਕਿਵੇਂ? " ਅਰੂੜ ਸਿੰਘ ਝੱਟ ਬੋਲਿਆ।

"ਗਾਂਧੀ ਸਾਡੇ ਨੌਜਵਾਨਾਂ ਨੂੰ ਅਪੀਲਾਂ ਕਰ ਰਿਹੈ ਕਿ ਤੁਸੀਂ ਫੌਜ ਵਿੱਚ ਭਰਤੀ ਹੋਵੋ ਤੇ ਅੰਗਰੇਜ਼ਾਂ ਦਾ ਸਾਥ ਦਿਓ। ਜੰਗ ਖਤਮ ਹੋ ਗਈ ਤਾਂ ਅੰਗਰੇਜ਼ ਸਾਨੂੰ ਆਜ਼ਾਦੀ ਦੇ ਦੇਣਗੇ।" ਰੂੜ ਸਿੰਘ ਦੀ ਗੱਲ ਸੁਣ ਕੇ ਅਰੂੜ ਸਿੰਘ ਫੇਰ ਬੋਲਿਆ, "ਇਹ ਗਾਂਧੀ ਰਹਿੰਦਾ ਕਿਥੇ ਐ ਮੈਨੂੰ ਦੱਸੋ ਪਹਿਲਾਂ? "

"ਉਹ ਤਾਂ ਸਾਰੇ ਦੇਸ਼ ਵਿੱਚ ਤੁਰਿਆ ਫਿਰਦਾ? " ਰੂੜ ਸਿੰਘ ਬੋਲਿਆ, "ਕੋਈ ਨਾ ਉਸ ਨੂੰ ਏਥੇ ਆਉਣ ਦਿਓ। ਉਸ ਨੂੰ ਟਾਹਲੀ ਨਾਲ ਨਾ ਬੰਨ੍ਹਿਆ ਤਾਂ ਮੈਨੂੰ ਅਰੂੜ ਸਿੰਘ ਨਾ ਆਖਿਓ।"

ਅਰੂੜ ਸਿੰਘ ਦੀ ਗੱਲ ਸੁਣ ਕੇ ਸਾਰੇ ਜਣੇ ਹੱਸ ਪਏ। ਰੂੜ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, "ਗੱਲ ਇਕੱਲੇ ਗਾਂਧੀ ਦੀ ਨਹੀਂ। ਦੇਸ਼ ਦੀਆਂ ਰਿਆਸਤਾਂ ਦੇ ਰਾਜੇ, ਸਫੈਦ ਪੋਸ਼, ਜਗੀਰਦਾਰ ਤੇ ਪਿੰਡਾਂ ਦੇ ਬਹੁਤੇ ਲੰਬੜਦਾਰ ਅੰਗਰੇਜ਼ਾਂ ਦੇ ਝੋਲੀ ਚੁੱਕ ਬਣੇ ਬੈਠੇ ਆ। ਸੰਪੂਰਨ ਆਜ਼ਾਦੀ ਦੀ ਗੱਲ ਕਰਨ ਵਾਲੇ ਗਦਰੀਆਂ ਨੂੰ ਇਹ ਗਲਤ ਰਹਿ ਰਹੇ ਐ।

"ਇਹ ਲੋਕ ਐਸ਼ਪ੍ਰਸਤੀ ਵਿੱਚ ਪੈ ਗਏ ਤੇ ਆਪਣੇ ਭਰਾਵਾਂ ਨੂੰ ਵੀ ਭੁੱਲ ਗਏ।" ਬੰਤਾ ਸਿੰਘ ਸੰਘਵਾਲ ਬੋਲਿਆ।

"ਬਿਲਕੁਲ ਸਹੀ ਗੱਲ!" ਈਸ਼ਰ ਸਿੰਘ ਨੇ ਵੀ ਬੰਤਾ ਸਿੰਘ ਦੀ ਗੱਲ ਦੀ ਪਰੋੜਤਾ ਕੀਤੀ।

"ਅੱਛਾ, ਹੁਣ ਆਪਾਂ ਅਗਲੀ ਗੱਲ ਵੱਲ ਆਈਏ? " ਏਨੀ ਗੱਲ ਆਖ ਕੇ ਰੂੜ ਸਿੰਘ ਸਾਰਿਆਂ ਵੱਲ ਝਾਕਿਆ। ਸਾਰੇ ਹੋਰ ਵੀ ਗੰਭੀਰ ਹੋ ਗਏ। ਰੂੜ ਸਿੰਘ ਆਪਣੀ ਗੱਲ ਕਹਿਣ ਲੱਗਾ, "ਭਰਾਵੋ, ਅਸੀਂ ਮੁਕਤਸਰ ਮਾਘੀ ਦੇ ਮੇਲੇ ਉਤੇ ਗਏ ਸੀ। ਉਥੇ ਪਾਰਟੀ ਦੀ ਭਰਵੀਂ ਮੀਟਿੰਗ ਹੋਈ ਸੀ। ਲਹੌਰ ਤੋਂ ਵਿਸ਼ਨੂੰ ਗਣੇਸ਼ ਪਿੰਗਲੇ ਉਚੇਚੇ ਤੌਰ 'ਤੇ ਆਇਆ ਸੀ। ਬੰਗਾਲ ਦੇ ਸਚਿੰਦਰ ਨਾਥ ਸਨਿਆਲ ਨੇ ਉਸ ਨੂੰ ਭੇਜਿਆ। ਸਨਿਆਲ ਅੱਜ ਕੱਲ੍ਹ ਲਾਹੌਰ ਵਿੱਚ ਠਹਿਰਿਆ ਹੋਇਆ ਤੇ ਉਹ ਰਾਸ ਬਿਹਾਰੀ ਬੋਸ ਦੀ ਸੱਜੀ ਬਾਂਹ ਹੈ।" ਈਸ਼ਰ ਸਿੰਘ ਬੜੇ ਧਿਆਨ ਨਾਲ ਰੂੜ ਸਿੰਘ ਦੀ ਗੱਲ ਸੁਣ ਰਿਹਾ ਸੀ ਕਿਉਂਕਿ ਪਿੰਡ ਦੀ ਜੂਹਬੰਦੀ ਕਾਰਨ ਉਹ ਮੁਕਤਸਰ ਨਹੀਂ ਸੀ ਜਾ ਸਕਿਆ। ਰੂੜ ਸਿੰਘ ਦੀ ਗੱਲ ਜਾਰੀ ਸੀ, "ਮਾਘੀ ਦੇ ਮੇਲੇ ਉਤੇ ਫੈਸਲਾ ਹੋਇਆ ਕਿ ਕਿਸੇ ਨੇ ਵੀ ਪੁਲੀਸ ਦੇ ਹੱਥ ਨਹੀਂ ਆਉਣਾ। ਆਪਣਾ ਪੂਰਾ ਬਚਾਅ ਕਰਨਾ ਹੈ। ਪਾਰਟੀ ਨੂੰ ਪੈਸੇ ਦੀ ਤੇ ਹਥਿਆਰਾਂ ਦੀ ਲੋੜ ਹੈ। ਅਸੀਂ ਇਕੱਠੇ ਹੋ ਕੇ ਹਰ ਹੀਲੇ ਪੈਸੇ ਤੇ ਹਥਿਆਰ ਇਕੱਠੇ ਕਰਨੇ ਹਨ। ਇਸ ਲਈ ਸਾਨੂੰ ਭਲਾ ਡਾਕੇ ਮਾਰਨੇ ਪੈਣ ਪਰ ਪਾਰਟੀ ਦਾ ਹੁਕਮ ਹੈ ਕਿ ਡਾਕੇ ਅਸੀਂ ਆਮ ਲੋਕਾਂ ਦੇ ਘਰਾਂ ਵਿੱਚ ਨਹੀਂ ਮਾਰਨੇ। ਕਿਸੇ ਗਰੀਬ ਨੂੰ ਤੰਗ ਨਹੀਂ ਕਰਨਾ। ਡਾਕੇ ਸਿਰਫ ਉਨ੍ਹਾਂ ਦੇ ਘਰਾਂ ਵਿੱਚ ਮਾਰੇ ਜਾਣ ਜਿਹੜੇ ਗਰੀਬਾਂ ਨੂੰ ਤੰਗ ਕਰਦੇ ਐ ਅੰਗਰੇਜ਼ਾਂ ਦੇ ਝੋਲੀ ਚੁੱਕ।"

"ਬਈ ਇਹ ਕੰਮ ਕਰੋ ਪਹਿਲਾਂ !" ਅਰੂੜ ਸਿੰਘ ਫੇਰ ਬੋਲ ਉਠਿਆ।

"ਯਾਰ ਤੂੰ ਗੱਲ ਵੀ ਸੁਣ ਲਿਆ ਕਰ । ਬੱਸ ਨਿਰਾ ਭੜਥੂ ਐਂ!" ਪਾਖਰ ਸਿੰਘ ਨੇ ਕਿਹਾ।

ਰੂੜ ਸਿੰਘ ਫੇਰ ਕਹਿਣ ਲੱਗਾ, "ਕਰਤਾਰ ਸਿੰਘ ਸਰਾਭੇ ਨੇ ਲਹੌਰ, ਮੇਰਠ, ਫਿਰੋਜ਼ਪੁਰ ਤੇ ਹੋਰ ਫੌਜੀ ਛਾਉਣੀਆਂ ਵਿੱਚ ਭਾਰਤੀ ਫੌਜੀਆਂ ਨਾਲ ਤਾਲਮੇਲ ਪੈਦਾ ਕਰ ਲਿਆ। ਭਾਰਤੀ ਫੌਜ ਸਾਡਾ ਸਾਥ ਦੇਵੇਗੀ। ਸਰਾਭਾ ਹਰ ਰੋਜ਼ ਸਾਈਕਲ ਉਤੇ ਹੀ ਪੰਜਾਹ ਪੰਜਾਬ ਕੋਹ ਸਫਰ ਕਰਦਾ। ਨਾ ਉਹ ਅੱਕਦਾ ਤੇ ਨਾ ਉਹ ਥੱਕਦਾ। ਐਹੋ ਜਿਹੇ ਗੱਭਰੂ ਘਰ ਘਰ ਨੀਂ ਜੰਮਦੇ!"

"ਬਾਈ ਜੀ ਕਹਿੰਦੇ ਉਸ ਨੇ ਤਾਂ ਜਹਾਜ਼ ਚਲਾਉਣਾ ਵੀ ਸਿੱਖ ਲਿਆ। ਉਮਰ ਵੀ ਕਹਿੰਦੇ ਹਾਲੇ ਥੋੜ੍ਹੀ ਐ!" ਚੁੱਪ ਬੈਠਾ ਸ਼ਾਮ ਸਿੰਘ ਬੋਲਿਆ।

"ਬਿਲਕੁੱਲ ਸਹੀ ਗੱਲ, ਬਾਕੀ ਪਾਰਟੀ ਨੇ ਕੁਝ ਹੋਰ ਮਤੇ ਪਾਸ ਕੀਤੇ ਐ। ਭਾਈ ਈਸ਼ਰ ਸਿੰਘ ਫਿਰੋਜ਼ਪੁਰ, ਉਤਮ ਸਿੰਘ ਹਾਂਸ ਲੁਧਿਆਣਾ, ਪਰੇਮ ਸਿੰਘ ਸੁਰ ਸਿੰਘ ਲਹੌਰ, ਜਵੰਦ ਸਿੰਘ ਨੰਗਲ ਹੁਸ਼ਿਆਰਪੁਰ ਤੇ ਰੰਗਾਂ ਸਿੰਘ ਖੁਰਦਪੁਰ ਜਲੰਧਰ ਦੇ ਮੁਖੀ ਹੋਣਗੇ। ਪਾਰਟੀ ਨੇ ਹੁਣ ਵੱਡੇ ਐਕਸ਼ਨ ਕਰਨੇ ਹਨ। ਤਿਆਰੀਆਂ ਸ਼ੁਰੂ ਕਰ ਦਿਓ।" ਈਸ਼ਰ ਸਿਘ ਅੰਦਰਖਾਤੇ ਸੋਚ ਰਿਹਾ ਸੀ ਹੁਣ ਪਿੰਡ ਵਿੱਚ ਜੂਹਬੰਦ ਰਹਿਣ ਦਾ ਕੋਈ ਫਾਇਦਾ ਨਹੀਂ। ਉਸ ਦੇ ਦਿਮਾਗ ਵਿੱਚ ਨਵੇਂ ਖਿਆਲ ਉਠਣ ਲੱਗ ਪਏ।

# ਤਿੰਨ

ਈਸ਼ਰ ਨੇ ਹਰੇ ਪੱਠਿਆਂ ਦੀ ਪੰਡ ਦਲਾਨ ਵਿੱਚ ਲਿਆ ਸੁੱਟੀ। ਵਰਾਂਡੇ ਵਿੱਚ ਕੰਮ ਕਰਦੀ ਰਾਮ ਕੌਰ ਝੱਟ ਉਹਦੇ ਵੱਲ ਝਾਕੀ। ਅੱਜ ਤਾਂ ਸਵੱਖਤੇ ਪੱਠੇ ਲੈ ਆਇਆ। ਹਾਲੇ ਤਾਂ ਰੋਟੀ ਵੀ ਨਹੀਂ ਪਕਾਈ। ਫਿਰ ਉਸ ਨੇ ਅੱਗ ਬਾਲ ਕੇ ਪਾਣੀ ਦਾ ਭਰਿਆ ਪਤੀਲਾ ਚੁੱਲ੍ਹੇ ਉਤੇ ਰੱਖ ਦਿੱਤਾ। ਅੱਜ ਸਵੇਰ ਦੀ ਬੱਦਲਵਾਈ ਛਾਈ ਹੋਈ ਸੀ। ਰਾਮ ਕੌਰ ਅਸਮਾਨ ਵੱਲ ਵੇਖ ਕੇ ਸੋਚਣ ਲੱਗੀ ਕਿ ਮੀਂਹ ਨਾ ਆ ਜਾਵੇ। ਉਸ ਨੂੰ ਪਥਕਣ ਵਿੱਚ ਪਈਆਂ ਸੁੱਕੀਆਂ ਪਾਥੀਆਂ ਦਾ ਫਿਕਰ ਹੋਣ ਲੱਗਾ। ਮੀਂਹ ਆ ਗਿਆ ਸਾਰੀਆਂ ਭਿੱਜ ਜਾਣਗੀਆਂ। ਫਿਰ ਉਹ ਈਸ਼ਰ ਨੂੰ ਸੁਣਾ ਕੇ ਕਹਿਣ ਲੱਗੀ, "ਤੂੰ ਨਹਾ ਲੈ। ਮੈਂ ਪਾਥੀਆਂ ਚੁੱਕ ਲਿਆਵਾਂ। ਆ ਕੇ ਰੋਟੀ ਲਾਹੁਨੀ ਆਂ।" ਫਿਰ ਰਾਮ ਕੌਰ ਟੋਕਰਾ ਚੁੱਕ ਕੇ ਪਾਥੀਆਂ ਚੁੱਕਣ ਲਈ ਗਈ। ਔਰਤਾਂ ਨੂੰ ਆਥਣ ਸਵੇਰ ਬਾਲਣ ਦਾ ਫਿਕਰ ਪਿਆ ਰਹਿੰਦਾ। ਸੋਚਦਾ ਸੋਚਦਾ ਈਸ਼ਰ ਚੁੱਲ੍ਹੇ ਮੂਹਰੇ ਬੈਠ ਕੇ ਹੱਥ ਪੈਰ ਸੇਕਣ ਲੱਗਾ।

ਕੁਝ ਚਿਰ ਬਾਅਦ ਗਲੀ ਵਿੱਚ ਰੌਲਾ ਪੈ ਗਿਆ। ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਲੱਗਦਾ ਸੀ ਜਿਵੇਂ ਬਾਹਰ ਲੜਾਈ ਹੋ ਰਹੀ ਹੋਵੇ। ਈਸ਼ਰ ਜੁੱਤੀ ਪਾ ਕੇ ਗਲੀ ਵਿੱਚ ਆ ਗਿਆ। ਬਾਹਰ ਅਜੀਬ ਮਹੌਲ ਸੀ। ਬੱਚੇ, ਔਰਤਾਂ ਤੇ ਬਜ਼ੁਰਗ ਗਲੀ ਵਿੱਚ ਖਲੋਤੇ ਸਨ। ਕਈ ਘਰਾਂ ਦੀਆਂ ਛੱਤਾਂ ਉਤੇ ਵੀ ਬੈਠੇ ਸਨ। ਈਸ਼ਰ ਵੀ ਇੱਕ ਘਰ ਅੱਗੇ ਆ ਕੇ ਖਲੋ ਗਿਆ। ਉਸ ਦਾ ਗਵਾਂਢੀ ਤਾਰੂ ਹੱਥ ਵਿੱਚ ਤੀਰ ਫੜੀ ਉਚੀ ਉਚੀ ਸ਼ੀ ਸ਼ੀ ਕਰਦਾ ਗਲੀ ਵਿੱਚ ਇਧਰ ਉਧਰ ਗੇੜੇ ਕੱਢ ਰਿਹਾ ਸੀ। ਕਦੇ ਉਹ ਉਚੀ ਬੋਲਦਾ, "ਮੇਰੇ ਵਿੱਚ ਪੀਰ ਆ ਗਿਐ। ਮੇਰੇ ਸਾਹਮਣੇ ਕੋਈ ਬੋਲਕੇ ਵਿਖਾਵੇ। ਵੱਧ ਘੱਟ ਬੋਲਣ ਵਾਲਿਆਂ ਨਾਲ ਮੈਂ ਚੰਗੀ ਤਰ੍ਹਾਂ ਸਮਝੂੰਗਾ। ਹੈ ਕੋਈ ਮਾਈ ਦਾ ਲਾਲ ਜੋ ਮੈਨੂੰ ਰੋਕ ਸਕੇ। ਸ਼ੀ..ਸ਼ੀ..ਸ਼ੀ..!"

ਈਸ਼ਰ ਕਿੰਨਾ ਈ ਚਿਰ ਤਾਰੂ ਵੱਲ ਵੇਖਦਾ ਰਿਹਾ। ਤਾਰੂ ਉਸ ਦਾ ਗਵਾਂਢੀ ਸੀ। ਦੋਹਾਂ ਘਰਾਂ ਦੀ ਕੰਧ ਸਾਂਝੀ। ਖੂਹੀ ਵੀ ਸਾਂਝੀ। ਤਾਰੂ ਆਪਣੇ ਘਰ ਖੱਦਰ ਬੁਣਦਾ ਹੈ। ਸਾਰੇ ਉਸ ਨੂੰ ਤਾਰੂ ਖੱਡੀ ਵਾਲਾ ਆਖਦੇ ਹਨ। ਉਸ ਦੇ ਘਰ ਕੋਈ ਬੱਚਾ ਪੈਦਾ ਨਹੀਂ ਹੋਇਆ। ਹੁਣ ਤਾਂ ਉਸ ਦੀ ਉਮਰ ਵੀ ਕਾਫੀ ਹੋ ਗਈ ਹੈ। ਤਾਰੂ ਹੁਣ ਸੋਚਦਾ ਹੋਵੇਗਾ ਕਿ ਬੱਚੇ ਦੀ ਕੋਈ ਆਸ ਨਹੀਂ। ਉਹ ਸਾਰਾ ਦਿਨ ਖੱਡੀ ਉਤੇ ਬੈਠ ਕੇ ਚੁੱਪਚਾਪ ਕੰਮ ਕਰਦਾ ਹੈ। ਕਦੇ ਕਦੇ ਹੱਥ ਵਿੱਚ ਤੀਰ ਲੈ ਕੇ ਗਲੀ ਵਿੱਚ ਭੱਜਾ ਫਿਰਦਾ ਹੈ ਜਿਵੇਂ ਉਸ ਨੂੰ ਕੋਈ ਦੌਰਾ ਪੈਂਦਾ ਹੋਏ। ਵਿਚਾਰਾ ਤਾਰੂ ਖੱਡੀ ਵਾਲਾ। ਉਦੋਂ ਹੀ ਇੱਕ ਮੁਸਲਮਾਨ ਸਿਪਾਹੀ ਈਸ਼ਰ ਦੇ ਮੂਹਰੇ ਆ ਖਲੋਤਾ। ਕੁੱਲੇ ਵਾਲੇ ਸਿਪਾਹੀ ਨੂੰ ਸਾਹਮਣੇ ਵੇਖ ਕੇ ਈਸ਼ਰ ਇਕਦਮ ਘਬਰਾ ਗਿਆ ਪਰ ਫਿਰ ਦੂਜੇ ਪਲ ਹੀ ਸੰਭਲ ਗਿਆ। ਗੋਲੀਆਂ ਨਾਲ ਭਰਿਆ ਪਿਸਤੌਲ ਉਸ ਦੇ ਖੀਸੇ ਵਿੱਚ ਸੀ।

"ਈਸ਼ਰ ਦਾ ਘਰ ਕਿਹੜਾ? " ਸਿਪਾਹੀ ਨੇ ਰੋਅਬ ਨਾਲ ਈਸ਼ਰ ਤੋਂ ਪੁੱਛਿਆ।

"ਔਹ ਸਾਹਮਣਾ!" ਈਸ਼ਰ ਨੇ ਆਪਣੇ ਘਰ ਵੱਲ ਇਸ਼ਾਰਾ ਕਰ ਦਿੱਤਾ। ਸਿਪਾਹੀ ਛੱਡ ਝੱਟ ਈਸ਼ਰ ਦੇ ਘਰ ਵੱਲ ਤੁਰ ਪਿਆ। ਈਸ਼ਰ ਅੱਖ ਬਚਾ ਕੇ ਨਿਆਈਂ ਵਾਲੇ ਖੂਹ ਵੱਲ ਚਲਾ ਗਿਆ।

ਕੁਝ ਚਿਰ ਬਾਅਦ ਆਸਾ ਪਾਸਾ ਵੇਖ ਕੇ ਈਸ਼ਰ ਘਰ ਆ ਗਿਆ।

"ਇੱਕ ਚਪਾਹੀ ਘਰ ਆਇਆ ਸੀ? " ਰਾਮ ਕੌਰ ਘਬਰਾਈ ਹੋਈ ਸੀ।

"ਕੀ ਕਹਿੰਦਾ ਸੀ?"

"ਤੇਰੇ ਬਾਰੇ ਪੁੱਛਦਾ ਸੀ ਅਖੇ ਕਿਥੇ ਐ ਉਹ!"

"ਤੂੰ ਕੀ ਕਿਹਾ?" ਈਸ਼ਰ ਮੁਸਕਰਾ ਰਿਹਾ ਸੀ।

"ਮੈਂ ਕਿਹਾ ਕਿ ਉਹ ਤਾਂ ਘਰ ਨਹੀਂ। ਕੀ ਪਤਾ ਕਿਥੇ ਐ !"

"ਕੋਈ ਨਾ ਘਬਰਾਉਣ ਦੀ ਲੋੜ ਨਹੀਂ। ਪੁਲਸ ਤਾਂ ਹੁਣ ਆਊਂਗੀ!"

ਫਿਰ ਈਸ਼ਰ ਦਲਾਨ ਬੰਦ ਕਰਕੇ ਨਹਾਉਣ ਲੱਗ ਪਿਆ। ਰਾਮ ਕੌਰ ਨੇ ਰਾਤ ਦਾ ਸਾਗ ਗਰਮ ਕਰਕੇ ਤੌੜੀ ਲੂੰਬੇ ਉਤੋਂ ਰੱਖੀ ਤੇ ਮੱਕੀ ਦਾ ਆਟਾ ਗੁੰਨ੍ਹ ਕੇ ਰੋਟੀ ਲਾਹੁਣ ਲੱਗੀ। ਈਸ਼ਰ ਨੇ ਨਹਾ ਕੇ ਧੋਤੇ ਹੋਏ ਕੱਪੜੇ ਪਾਏ। ਪਿਸਤੌਲ ਖੀਸੇ ਵਿੱਚ ਪਾ ਕੇ ਚੁੱਲ੍ਹੇ ਮੂਹਰੇ ਪੀੜ੍ਹੀ ਉਤੇ ਬੈਠ ਗਿਆ। ਰਾਮ ਕੌਰ ਨੇ ਪਹਿਲਾਂ ਸੱਸ ਸਹੁਰੇ ਨੂੰ ਰੋਟੀ ਫੜਾਈ। ਫਿਰ ਈਸ਼ਰ ਰੋਟੀ ਖਾਣ ਲੱਗਾ। ਰੋਟੀ ਖਾ ਕੇ ਉਹ ਚੁਬਾਰੇ ਵਿੱਚ ਆ ਕੇ ਬੈਠ ਗਿਆ। ਉਸ ਦੀਆਂ ਅੱਖਾਂ ਅੱਗੇ ਕੁੱਲੇ ਵਾਲਾ ਸਿਪਾਹੀ ਫਿਰ ਆ ਗਿਆ। ਈਸ਼ਰ ਸੋਚਣ ਲੱਗਾ ਕਿ ਸਿਪਾਹੀ ਤਾਂ ਕਦੇ ਫੇਰ ਵੀ ਆ ਸਕਦਾ। ਹੁਣ ਘਰ ਵਿੱਚ ਰਹਿਣਾ ਖਤਰੇ ਤੋਂ ਖਾਲੀ ਨਹੀਂ। ਜੇਕਰ ਮੈਂ ਪੁਲਸ ਦੇ ਹੱਥ ਆ ਗਿਆ ਤਾਂ ਫਿਰ ਸਾਰੀ ਖੇਡ ਹੀ ਖਤਮ। ਛੇਤੀ ਤੋਂ ਛੇਤੀ ਰੂਪੋਸ਼ ਹੋਣ ਵਿੱਚ ਹੀ ਭਲਾਈ ਹੈ। ਬਾਹਰਲੇ ਦੇਸ਼ਾਂ ਵਿੱਚੋਂ ਹਜ਼ਾਰਾਂ ਹੀ ਗਦਰੀ ਆਪਣੀਆਂ ਜਾਇਦਾਦਾਂ ਛੱਡ ਕੇ ਦੇਸ਼ ਪਹੁੰਚ ਚੁੱਕੇ ਐ। ਗਦਰ ਪਾਰਟੀ ਦਾ ਤਾਂ ਇਕੋ ਨਿਸ਼ਾਨਾ ਹੈ ਦੇਸ਼ ਦੀ ਆਜ਼ਾਦੀ। ਆਜ਼ਾਦੀ ਲਈ ਸਿਰਫ ਗਦਰ। ਮੈਨੂੰ ਕੀ ਲੋੜ ਸੀ ਕੈਨੇਡਾ ਤੋਂ ਏਥੇ ਆਉਣ ਦੀ। ਜੇਕਰ ਮੈਂ ਘਰ ਵਿੱਚ ਹੀ ਬੈਠੇ ਰਿਹਾ ਤਾਂ ਹੁਣ ਤੱਕ ਦੀ ਕੀਤੀ ਜੱਦੋ ਜਹਿਦ ਖਤਮ।

ਫਿਰ ਉਸ ਨੂੰ ਪਿੰਡ ਦਾ ਪਾਖਰ ਸਿੰਘ ਯਾਦ ਆਇਆ। ਪਾਖਰ ਸਿੰਘ ਨੇ ਤਾਂ ਆਪਣੀ ਜ਼ਮਾਨਤ ਦੇ ਦਿੱਤੀ ਹੈ ਪਰ ਈਸ਼ਰ ਸੋਚ ਰਿਹਾ ਸੀ ਕਿ ਉਹ ਜ਼ਮਾਨਤ ਨਹੀਂ ਦੇਵੇਗਾ। ਉਸ ਨੂੰ ਪਿਛਲੇ ਦਿਨੀਂ ਢੁੱਡੀਕੇ ਵਿਖੇ ਗਦਰੀ ਦੇਸ਼ ਭਗਤਾਂ ਦੀ ਮੀਟਿੰਗ ਵਿੱਚ ਰੂੜ ਸਿੰਘ ਦੀਆਂ ਕੀਤੀਆਂ ਗੱਲਾਂ ਯਾਦ ਆਈਆਂ ਕਿ ਕਿਸੇ ਨੇ ਵੀ ਪੁਲੀਸ ਦੇ ਹੱਥ ਨਹੀਂ ਆਉਣਾ। ਪੈਸੇ ਤੇ ਹਥਿਆਰ ਹਰ ਹੀਲੇ ਪ੍ਰਾਪਤ ਕਰਨੇ ਹਨ। ਸਾਡੇ ਕੁਝ ਸਾਥੀ ਬੰਬ ਬਣਾ ਰਹੇ ਐ। ਭਾਰਤੀ ਫੌਜ ਸਾਡਾ ਸਾਥ ਦੇਵੇਗੀ। ਅਸੀਂ ਇੱਕ ਦਿਨ ਗਦਰ ਜ਼ਰੂਰ ਕਰਾਂਗੇ।

ਈਸ਼ਰ ਹੁਣ ਡੂੰਘਾਈ ਨਾਲ ਸੋਚ ਰਿਹਾ ਸੀ ਕਿ ਘਰ ਵਿੱਚ ਰਹਿ ਕੇ ਭੰਗ ਦੇ ਭਾਣੇ ਜਾ ਕਿਉਂ ਗਵਾਈ ਜਾਵੇ। ਵੱਡੀ ਗੱਲ ਇਹ ਕਿ ਉਸ ਨੇ ਆਪਣੇ ਪਿੰਡ ਦੇ

ਸਾਥੀਆਂ ਨਾਲ ਮਿਲ ਕੇ ਪਿੰਡ ਵਿੱਚ ਗਦਰ ਪਾਰਟੀ ਦਾ ਯੂਨਿਟ ਕਾਇਮ ਕੀਤਾ ਹੈ। ਢੁੱਡੀਕੇ ਦੇ ਇਹ ਸਾਰੇ ਮੈਂਬਰ ਪਾਰਟੀ ਦੇ ਕੰਮਾਂ ਵਿੱਚ ਪੂਰੇ ਸਰਗਰਮ ਹਨ। ਕੁਝ ਚਿਰ ਬਾਅਦ ਰਾਮ ਕੌਰ ਵੀ ਚੁਬਾਰੇ ਵਿੱਚ ਆ ਗਈ। ਉਹ ਚੁੱਪਚਾਪ ਦੂਜੇ ਮੰਜੇ ਉਤੇ ਬੈਠ ਗਈ। ਈਸ਼ਰ ਨੇ ਇੱਕ ਪਲ ਰਾਮ ਕੌਰ ਵੱਲ ਵੇਖਿਆ। ਗੋਰਾ ਨਿਛੋਹ ਰੰਗ। ਭੋਲਾ ਜਿਹਾ ਚਿਹਰਾ।

"ਰੋਟੀ ਖਾ ਲਈ? " ਈਸ਼ਰ ਹੌਲੀ ਜਿਹੀ ਬੋਲਿਆ।

"ਹਾਂ, ਖਾ ਲਈ। ਸਾਰਾ ਭਾਂਡਾ ਠੀਕਰ ਮਾਂਜ ਕੇ ਆਈ ਆਂ!" ਰਾਮ ਕੌਰ ਨੇ ਜਵਾਬ ਦਿੱਤਾ।

ਈਸ਼ਰ ਜ਼ਰਾ ਕੁ ਰਾਮ ਕੌਰ ਵੱਲ ਵੇਖ ਸੋਚਣ ਲੱਗਾ ਕਿ ਮੈਂ ਘਰੋਂ ਤਾਂ ਹਰ ਹਾਲ ਚਲੇ ਜਾਣਾ ਹੈ। ਬੇਸ਼ੱਕ ਇਹ ਕੰਮ ਮੁਸ਼ਕਲ ਹੈ ਪਰ ਦੇਸ਼ ਦੀ ਆਜ਼ਾਦੀ ਦਾ ਇਹੋ ਰਾਹ ਹੈ। ਮੁਸੀਬਤਾਂ ਤਾਂ ਝੱਲਣੀਆਂ ਪੈਣਗੀਆਂ। ਘਰ ਵੱਲੋਂ ਦਿਲ ਉਤੇ ਪੱਥਰ ਰੱਖਣਾ ਹੀ ਪਏਗਾ। ਫਿਰ ਉਸ ਨੂੰ ਕਰਤਾਰ ਸਰਾਭੇ ਦੀਆਂ ਲਾਈਨਾਂ ਯਾਦ ਆ ਗਈਆਂ-

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸਰਾਭਾ ਕਿਵੇਂ ਦਿਨ ਰਾਤ ਭੱਜਾ ਫਿਰਦੈ। ਉਸ ਨੂੰ ਆਪਣੀ ਜਾਨ ਦੀ ਕੋਈ ਪ੍ਵਾਹ ਨਹੀਂ। ਉਸ ਨੂੰ ਦੇਸ਼ ਦੀ ਆਜ਼ਾਦੀ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ। ਜ਼ਿੰਦਗੀ ਬੱਸ ਦੇਸ਼ ਦੀ ਅਮਾਨਤ ਹੈ।

"ਕੀ ਸੋਚਦਾ? " ਰਾਮ ਕੌਰ ਦੀ ਹੌਲੀ ਜਿਹੀ ਅਵਾਜ਼ ਆਈ। ਈਸਰ ਇੱਕ ਵਾਰ ਫਿਰ ਰਾਮ ਕੌਰ ਵੱਲ ਝਾਕਿਆ। ਕਿੱਡੀ ਭੋਲੀ ਐ। ਜਿਸ ਦਿਨ ਦੀ ਇਸ ਘਰ ਵਿੱਚ ਆਈ ਐ ਬੱਸ ਸਾਰਾ ਦਿਨ ਕੰਮ ਹੀ ਕਰੀ ਜਾਂਦੀ ਐ। ਇਸ ਨੇ ਆਪਣੀ ਕਦੇ ਕੋਈ ਮੰਗ ਵੀ ਨਹੀਂ ਰੱਖੀ। ਮਾਂ-ਪਿਓ ਦੀ ਕਿੰਨੀ ਸੇਵਾ ਕਰਦੀ ਐ। ਸਾਡਾ ਘਰ ਤਾਂ ਏਸੇ ਦੇ ਸਿਰ ਉਤੇ ਐ। ਮੈਂ ਹੁਣ ਘਰੋਂ ਤਾਂ ਜਾਣਾ ਹੈ ਪਰ ਇਸ ਭੋਲੀ ਭਾਲੀ ਔਰਤ ਨੂੰ ਦੱਸੇ ਬਿਨਾਂ ਨਹੀਂ ਜਾਣਾ। ਇਸ ਨੂੰ ਦੱਸਣਾ ਚਾਹੀਦਾ ਹੈ ਕਿ ਅੱਜ ਤੋਂ ਬਾਅਦ ਮੈਂ ਰੂਪੋਸ਼।

"ਕੀ ਗੱਲ ਤੂੰ ਚੁੱਪ ਕਿਉਂ ਬੈਠਾ। ਕੋਈ ਗੱਲ ਤਾਂ ਕਰ।" ਰਾਮ ਕੌਰ ਨੇ ਜਿਵੇਂ ਕੋਈ ਤਰਲਾ ਲਿਆ। ਉਹ ਈਸ਼ਰ ਨੂੰ ਚੁੱਪ ਵੇਖ ਕੇ ਅੰਦਰਖਾਤੇ ਫਿਕਰ ਕਰਨ ਲੱਗੀ।

"ਵੇਖ ਜਿਸ ਰਾਹ 'ਤੇ ਮੈਂ ਤੁਰ ਪਿਆ ਉਸ ਤੋਂ ਹੁਣ ਪਿੱਛੇ ਨਹੀਂ ਹਟ ਸਕਦਾ। ਸਾਡੀ ਪਾਰਟੀ ਦਾ ਇੱਕੋ ਨਿਸ਼ਾਨਾ ਹੈ ਕਿ ਅੰਗਰੇਜ਼ਾਂ ਨੂੰ ਏਥੋਂ ਕੱਢ ਕੇ ਦੇਸ਼ ਨੂੰ ਆਜ਼ਾਦ ਕਰਵਾਉਣਾ। ਪੁਲਸ ਸਾਡੇ ਪਿੱਛੇ ਲੱਗੀ ਹੋਈ ਐ। ਮੈਂ ਹੁਣ ਪਿੰਡ ਤੋਂ ਬਾਹਰ ਨਹੀਂ ਜਾ ਸਕਦਾ। ਜੂਹ ਬੰਦ ਆਂ। ਬਾਹਰ ਜਾਣ ਤੋਂ ਬਿਨਾਂ ਗੁਜ਼ਾਰਾ ਨਹੀਂ। ਮੈਂ ਤੈਨੂੰ ਦੱਸ ਕੇ ਘਰੋਂ ਜਾਣਾ ਹੈ। ਤੇਰੇ ਨਾਲ ਧੋਖਾ ਨਹੀਂ ਕਰਾਂਗਾ। ਜਦੋਂ ਮੈਨੂੰ ਮੌਕਾ ਮਿਲਿਆ ਤਾਂ ਘਰ ਗੇੜਾ

ਜ਼ਰੂਰ ਮਾਰੂੰਗਾ ਪਰ ਆਊਂਗਾ ਨੇਰ੍ਹੇ ਸਵੇਰੇ! ”

ਈਸ਼ਰ ਦੀਆਂ ਗੱਲਾਂ ਸੁਣ ਕੇ ਰਾਮੋ ਜਿਵੇਂ ਪੱਥਰ ਦਾ ਬੁੱਤ ਬਣ ਗਈ। ਉਹ ਕਿੰਨਾ ਹੀ ਚਿਰ ਨੀਵੀਂ ਪਾ ਕੇ ਬੈਠੀ ਰਹੀ। ਉਸ ਦੀਆਂ ਅੱਖਾਂ ਪਾਣੀ ਨਾਲ ਭਰ ਆਈਆਂ। ਗੋਰੇ ਚਿਹਰੇ ਉਤੇ ਪਿਲੱਤਣ ਫਿਰ ਗਈ। ਉਸ ਦੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ। ਈਸ਼ਰ ਉਸ ਵੱਲ ਵੇਖਦਾ ਰਿਹਾ। ਉਹ ਰਾਮ ਕੌਰ ਦੀ ਵੇਦਨਾ ਸਮਝਦਾ ਸੀ। ਉਸ ਦੇ ਦਿਨ ਵਿੱਚ ਦੇਸ਼ ਦੀ ਆਜ਼ਾਦੀ ਦੀ ਤੜਪ ਸੀ। ਉਸ ਦਾ ਖ਼ੂਨ ਹਰ ਵੇਲ ਖੌਲਦਾ ਸੀ। ਇਸੇ ਕਰਕੇ ਘਰ ਪਰਵਾਰ ਦਾ ਮੋਹ ਘੱਟ ਹੋ ਗਿਆ ਸੀ। ਈਸਰ ਨੂੰ ਪਤਾ ਸੀ ਕਿ ਉਸ ਦੀਆਂ ਗੱਲਾਂ ਸੁਣ ਕੇ ਰਾਮ ਕੌਰ ਨੂੰ ਜ਼ਰੂਰ ਦੁੱਖ ਹੋਵੇਗਾ। ਇਸ ਦਾ ਏਥੇ ਹੈ ਵੀ ਕੌਣ। ਨਾ ਕੋਈ ਭੈਣ ਨਾ ਭਰਾ। ਨਾ ਪੁੱਤ ਨਾ ਧੀ। ਘਰ ਵਿੱਚ ਬਾਪੂ ਤੇ ਬੇਬੇ ਬੈਠੇ ਐ। ਇਹ ਤਾਂ ਹੁਣ ਕੋਈ ਕੰਮ ਕਾਰ ਵੀ ਕਰਨ ਜੋਗੇ ਨਹੀਂ। ਰਾਮ ਕੌਰ ਸਾਰਾ ਦਿਨ ਘਰ ਵਿੱਚ ਕੰਮ ਕਰੂਗੀ। ਬੁੱਢੇ ਮਾਂ ਬਾਪ ਨੂੰ ਵੀ ਸੰਭਾਲੂਗੀ। ਦਿਨ ਰਾਤ ਸੋਚਾਂ ਵਿੱਚ ਡੁੱਬੀ ਰਹੂਗੀ। ਮੇਰੇ ਜਾਣ ਬਾਅਦ ਪੁਲਸ ਘਰ ਵਿੱਚ ਜ਼ਰੂਰ ਆਊਗੀ। ਮੇਰੇ ਬਾਰੇ ਪੁੱਛਗਿੱਛ ਜ਼ਰੂਰ ਕਰੂਗੀ। ਸਾਰਾ ਟੱਬਰ ਪਰੇਸ਼ਾਨ ਰਹੇਗਾ। ਮੇਰਾ ਰਾਹ ਮੁਸੀਬਤਾਂ ਭਰਿਆ ਹੈ। ਘਰ ਰਹਿ ਕੇ ਮੁਸੀਬਤਾਂ ਵਧ ਜਾਣਗੀਆਂ।

ਈਸ਼ਰ ਨੇ ਰਾਮ ਕੌਰ ਵੱਲ ਵੇਖਿਆ। ਉਹ ਉਸੇ ਤਰ੍ਹਾਂ ਨੀਵੀਂ ਪਾਈ ਅੱਖਾਂ ਭਰੀ ਬੈਠੀ ਸੀ। ਉਸ ਦੇ ਚਿਹਰੇ ਉਤੇ ਬੇਵਸੀ, ਲਾਚਾਰੀ ਤੇ ਕਿਸੇ ਡਰ ਦੀ ਭਾਵਨਾ ਚਮਕ ਰਹੀ ਸੀ।

“ਰਾਮ ਕੁਰੇ ਰੋ ਨਾ, ਜੇ ਮੈਂ ਘਰ ਰਿਹਾ ਤਾਂ ਇਹ ਸਭ ਤੋਂ ਮਾੜੀ ਗੱਲ ਹੋਵੇਗੀ। ਪੁਲਸ ਕਦੇ ਵੀ ਮੈਨੂੰ ਫੜ ਸਕਦੀ ਹੈ। ਮੇਰਾ ਬਾਹਰ ਜਾਣਾ ਹੀ ਠੀਕ ਹੈ। ਹਾਂ ਇਕ ਗੱਲ ਹੋਰ। ਮੈਂ ਸ਼ਾਮ ਸਿੰਘ ਨੂੰ ਜਾਂਦਾ ਹੋਇਆ ਕਹਿ ਕੇ ਜਾਊਂਗਾ। ਤੂੰ ਘਰ ਦੇ ਸਾਰੇ ਪਸ਼ੂ ਵੇਚ ਦੇਵੀਂ। ਆਪਣੇ ਜੋਗਾ ਦੁੱਧ ਮੁੱਲ ਲਾ ਲਵੀਂ। ਚੰਗਾ। ਮੈਂ ਹੁਣ ਪਾਖਰ ਸਿੰਘ ਤੇ ਲੰਬੜਦਾਰ ਵੱਲ ਹੋ ਆਵਾਂ।” ਏਨੀ ਗੱਲ ਕਹਿ ਕੇ ਈਸ਼ਰ ਥੱਲੇ ਉਤਰ ਗਿਆ।

ਰਾਮ ਕੌਰ ਉਸੇ ਤਰ੍ਹਾਂ ਬੁੱਤ ਬਣੀ ਬੈਠੀ ਸੀ। ਉਸ ਨੂੰ ਕੁਝ ਨਹੀਂ ਸੀ ਸੁਝਦਾ ਕਿ ਉਹ ਕੀ ਕਰੇ। ਉਹ ਏਥੇ ਕਿਸ ਦੇ ਸਹਾਰੇ ਦਿਨ ਕੱਢੇਗੀ। ਉਸ ਦੇ ਤਾਂ ਪੇਕੇ ਵੀ ਦੂਰ ਐ। ਕਿਥੇ ਢੁੱਡੀਕੇ ਪਿੰਡ ਤੇ ਕਿਥੇ ਝੱਖੜ ਵਾਲਾ। ਏਡੀ ਦੂਰੋਂ ਚੱਲਕੇ ਕਿਹੜਾ ਕੋਈ ਛੇਤੀ ਆਊਗਾ। ਸੱਸ ਸਹੁਰਾ ਕੁਝ ਕਰਨ ਜੋਗੇ ਨਹੀਂ। ਕੇਹੇ ਚੰਦਰੇ ਦਿਨ ਆ ਗਏ। ਅਚਾਨਕ ਪੌੜੀਆਂ ਉਤੇ ਖੜਾਕ ਹੋਇਆ। ਈਸ਼ਰ ਚੁਬਾਰੇ ਵਿੱਚ ਆ ਗਿਆ।

“ਤੂੰ ਹਾਲੇ ਉਸੇ ਤਰ੍ਹਾਂ ਬੈਠੀ ਐਂ। ਬਾਬਾ ਮੈਨੂੰ ਖੁਸ਼ੀ ਖੁਸ਼ੀ ਤੋਰ!” ਈਸ਼ਰ ਨੇ ਰਾਮ ਕੌਰ ਦੇ ਮੋਢੇ ਉਤੇ ਹੱਥ ਰੱਖ ਕੇ ਮੁਸਕਰਾਉਣ ਦਾ ਯਤਨ ਕੀਤਾ। ਰਾਮ ਕੌਰ ਭਰੀਆਂ ਅੱਖਾਂ ਨਾਲ ਉਸ ਵੱਲ ਝਾਕੀ ਪਰ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ।

“ਮੈਂ ਲੰਬੜਦਾਰ ਨੂੰ ਦੱਸ ਕੇ ਆਇਆ ਕਿ ਮੈਂ ਤਾਂ ਸਹੁਰਿਆਂ ਨੂੰ ਚੱਲਿਆ। ਇਕ ਦੋ ਦਿਨਾਂ ਤੱਕ ਆਊਂਗਾ। ਚੰਗਾ ਦਿਲ ਨਾ ਥੋੜ੍ਹਾ ਕਰੀਂ। ਮੈਂ ਘਰ ਗੇੜਾ ਜ਼ਰੂਰ ਮਾਰੂੰਗਾ।

ਚੰਗਾ ਰੱਬ ਰਾਖਾ!" ਈਸ਼ਰ ਮੁਸਕਰਾ ਕੇ ਥੱਲੇ ਉਤਰ ਗਿਆ। ਉਸ ਦੇ ਚਿਹਰੇ ਉਤੇ ਕੋਈ ਘਬਰਾਹਟ ਨਹੀਂ ਸੀ। ਆਜ਼ਾਦੀ ਦੀ ਖਾਤਰ ਮਰ ਮਿਟਣ ਵਾਲਾ ਇਹ ਗਦਰੀ ਸੂਰਬੀਰ ਅਣਜਾਣੇ ਰਾਹਾਂ ਵੱਲ ਨਿਕਲ ਤੁਰਿਆ।

## ਚਾਰ

ਘਰੋਂ ਤੁਰ ਕੇ ਈਸ਼ਰ ਆਪਣੇ ਲਾਗਲੇ ਪਿੰਡ ਝੰਡੇਆਣਾ ਦੇ ਰਾਹ ਪੈ ਗਿਆ। ਧੂੰਦਲ ਭਰਿਆ ਕੱਚਾ ਰਾਹ। ਆਸੇ ਪਾਸੇ ਕਣਕ, ਜੌਂ ਤੇ ਸਰ੍ਹੋਂ ਦੀ ਫਸਲ। ਕੰਡੇਦਾਰ ਪੋਹਲੀ ਫਸਲਾਂ ਤੋਂ ਵੀ ਵੱਧ। ਧੁੱਪ ਨਾਲ ਸਿਆਲੂ ਦਿਨ ਨਿੱਘਾ ਲੱਗ ਰਿਹਾ ਸੀ। ਈਸ਼ਰ ਹੌਲੀ-ਹੌਲੀ ਤੁਰ ਰਿਹਾ ਸੀ। ਵੇਖਣ ਨੂੰ ਸਿੱਧਾ ਸਾਦਾ ਪੇਂਡੂ ਨੌਜਵਾਨ। ਖੱਦਰ ਦਾ ਕਮੀਜ਼ ਪਜ਼ਾਮਾ। ਸਿਰ ਉਤੇ ਹਲਕੇ ਨੀਲੇ ਰੰਗ ਦੀ ਵਿੰਗੀ ਟੇਢੀ ਪੱਗ । ਪੈਰਾਂ ਵਿੱਚ ਧੌੜੀ ਦੀ ਜੁੱਤੀ। ਹੱਥ ਵਿੱਚ ਇੱਕ ਨਿੱਕੀ ਜਿਹੀ ਸੋਟੀ। ਸੋਟੀ ਤਾਂ ਆਮ ਰਾਹੀਆਂ ਦੇ ਹੱਥ ਵਿੱਚ ਜ਼ਰੂਰ ਹੁੰਦੀ ਸੀ। ਸੁੰਨੇ ਰਾਹਾਂ ਵਿੱਚ ਕੁੱਤੇ, ਬਿੱਲੇ ਜਾਂ ਅਵਾਰਾ ਪਸ਼ੂਆਂ ਦਾ ਡਰ ਬਣਿਆ ਰਹਿੰਦਾ ਸੀ। ਖੀਸੇ ਵਿੱਚ ਪਿਸਤੌਲ ਉਸ ਦਾ ਸਾਥੀ ਸੀ। ਅਚਾਨਕ ਉਹ ਪਿਛਾਂਹ ਪਿੰਡ ਵੱਲ ਝਾਕਿਆ। ਪੰਜਾਬ ਦਾ ਜਾਣਿਆ ਪਹਿਚਾਣਿਆ ਪਿੰਡ ਢੁੱਡੀਕੇ। ਆਪਣਾ ਘਰ ਬਾਰ। ਆਂਢ-ਗਵਾਂਢ। ਪਿੰਡ ਦੇ ਹੋਰ ਲੋਕ। ਸਭ ਆਪੋ ਆਪਣੇ ਕੰਮਾਂ ਵਿੱਚ ਰੁੱਝੇ ਹੋਏ। ਇਕ ਉਹ ਕਿ ਜਿਸ ਦਾ ਰਾਹ ਹੋਰ ਹੈ। ਉਸ ਦਾ ਕੰਮ ਹੋਰ ਹੈ। ਦੇਸ਼ ਦੀ ਗੁਲਾਮੀ ਉਸ ਨੂੰ ਅਰਾਮ ਨਾਲ ਬੈਠਣ ਨਹੀਂ ਦਿੰਦੀ। ਸਾਡਾ ਮਹਾਨ ਦੇਸ਼ ਭਾਰਤ। ਅੰਗਰੇਜ਼ਾਂ ਦਾ ਗੁਲਾਮ। ਦੇਸ਼ ਸਾਡਾ ਤੇ ਰਾਜ ਕਰੇ ਕੋਈ। ਅਸੀਂ ਗੁਲਾਮ ਕਿਉਂ ਰਹੀਏ. ਪਾਰਟੀ ਦਾ ਇਹੀ ਪ੍ਰੋਗਰਾਮ ਹੈ ਕਿ ਲੋਕਾਂ ਨੂੰ ਵੱਧ ਤੋਂ ਵੱਧ ਨਾਲ ਜੋੜੋ। ਥਾਂ ਥਾਂ ਪਾਰਟੀ ਦਾ ਪ੍ਰਚਾਰ ਕਰੋ। ਕੋਈ ਫੌਜੀ ਹੈ। ਕੋਈ ਬਾਹਰੋਂ ਆਇਆ ਹੈ। ਸਭ ਨਾਲ ਪਾਰਟੀ ਦੀ ਸਾਂਝ ਪਾਓ। ਅੰਗਰੇਜ਼ਾਂ ਨੂੰ ਇੱਕ ਦਿਨ ਅਸੀਂ ਦੇਸ਼ ਵਿੱਚੋਂ ਕੱਢ ਦਿਆਂਗੇ।

ਈਸ਼ਰ ਨੇ ਆਪਣੇ ਪਿੰਡ ਦੇ ਗਦਰੀ ਮੈਂਬਰਾਂ ਨਾਲ ਵਿਚਾਰ ਕੀਤੀ ਸੀ ਕਿ ਉਹ ਪਾਰਟੀ ਦਾ ਪ੍ਰੋਗਰਾਮ ਲੈ ਕੇ ਪਿੰਡਾਂ ਵਿੱਚ ਜਾਵੇਗਾ। ਘਰ ਰਹਿਣਾ ਠੀਕ ਨਹੀਂ। ਬਾਹਰ ਅੰਦਰ ਜਾਣ ਲਈ ਈਸ਼ਰ ਨੇ ਇੱਕ ਨਵਾਂ ਢੰਗ ਸੋਚਿਆ ਸੀ। ਉਹ ਆਂਢ ਗਵਾਂਢ ਤੇ ਪਿੰਡ ਦੇ ਹੋਰ ਲੋਕਾਂ ਤੋਂ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਬਾਰੇ ਪੁੱਛਦਾ ਸੀ। ਮਾਸੀ, ਭੂਆ, ਭੈਣ, ਨਾਨਕੇ ਤੇ ਸਹੁਰੇ ਘਰ ਬਾਰੇ ਪਤਾ ਕਰ ਲੈਂਦਾ। ਉਹ ਸੋਚਦਾ ਸੀ ਕਿ ਵੇਲੇ ਕੁਵੇਲੇ ਕਿਤੇ ਰਾਤ ਕੱਟੀ ਜਾ ਸਕਦੀ ਹੈ। ਇਸੇ ਜਾਣਕਾਰੀ ਦੇ ਆਧਰ ਉਤੇ ਉਹ ਬਹੁਤ ਦਿਨ ਬਾਹਰ ਘੁੰਮਦਾ ਰਿਹਾ। ਝੰਡੇਆਣਾ, ਮਟਵਾਣੀ, ਅਜੀਤਵਾਲ, ਕੋਕਰੀ, ਚੁਗਾਵਾਂ, ਕਪੂਰੇ, ਪੁਰਾਣੇ ਵਾਲਾ, ਤਲਵੰਡੀ ਦੁਸਾਂਝ, ਮਹਿਣਾ, ਡਾਲਾ, ਤਖਾਣਵੱਧ, ਮੱਦੋਕੇ, ਦੌਧਰ, ਚੂਹੜਚੱਕ ਤੇ ਕਾਉਂਕੇ ਆਦਿ ਪਿੰਡਾਂ ਵਿੱਚ ਉਸ ਨੇ ਦਿਨ ਰਾਤ ਇਕ ਕਰ ਦਿੱਤਾ। ਉਹ ਲੋਕਾਂ ਨੂੰ ਮਿਲਦਾ। ਨਿਧੜਕ ਹੋ ਕੇ ਪਾਰਟੀ ਦੇ ਪ੍ਰੋਗਰਾਮ ਬਾਰੇ ਦੱਸਦਾ। ਪਾਰਟੀ ਦਾ ਸਾਥ ਦੇਣ ਲਈ ਅਪੀਲ ਕਰਦਾ ਤੇ ਫਿਰ ਅਗਲੇ ਪਿੰਡ ਦੇ ਰਾਹ ਪੈ ਜਾਂਦਾ।

ਇੱਕ ਦਿਨ ਵੱਗਾਂ ਵੇਲੇ ਕਿਸੇ ਪਿੰਡ ਵਿੱਚੋਂ ਲੰਘ ਰਿਹਾ ਸੀ। ਉਹ ਸੋਚਦਾ ਰਿਹਾ ਸੀ ਕਿ ਪਿੰਡੋਂ ਆਏ ਨੂੰ ਬਹੁਤ ਦਿਨ ਹੋ ਗਏ। ਕੱਪੜੇ ਵੀ ਬਹੁਤ ਮੈਲੇ ਹੋ ਗਏ। ਪਿੰਡ ਗੇੜਾ ਮਾਰਿਆ ਜਾਵੇ। ਪਿੰਡ ਦੇ ਸਾਥੀਆਂ ਨਾਲ ਵੀ ਗੱਲਬਾਤ ਹੋ ਜਾਵੇਗੀ, ਉਦੋਂ ਹੀ ਈਸ਼ਰ ਨੇ ਵੇਖਿਆ ਕਿ ਸਾਹਮਣੇ ਤੋਂ ਇੱਕ ਨੌਜਵਾਨ ਉਸ ਵੱਲ ਗਹੁ ਨਾਲ ਵੇਖ ਰਿਹਾ ਹੈ। ਈਸ਼ਰ ਨੇ ਵੀ ਉਸ ਨੂੰ ਤਾੜ ਲਿਆ। ਉਹ ਨੌਜਵਾਨ ਈਸ਼ਰ ਦੇ ਸਾਹਮਣੇ ਆ ਕੇ ਖਲੋ ਗਿਆ ਤੇ ਕਹਿਣ ਲੱਗਾ, "ਬਾਈ ਸਿੰਹਾਂ, ਕਿਹੜਾ ਪਿੰਡ ਐ ? "

"ਵੱਡਾ ਘਰ !" ਈਸ਼ਰ ਨੇ ਝੱਟ ਜਵਾਬ ਦਿੱਤਾ।

"ਮੈਂ ਤੈਨੂੰ ਕਿਤੇ ਵੇਖਿਆ? "

"ਹੋ ਸਕਦੈ !" ਈਸ਼ਰ ਉਸ ਵੱਲ ਡੂੰਘਾ ਡੂੰਘਾ ਵੇਖਣ ਲੱਗਾ।

"ਤੇਰਾ ਨਾਂ ਕੀ ਐ? " ਨੌਜਵਾਨ ਫੇਰ ਬੋਲਿਆ।

"ਪੂਰਨ !" ਈਸਰ ਜ਼ਰਾ ਕੁ ਗੰਭੀਰ ਹੋ ਕੇ ਵੇਖਣ ਲੱਗਾ।

"ਬਾਈ ਸਿੰਹਾਂ, ਮੈਂ ਤੈਨੂੰ ਸਿਆਣ ਲਿਆ। ਜਦੋਂ ਅਸੀਂ ਗੁਰਦਿੱਤ ਸਿੰਘ ਵਾਲੇ ਜਹਾਜ਼ ਵਿੱਚ ਕੈਨੇਡਾ ਗਏ ਸੀ ਤਾਂ ਗੋਰਿਆਂ ਨੇ ਉਹ ਜਹਾਜ਼ ਸਮੁੰਦਰ ਵਿੱਚ ਹੀ ਡੱਕ ਲਿਆ ਸੀ। ਇਹ ਤਾਂ ਸਾਨੂੰ ਹੀ ਪਤੇ ਬਈ ਸਾਡੇ ਨਾਲ ਕੀ ਬੀਤੀ ਸੀ। ਨਾ ਕੁਝ ਖਾਣ ਨੂੰ। ਨਾ ਕੁੱਝ ਪੀਣ ਨੂੰ। ਭੁੱਖੇ ਤਿਹਾਏ ਮਰ ਰਹੇ ਸੀ। ਹਰ ਵੇਲੇ ਮੌਤ ਸਿਰ ਉਤੇ ਘੁੰਮ ਰਹੀ ਸੀ। ਇਕ ਦਿਨ ਬਹੁਤ ਸਾਰੇ ਪੰਜਾਬੀ ਸਾਨੂੰ ਜਹਾਜ਼ ਉਤੇ ਬੈਠਿਆਂ ਨੂੰ ਮਿਲਣ ਆਏ। ਅਸੀਂ ਤਾਂ ਜਿਊਂਣ ਦੀ ਆਸ ਲਾਹ ਦਿੱਤੀ ਸੀ!" ਨੌਜਵਾਨ ਨੇ ਉਥੇ ਹੀ ਆਪਣੀ ਕਹਾਣੀ ਸ਼ੁਰੂ ਕਰ ਲਈ। ਈਸ਼ਰ ਸਿੰਘ ਮਜਬੂਰੀ ਵਿੱਚ ਉਸ ਦੀ ਗੱਲ ਸੁਣ ਰਿਹਾ ਸੀ। "ਬਾਈ ਸਿੰਹਾਂ, ਪੰਜਾਬੀ ਆਪਣੇ ਨਾਲ ਬਹੁਤ ਸਾਰਾ ਖਾਣ ਪੀਣ ਦਾ ਸਾਮਾਨ ਲੈ ਕੇ ਆਏ। ਸਾਨੂੰ ਉਹ ਦਿਨ ਨਹੀਂ ਭੁੱਲਦੇ। ਤੂੰ ਉਨ੍ਹਾਂ ਬੰਦਿਆਂ ਦੇ ਨਾਲ ਸੀ। ਮੈਂ ਬਾਈ ਤੈਨੂੰ ਪਛਾਣ ਲਿਆ!" ਏਨੀ ਆਖ ਕੇ ਉਹ ਨੌਜਵਾਨ ਈਸ਼ਰ ਵੱਲ ਨਿਮਰਤਾ ਨਾਲ ਝਾਕਿਆ।

ਈਸ਼ਰ ਨੇ ਵੀ ਉਸ ਨੂੰ ਘੋਖਵੀਂ ਨਜ਼ਰ ਨਾਲ ਵੇਖਿਆ। ਕਿਤੇ ਇਹ ਕੋਈ ਛਲ ਕਪਟ ਤਾਂ ਨਹੀਂ ਕਰ ਰਿਹਾ। ਈਸ਼ਰ ਨੂੰ ਉਸ ਦੀਆਂ ਅੱਖਾਂ ਵਿੱਚ ਸਤਿਕਾਰ ਦੀ ਭਾਵਨਾ ਨਜ਼ਰ ਆਈ। "ਬਾਈ ਇੱਕ ਵਾਰ ਮੇਰੇ ਘਰ ਚੱਲ। ਦੁੱਧ ਪੀ ਕੇ ਆ ਜਾਵੀ।" ਨੌਜਵਾਨ ਨੇ ਹੱਥ ਜੋੜੇ। ਈਸ਼ਰ ਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਯਾਦ ਆ ਗਈ। ਕੈਨੇਡਾ ਸਰਕਾਰ ਨੇ ਇਸ ਜਹਾਜ਼ ਦਾ ਇੱਕ ਵੀ ਮੁਸਾਫਰ ਕੈਨੇਡਾ ਦੀ ਧਰਤੀ ਉਤੇ ਉਤਰਨ ਨਹੀਂ ਸੀ ਦਿੱਤਾ। ਕਈ ਦਿਨ ਸਮੁੰਦਰ ਵਿੱਚ ਹੀ ਬੰਦੂਕਾਂ ਦੀ ਛਾਵੇਂ ਇਹ ਜਹਾਜ਼ ਰੋਕੀ ਰੱਖਿਆ। ਮੁਸਾਫਰਾਂ ਕੋਲ ਖਾਣ ਪੀਣ ਦਾ ਸਾਮਾਨ ਮੁੱਕ ਗਿਆ ਸੀ। ਫਿਰ ਬਹੁਤ ਸਾਰੇ ਪੰਜਾਬੀ ਇਕੱਠੇ ਹੋਏ ਤੇ ਖਾਣ ਪੀਣ ਦਾ ਬੇਅੰਤ ਸਮਾਨ ਲੈ ਕੇ ਸਮੁੰਦਰ ਵਿੱਚ ਆਪਣੇ ਭਰਾਵਾਂ ਨੂੰ ਆ ਮਿਲੇ। ਈਸ਼ਰ ਵੀ ਨਾਲ ਗਿਆ ਸੀ। ਇਹ ਜਹਾਜ਼ ਉਸੇ ਤਰ੍ਹਾਂ ਵਾਪਸ ਮੋੜ ਦਿੱਤਾ ਸੀ। ਈਸ਼ਰ ਨੇ ਵੇਖ ਲਿਆ ਕਿ ਨੌਜਵਾਨ ਦੇ ਚਿਹਰੇ ਉਤੇ

ਉਸ ਭਾਰੀ ਦੁੱਖ ਦੇ ਹਾਲੇ ਵੀ ਨਿਸ਼ਾਨ ਉਕਰੇ ਹੋਏ ਹਨ।

"ਚਲ ਬਈ ਜੁਆਨਾ ਫਿਰ ਤੇਰਾ ਘਰ ਵੇਖ ਆਈਏ ਪਰ ਇੱਕ ਗੱਲ ਐ ਸਿੱਧੇ ਘਰ ਜਾਣਾ। ਰਾਹ ਵਿੱਚ ਨਹੀਂ ਰੁਕਣਾ। ਮੈਂ ਅੱਗੇ ਆਪਣੇ ਪਿੰਡ ਵੀ ਜਾਣਾ।" ਈਸ਼ਰ ਦੀ ਗੱਲ ਸੁਣ ਕੇ ਉਹ ਨੌਜਵਾਨ ਖੁਸ਼ ਹੋ ਗਿਆ।

ਥੋੜ੍ਹੀ ਦੂਰ ਜਾ ਕੇ ਉਹ ਇੱਕ ਘਰ ਅੱਗੇ ਰੁਕਿਆ।

"ਆ ਜਾਹ ਬਾਈ !" ਆਖ ਕੇ ਉਹ ਅੰਦਰ ਲੰਘਿਆ। ਈਸ਼ਰ ਦੀ ਉਸ ਦੇ ਨਾਲ ਘਰ ਵਿੱਚ ਚਲਾ ਲਿਆ। ਈਸ਼ਰ ਨੇ ਆਸੇ ਪਾਸੇ ਝਾਤ ਮਾਰੀ। ਨਿੱਕਾ ਜਿਹਾ ਕੱਚਾ ਘਰ। ਦੋ ਕਮਰੇ। ਸੱਜੇ ਹੱਥ ਇੱਕ ਵਰਾਂਡਾ। ਵਰਾਂਡੇ ਵਿੱਚ ਇੱਕ ਨਿੱਕਾ ਜਿਹਾ ਕਮਰਾ। ਨੌਜਵਾਨ ਈਸ਼ਰ ਨੂੰ ਇਸ ਕਮਰੇ ਵਿੱਚ ਲੈ ਆਇਆ। ਈਸ਼ਰ ਮੰਜੇ ਉਤੇ ਬੈਠ ਗਿਆ। ਨੌਜਵਾਨ ਦੀ ਘਰ ਵਾਲੀ ਦੁੱਧ ਦਾ ਛੰਨਾ ਲੈ ਆਈ। ਕਾੜ੍ਹਨੀ ਦਾ ਗਰਮ ਦੁੱਧ ਪੀ ਕੇ ਈਸ਼ਰ ਨੂੰ ਬੜਾ ਚੰਗਾ ਲੱਗਾ। ਫਿਰ ਈਸਰ ਨੇ ਆਸੇ ਪਾਸੇ ਨਿਗਾਹ ਮਾਰੀ। ਘਰ ਦੀ ਹਾਲਤ ਹੀ ਘਰ ਦੀ ਸਾਰੀ ਤਸਵੀਰ ਦੱਸ ਰਹੀ ਸੀ।

"ਤੇਰਾ ਨਾਂ ਕੀ ਐ ਬਈ ਜੁਆਨਾ? " ਈਸ਼ਰ ਨੇ ਐਵੇਂ ਸਧਾਰਨ ਹੀ ਪੁੱਛਿਆ।

"ਬਾਈ ਮੇਰਾ ਨਾਂਅ ਐ ਰੁਲਦੂ। ਪਲੇਗ ਦੀ ਬਿਮਾਰੀ ਮੌਕੇ ਮੇਰੇ ਮਾਂ-ਬਾਪ ਚੱਲ ਵਸੇ ਸਨ। ਘਰ ਵਿੱਚ ਬਹੁਤ ਤੰਗੀ ਸੀ। ਮੈਂ ਔਖੇ ਸੌਖੇ ਪੈਸੇ ਇਕੱਠੇ ਕੀਤੇ ਤੇ ਕੈਨੇਡਾ ਨੂੰ ਤੁਰ ਗਿਆ। ਮਾੜੀ ਕਿਸਮਤ ਕਿ ਜਹਾਜ਼ ਸਿਰੇ ਨਾ ਲੱਗਾ। ਕਈ ਮਹੀਨੇ ਅਸੀਂ ਸਮੁੰਦਰ ਵਿੱਚ ਕੱਢੇ। ਉਹ ਤਾਂ ਸਾਨੂੰ ਪਤੈ। ਅਸੀਂ ਤਾਂ ਘਰ ਮੁੜਨ ਦੀ ਆਸ ਲਾਹ ਦਿੱਤੀ ਸੀ। ਕੁਝ ਵੀ ਨਹੀਂ ਸੀ ਖਾਣ ਪੀਣ ਨੂੰ। ਤੁਸੀਂ ਸਾਡੀ ਬਹੁਤ ਮਦਦ ਕੀਤੀ। ਸਾਨੂੰ ਮਰਦਿਆਂ ਨੂੰ ਬਚਾਇਆ। ਮੈਂ ਤਾਂ ਬਾਈ ਤੈਨੂੰ ਦੂਰੋਂ ਝੱਟ ਪਛਾਣ ਲਿਆ ਸੀ। ਅਸੀਂ ਥੋੜਾ ਦੇਣ ਨਹੀਂ ਦੇ ਸਕਦੇ। ਅੱਜ ਅਸੀਂ ਆਪਣੇ ਟੱਬਰ ਵਿੱਚ ਬੈਠੇ ਆਂ, ਇਹ ਥੋੜੀ ਮਿਹਰਬਾਨੀ ਐ।"

"ਨਹੀਂ ਵੀਰ ਮੇਰਿਆ। ਇਹ ਪ੍ਰਮਾਤਮਾ ਦੀ ਮਿਹਰ ਸਮਝੋ। ਬੰਦਾ ਕੀ ਕਰ ਸਕਦੈ !" ਈਸ਼ਰ ਨਿਮਰਤਾ ਨਾਲ ਬੋਲਿਆ। ਈਸਰ ਨੇ ਵੇਖਿਆ ਕਿ ਰੁਲਦੂ ਦੀ ਘਰ ਵਾਲੀ ਉਨ੍ਹਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਸੀ।

"ਚਲੋ ਦੱਸੋ ਹੁਣ ਤੁਹਾਡਾ ਕੀ ਹਾਲ ਐ? " ਈਸ਼ਰ ਨੂੰ ਉਨ੍ਹਾਂ ਦੇ ਘਰ ਦੀ ਹਾਲਤ ਕੁਝ ਮੰਦੀ ਜਾਪ ਰਹੀ ਸੀ।

"ਹਾਲ ਵੀਰੇ ਸਾਡਾ ਕਾਹਦਾ ! ਜਦੋਂ ਇਹ ਕੈਨੇਡਾ ਗਿਆ ਸੀ। ਉਦੋਂ ਅਸੀਂ ਇੱਕ ਘੁਮਾਂ ਜ਼ਮੀਨ ਪਿੰਡ ਦੇ ਬਾਣੀਏ ਕੋਲ ਗਹਿਣੇ ਰੱਖੀ ਸੀ। ਉਹ ਜ਼ਮੀਨ ਤਾਂ ਛੁਡਾ ਨਹੀਂ ਹੋਈ ਪਰ ਉਸ ਤੋਂ ਵਿਆਜੂ ਹੋਰ ਪੈਸੇ ਫੜੇ ਲਏ। ਸਾਡੇ ਸਿਰੋਂ ਤਾਂ ਬਾਣੀਏ ਦੇ ਪੈਸੇ ਨਹੀਂ ਲਹਿੰਦੇ। ਸਾਡੇ ਜਵਾਕ ਹਾਲੇ ਨਿਆਣੇ ਆਂ! ਰੁਲਦੂ ਦੀ ਘਰ ਵਾਲੀ ਨੇ ਘਰ ਦੀ ਸਾਰੀ ਹਾਲਤ ਬਿਆਨ ਕਰ ਦਿੱਤੀ।

"ਬਾਣੀਏ ਦਾ ਨਾਂ ਕੀ ਐ? "

"ਉਹਦਾ ਨਾਂ ਐ ਬਾਈ ਭਾਨੂੰ ਮੱਲ। ਲਾਗੇ ਈ ਉਹਦੀ ਹੱਟੀ ਐ, ਨਸੂੜੇ ਕੋਲ।" ਰੁਲਦੂ ਬੋਲਿਆ।

"ਚੰਗਾ ਭਰਾਵਾ ਮੈਂ ਹੁਣ ਚੱਲਦਾ ਤੇ ਕਦੇ ਫੇਰ ਮਿਲੂੰਗਾ ਤੁਹਾਨੂੰ !" ਈਸ਼ਰ ਨੇ ਪੈਰੀਂ ਜੁੱਤੀ ਪਾ ਲਈ।

"ਬਾਈ ਹੁਣ ਤਾਂ ਦਿਨ ਛੁਪ ਗਿਆ। ਏਨੇ ਕੁਵੇਲੇ ਤੂੰ ਕਿਥੇ ਜਾਏਂਗਾ! ਰੁੱਖੀ ਮਿੱਸੀ ਖਾ ਕੇ ਏਥੇ ਈ ਪੈ ਜਾਹ। ਸਵੱਖਤੇ ਚਲਾ ਜਾਈਂ !" ਰੁਲਦੂ ਹੱਥ ਬੰਨ੍ਹ ਕੇ ਖਲੋ ਗਿਆ।

"ਕੋਈ ਗੱਲ ਨਹੀਂ। ਮੈਂ ਦੁੱਧ ਛਕ ਲਿਆ ਤੇ ਠੀਕ ਐ!"

"ਨਾ ਵੀਰ ਇਉਂ ਨਾ ਕਰ। ਤੁਸੀਂ ਇਸ ਨੂੰ ਸਮੁੰਦਰ ਵਿੱਚ ਆਸਰਾ ਦਿੱਤਾ ਸੀ ਤੇ ਅਸੀਂ ਤੈਨੂੰ ਇੱਕ ਡੰਗ ਰੋਟੀ ਨੀ ਖਵਾ ਸਕਦੇ। ਕੋਈ ਨਾ ਵੀਰ ਇਹ ਘਰ ਤੂੰ ਆਪਣਾ ਸਮਝ।" ਈਸ਼ਰ ਨਾਂਹ ਨਾ ਕਰ ਸਕਿਆ। ਉਸ ਨੇ ਉਥੇ ਹੀ ਰਹਿਣ ਦਾ ਮਨ ਬਣਾ ਲਿਆ। ਧੰਨ ਹਨ ਸਾਡੇ ਲੋਕ। ਕਿੰਨਾ ਪਿਆਰ ਸਤਿਕਾਰ।

ਰੁਲਦੂ ਨੇ ਕਮਰੇ ਵਿੱਚ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਦਿੱਤਾ। ਉਸ ਦੀ ਘਰ ਵਾਲੀ ਰੋਟੀ ਬਨਾਉਣ ਲੱਗੀ। ਰੁਲਦੂ ਨੇ ਮੱਝ ਅੰਦਰ ਬੰਨ੍ਹੀ ਤੇ ਉਹ ਫਿਰ ਈਸ਼ਰ ਕੋਲ ਆ ਬੈਠਾ। ਈਸ਼ਰ ਬੜਾ ਹੈਰਾਨ ਸੀ ਕਿ ਅੱਜ ਅਜੀਬ ਘਟਨਾ ਵਾਪਰੀ ਹੈ। ਨਾ ਜਾਣ ਨਾ ਪਹਿਚਾਣ। ਪੰਜਾਬੀਆਂ ਵਰਗੀ ਫਰਾਖ਼ਦਿਲੀ ਕਿਤੇ ਵੀ ਨਹੀਂ। ਈਸ਼ਰ ਨੇ ਉਥੇ ਬੈਠ ਕੇ ਰੋਟੀ ਖਾਧੀ। ਗਰਮ ਦੁੱਧ ਪੀਤਾ। ਏਨੇ ਨੂੰ ਬਾਹਰੋਂ ਆਵਾਜ਼ ਆਈ, "ਰੁਲਦੂ ਸਿੰਹਾਂ ਘਰ ਈ ਐ? "

"ਆਹ ਜਾਹ !" ਰੁਲਦੂ ਨੇ ਅਵਾਜ਼ ਦਿੱਤੀ। ਇੱਕ ਮਾੜੂਆ ਜਿਹਾ ਬਾਣੀਆ ਸਿਰ ਉਤੇ ਪੱਗ ਬੰਨ੍ਹੀ ਅੰਦਰ ਲੰਘ ਆਇਆ।

"ਮੈਂ ਤਾਂ ਭਾਈ ਹੱਟੀ ਬੰਦ ਕਰਕੇ ਆਇਆ ਸੀ। ਮਖ ਮੈਂ ਜਾਂਦਾ ਹੋਇਆ ਰੁਲਦੂ ਨੂੰ ਮਿਲ ਚੱਲਾਂ।" ਬਾਣੀਆ ਮਿੱਠੀ ਅਵਾਜ਼ ਵਿੱਚ ਬੋਲਿਆ।

"ਰੋਟੀ ਖਾ ਲੈ !" ਰੁਲਦੂ ਨੇ ਐਵੇਂ ਫੋਕੀ ਸੁਲਾਹ ਮਾਰੀ।

"ਆਪਣਾ ਕੁਝ ਵੰਡਿਆ। ਇੱਕੋ ਗੱਲ ਐ। ਉਧਰ ਵੀ ਰੋਟੀ ਤੇਰੀ ਐ।" ਬਾਣੀਏ ਨੇ ਫਿੱਕਾ ਜਿਹਾ ਹੱਸਣ ਦਾ ਯਤਨ ਕੀਤਾ। ਫਿਰ ਉਸ ਨੇ ਈਸ਼ਰ ਵੱਲ ਝਾਤ ਮਾਰੀ।

"ਕੋਈ ਲਾਮ੍ਹ ਤੋਂ ਆਇਆ।" ਰੁਲਦੂ ਦੀ ਘਰ ਵਾਲੀ ਨੇ ਅੱਗੇ ਹੋ ਕੇ ਕਿਹਾ।

"ਕੋਈ ਨਾ ਭਾਈ ਵੱਸਦੇ ਘਰਾਂ 'ਚ ਆਉਣ ਜਾਣ ਬਣਿਆ ਰਹਿੰਦਾ !" ਫਿਰ ਉਹ ਈਸ਼ਰ ਵੱਲ ਵੇਖ ਕੇ ਰਹਿਣ ਲੱਗਾ, "ਕਿਹੜਾ ਪਿੰਡ ਐ ਬਈ ਜੁਆਨ ਦਾ? "

"ਜੀ ਵੱਡਾ ਘਰ !" ਈਸ਼ਰ ਝੱਟ ਬੋਲਿਆ। ਉਹ ਇਹ ਵੀ ਸਮਝ ਗਿਆ ਕਿ ਇਹੋ ਭਾਨੂੰ ਮੱਲ ਐ।

"ਲੈ ਵੱਡੇ ਘਰ ਤਾਂ ਮੇਰੀ ਭੂਆ ਹੁੰਦੀ ਸੀ। ਕਈ ਸਾਲ ਹੋ ਗਏ ਉਹ ਤਾਂ ਗੁਜ਼ਰ ਗਈ ਸੀ ਪਰ ਭੂਆ ਮੇਰੀ ਮੇਰੀ ਚੰਗੀ ਬਹੁਤ ਸੀ।" ਭਾਨੂੰ ਮੱਲ ਨੇ ਆਪਣੀ ਕਹਾਣੀ ਸ਼ੁਰੂ

ਕਰ ਲਈ।

"ਆਓ ਲਾਲਾ ਜੀ ਬਹਿ ਜਾਓ!"

"ਇਹ ਤਾਂ ਜੀ ਆਪਣਾ ਈ ਘਰ ਐ। ਰੁਲਦੂ ਨਾਲ ਸਾਡਾ ਕੋਈ ਫਰਕ ਨਹੀਂ।" ਭਾਨੂੰ ਮੱਲ ਫਿੱਕਾ ਜਿਹਾ ਹੱਸ ਕੇ ਈਸ਼ਰ ਦੇ ਮੰਜੇ ਉਤੇ ਬਹਿ ਗਿਆ।

"ਰੁਲਦੂ ਬੰਦਾ ਈ ਬਹੁਤ ਚੰਗਾ। ਹੁਣ ਸਾਡੀ ਬਹੁਤ ਪੁਰਾਣੀ ਸਾਂਝ ਤੁਰੀ ਆਉਂਦੀ ਐ। ਇਹ ਹੱਟੀ ਤੋਂ ਜਿਹੜੀ ਚੀਜ਼ ਮਰਜ਼ੀ ਲੈ ਆਵੇ ਮੈਂ ਕਦੇ ਨਾਂਹ ਨਹੀਂ ਕੀਤੀ!" ਬਾਣੀਏ ਦੀ ਗੱਲ ਸੁਣ ਕੇ ਈਸਰ ਅੰਦਰਖਾਤੇ ਸੋਚਣ ਲੱਗਾ ਕਿ ਤੂੰ ਨਾਂਹ ਤਾਂ ਕਦੇ ਨਹੀਂ ਕੀਤੀ ਪਰ ਆਪਣੀ ਵਹੀ ਤਾਂ ਇਸ ਦੇ ਨਾਂ ਨਾਲ ਭਰ ਰਿਹਾ ਹੋਵੇਗਾ। ਗਹਿਣੇ ਵਾਲੀ ਘੁਮਾਂ ਪੈਲੀ ਨਹੀਂ ਛੁਡਾਈ ਗਈ। ਹੋਰ ਪੈਸੇ ਸਗੋਂ ਉਧਾਰ ਲੈ ਲਏ। ਵਿਆਜ਼ ਵਧ ਰਿਹੈ। ਹੌਲੀ-ਹੌਲੀ ਰੁਲਦੂ ਤੋਂ ਇੱਕ ਘੁਮਾਂ ਹੋਰ ਜ਼ਮੀਨ ਭਾਨੂੰ ਮੱਲ ਕੋਲ ਚਲੀ ਜਾਵੇਗੀ।

ਈਸ਼ਰ ਸਿੰਘ ਫਿਰ ਹੌਲੀ ਜਿਹੀ ਕਹਿਣ ਲੱਗਾ, "ਸੇਠ ਜੀ, ਰੁਲਦੂ ਤਾਂ ਵਿਚਾਰਾ ਆਪਣਾ ਟਾਈਮ ਪਾਸ ਕਰਦਾ। ਇਸ ਤੋਂ ਹੌਲੀ ਹੌਲੀ ਆਪਣਾ ਮੂਲ ਹੀ ਲੈ ਲਓ। ਇਸ ਕੋਲੋਂ ਤਾਂ ਲੱਗਦਾ ਮੂਲ ਵੀ ਛੇਤੀ ਨਹੀਂ ਮੋੜਿਆ ਜਾਣਾ!"

"ਉਹ ਤਾਂ ਜੀ ਥੋਡੀ ਗੱਲ ਠੀਕ ਐ ਪਰ ਲੇਖਾ ਤਾਂ ਜੀ ਮਾਵਾਂ ਧੀਆਂ ਦਾ ਵੀ ਹੁੰਦਾ। ਇੱਕ ਹੱਥ ਲੈ ਤੇ ਦੂਜੇ ਹੱਥ ਦੇ!"

"ਗੱਲ ਤਾਂ ਸੇਠ ਜੀ ਥੋਡੀ ਖਰੀ ਐ। ਮੈਂ ਤਾਂ ਇਸ ਦੀ ਘਰ ਦੀ ਹਾਲਤ ਵੇਖ ਕੇ ਕਿਹਾ।"

"ਉਹ ਤਾਂ ਜੀ ਮੈਨੂੰ ਪਤਾ। ਤਾਂ ਹੀ ਮੈਂ ਰੁਲਦੂ ਨਾਲ ਕੋਈ ਫਰਕ ਨਹੀਂ ਰੱਖਦਾ?"

"ਸੇਠ ਜੀ, ਮੇਰੇ ਦੋ ਭਰਾ ਬਾਹਰ ਕੈਨੇਡਾ ਵਿੱਚ ਗਏ ਐ। ਇੱਕ ਫੌਜ ਵਿੱਚ ਐ ਤੇ ਮੈਂ ਪਿੰਡ ਖੇਤੀ ਕਰਦਾ। ਮੇਰਾ ਰੁਲਦੂ ਨਾਲ ਭਰਾਵਾਂ ਵਰਗਾ ਪਿਆਰ ਐ। ਐਤਕੀਂ ਦਾਣੇ ਕੱਢ ਕੇ ਮੈਂ ਰੁਲਦੂ ਦੀ ਮਦਦ ਜ਼ਰੂਰ ਕਰੂੰਗਾ।" ਪਿਛਲਾ ਹਿਸਾਬ ਕਿਤਾਬ ਨਿਬੜੇ ਤੇ ਅਗਾਂਹ ਨੂੰ ਫੇਰ ਸਹੀ!" ਬਾਣੀਆ ਸੂਦਖੋਰਾਂ ਵਾਲੀ ਗੱਲ ਕਰ ਗਿਆ।

"ਸੇਠ ਜੀ ਰੁਲਦੂ ਨੇ ਥੋਡੇ ਕਿੰਨੇ ਪੈਸੇ ਦੇਣੇ ਐ?"

"ਭਾਈ ਤੂੰ ਕਿਹੜੀਆਂ ਗੱਲਾਂ ਕਰਦੈਂ। ਕਾਗਜ਼ ਕਰਾਏ ਹੋਏ ਐ। ਨਾਲੇ ਕਾਗਜ਼ਾਂ ਦਾ ਕੀ ਹੁੰਦਾ। ਸਾਡਾ ਤਾਂ ਪਰੇਮ ਈ ਬਹੁਤ ਐ!" ਬਾਣੀਆ ਦੋਵੇਂ ਪਾਸੇ ਰੱਖ ਰਿਹਾ ਸੀ।

ਰੁਲਦੂ ਬਾਣੀਏ ਨੂੰ ਵੀ ਦੁੱਧ ਦਾ ਗਿਲਾਸ ਫੜਾ ਗਿਆ।

"ਸੇਠ ਜੀ, ਇੱਕ ਮਿੰਟ ਮੈਂ ਆਇਆ!" ਈਸ਼ਰ ਏਨੀ ਆਖ ਕੇ ਰੁਲਦੂ ਕੋਲ ਆ ਗਿਆ। ਉਸ ਦੀ ਘਰ ਵਾਲੀ ਵੀ ਕੋਲ ਖਲੋਤੀ ਸੀ।

"ਰੁਲਦੂ ਵੀਰੇ, ਤੁਸੀਂ ਦੋਹਾਂ ਨੇ ਬਿਲਕੁਲ ਨਹੀਂ ਬੋਲਣਾ। ਚੂੰਅ ਵੀ ਨਹੀਂ ਕਹਿਣੀ। ਬਾਹਰਲਾ ਬਾਰ ਬੰਦ ਕਰ ਦਿਓ। ਮੈਂ ਜ਼ਰਾ ਭਾਨੂੰ ਮੱਲ ਨਾਲ ਹਿਸਾਬ ਕਿਤਾਬ

ਕਰ ਲਵਾਂ। ਤੁਸੀਂ ਮੇਰੇ ਨੇੜ ਵੀ ਨਹੀਂ ਆਉਣਾ!" ਈਸ਼ਰ ਦੀ ਗੱਲ ਸੁਣ ਕੇ ਰੁਲਦੂ ਤੇ ਉਸ ਦੀ ਘਰ ਵਾਲੀ ਕੰਬਣ ਲੱਗ ਪਏ। ਉਨ੍ਹਾਂ ਦੇ ਮੂੰਹੋਂ ਇੱਕ ਵੀ ਸ਼ਬਦ ਨਾ ਨਿਕਲਿਆ। ਰੁਲਦੂ ਕੰਬਦੇ ਹੱਥਾਂ ਨਾਲ ਬਾਹਰਲਾ ਬਾਰ ਬੰਦ ਕਰ ਆਇਆ ਤੇ ਈਸ਼ਰ ਵਾਪਸ ਭਾਨੂੰ ਮੱਲ ਕੋਲ ਆ ਗਿਆ। ਉਸ ਨੇ ਕਮਰੇ ਦਾ ਬਾਰ ਬੰਦ ਕੀਤਾ ਤੇ ਖੀਸੇ ਵਿੱਚੋਂ ਪਸਤੌਲ ਕੱਢ ਲਿਆ। ਪਸਤੌਲ ਵੇਖ ਕੇ ਭਾਨੂੰ ਮੱਲ ਦਾ ਸਾਹ ਚੜ੍ਹ ਗਿਆ। ਕੰਬਦੇ ਹੱਥਾਂ ਵਿੱਚੋਂ ਦੁੱਧ ਵਾਲਾ ਗਿਲਾਸ ਡਿੱਗ ਪਿਆ।

"ਹੈਂ...ਅ!" ਭਾਨੂੰ ਮੱਲ ਏਨੀ ਹੀ ਆਖ ਸਕਿਆ। ਫਿਰ ਉਹ ਕੰਬਦਾ ਹੋਇਆ ਈਸ਼ਰ ਦੇ ਪੈਰਾਂ ਵਿੱਚ ਡਿੱਗ ਪਿਆ। ਈਸਰ ਨੇ ਉਸ ਦੇ ਜ਼ੋਰ ਨਾਲ ਲੱਤ ਮਾਰੀ ਤੇ ਉਹ ਇੱਕ ਪਾਸੇ ਨੂੰ ਡਿੱਗ ਪਿਆ।

"ਓ ਸਰਦਾਰਾ ਜਿਵੇਂ ਤੂੰ ਕਹੇਂਗਾ ਮੈਂ ਉਸੇ ਤਰ੍ਹਾਂ ਕਰਨ ਨੂੰ ਤਿਆਰ ਆਂ। ਮੈਨੂੰ ਬਖਸ਼ ਦੇ।" ਭਾਨੂੰ ਨੇ ਗੋਡਿਆਂ ਭਾਰ ਹੋ ਕੇ ਦੋਵੇਂ ਹੱਥ ਜੋੜੇ। ਈਸ਼ਰ ਦੇ ਸੱਜੇ ਹੱਥ ਵਿੱਚ ਪਸਤੌਲ ਸੀ। ਉਸ ਨੇ ਭਾਨੂੰ ਮੱਲ ਨੂੰ ਖੱਬੇ ਹੱਥ ਨਾਲ ਉਠਣ ਦਾ ਇਸ਼ਾਰਾ ਕੀਤਾ। ਭਾਨੂੰ ਮੱਲ ਹੌਲੀ ਹੌਲੀ ਉਠ ਖਲੋਤਾ। ਫਿਰ ਈਸ਼ਰ ਨੇ ਖੱਬੇ ਹੱਥ ਦਾ ਘਸੁੰਨ ਭਾਨੂੰ ਦੇ ਮੂੰਹ ਉਤੇ ਜੜਿਆ। ਉਹ ਮੰਜੇ ਉਤੇ ਜਾ ਡਿੱਗਾ।

"ਅੱਜ ਨਹੀਂ ਮੈਂ ਬਚਦਾ। ਸਰਦਾਰ ਮੈਨੂੰ ਮਾਫ ਕਰ ਦੇ !" ਭਾਨੂੰ ਨੇ ਫੇਰ ਮਿੰਨਤ ਕੀਤੀ। ਈਸ਼ਰ ਨੇ ਪਸਤੌਲ ਉਸ ਦੇ ਵੱਲ ਕਰਕੇ ਕਿਹਾ, "ਮੈਂ ਤੇਰਾ ਸਾਰਾ ਹਿਸਾਬ ਅੱਜ ਨਬੇੜ ਕੇ ਜਾਊਂਗਾ।"

"ਸਰਦਾਰਾ, ਮੈਂ ਤੇਰੇ ਪੈਰ ਫੜਦਾਂ। ਮੈਂ ਤੇਰੀ ਹਰ ਗੱਲ ਮੰਨਣ ਨੂੰ ਤਿਆਰ ਆ। ਮੇਰੀ ਮੁੰਨੀ ਦਾ ਵਿਆਹ ਧਰਿਆ ਹੋਇਆ। ਜੇ ਮੈਨੂੰ ਕੁਝ ਹੋ ਗਿਆ ਤਾਂ ਮੇਰਾ ਸਾਰਾ ਘਰ ਪੱਟਿਆ ਜਾਊ।"

"ਜਿਹੜਾ ਤੂੰ ਦੂਜਿਆਂ ਤੇ ਘਰ ਪੱਟਦੈਂ!"

"ਮੈਂ ਅਗਾਂਹ ਨੂੰ ਕੁਝ ਨਹੀਂ ਕਹਿੰਦਾ। ਹੁਣ ਮਾਫ ਕਰ ਦੇ।"

"ਪਹਿਲਾਂ ਰੁਲਦੂ ਵਾਲੇ ਸਾਰੇ ਕਾਗਜ਼ ਹੁਣੇ ਚੁੱਕ ਕੇ ਲਿਆ। ਨਹੀਂ ਆਹ ਵੇਖ।" ਤੇ ਈਸ਼ਰ ਨੇ ਪਿਸਤੌਲ ਉਸ ਦੀ ਪੁੜਪੜੀ ਉਤੇ ਰੱਖ ਦਿੱਤਾ।

"ਸਰਦਾਰਾ, ਪਹਿਲਾਂ ਇਹਨੂੰ ਪਰ੍ਹੇ ਕਰ। ਮੈਂ ਦਿਲ ਦਾ ਬਹੁਤ ਕਮਜ਼ੋਰ ਆਂ। ਮੇਰਾ ਤਾਂ ਹੁਣੇ ਧੰਦਾ ਭੁਗਤ ਜਾਊਗਾ। ਮੇਰੇ ਨਿੱਕੇ ਬੱਚੇ ਕੀ ਕਰਨਗੇ।"

"ਕਾਗਜ਼ ਲਿਆਵੇਂਗਾ? "

"ਮੈਂ ਕਿਹਾ ਸਰਦਾਰਾ ਹੁਣ ਲਿਆਇਆ ਪਰ ਮੈਨੂੰ ਬਖਸ਼ ਦੇ।"

"ਬਾਹਰ ਜਾ ਕੇ ਰੌਲਾ ਤਾਂ ਨਹੀਂ ਪਾਉਂਦਾ? "

" ਨਾ ਨਾ । ਮੇਰੀ ਜਾਣੇ ਬਲਾਅ। ਮੈਂ ਸਾਰੇ ਕਾਗਜ਼ ਹੁਣੇ ਲਿਆਇਆ !"

"ਧਿਆਨ ਨਾਲ ਸੁਣ ਲੈ। ਜੇ ਕਾਗਜ਼ ਨਾ ਲੈ ਕੇ ਆਇਆ ਤਾਂ ਮੈਂ ਤੈਨੂੰ ਛੱਡਣਾ ਨਹੀਂ। ਜੇ ਅੱਜ ਤੂੰ ਘਰ ਜਾ ਕੇ ਛੁਪ ਗਿਆ ਤਾਂ ਮੈਂ ਕਿਸੇ ਦਿਨ ਫੇਰ ਆ

ਜਾਊਂਗਾ।"

"ਮੈਂ ਕਿਹਾ ਦੇਵੀ ਦੀ ਸਹੁੰ। ਮੈਂ ਗਿਆ ਤੇ ਆਇਆ।" ਤੇ ਫਿਰ ਈਸ਼ਰ ਨੇ ਉਸ ਦੀ ਪੁੜਪੜੀ ਤੋਂ ਪਿਸਤੌਲ ਪਰ੍ਹੇ ਕਰ ਲਿਆ। ਭਾਨੂੰ ਮੱਲ ਬਾਰ ਖੋਲ੍ਹ ਕੇ ਘਰ ਨੂੰ ਤੁਰ ਪਿਆ। ਬਾਹਰ ਰੁਲਦੂ ਤੇ ਉਸ ਦੀ ਘਰ ਵਾਲੀ ਹੱਥ ਬੰਨ੍ਹੀ ਖਲੋਤੇ ਸਨ। ਉਨ੍ਹਾਂ ਦੇ ਮੂੰਹੋਂ ਇੱਕ ਵੀ ਸ਼ਬਦ ਨਹੀਂ ਸੀ ਨਿਕਲ ਰਿਹਾ।

ਕੁਝ ਚਿਰ ਬਾਅਦ ਭਾਨੂੰ ਮੱਲ ਵਾਪਸ ਮੁੜ ਆਇਆ। ਕਮਰੇ ਵਿੱਚ ਰੁਲਦੂ ਤੇ ਉਸ ਦੀ ਘਰ ਵਾਲੀ ਵੀ ਆ ਗਏ। ਉਹ ਹਾਲੇ ਵੀ ਦੋਵੇਂ ਕੰਬ ਰਹੇ ਸਨ।

"ਆਹ ਲਓ। ਆਹ ਲਓ ਸਾਰੇ ਕਾਗਜ਼।" ਭਾਨੂੰ ਮੱਲ ਦਾ ਸਾਹ ਚੜ੍ਹਿਆ ਹੋਇਆ ਸੀ। ਹੱਥ ਉਸ ਦੇ ਕੰਬ ਰਹੇ ਸਨ।

"ਰੁਲਦੂ ਵੇਖ ਕਾਗਜ਼ !" ਫਿਰ ਰੁਲਦੂ ਨੇ ਭਾਨੂੰ ਮੱਲ ਤੋਂ ਕਾਗਜ਼ ਫੜ ਕੇ ਦੀਵੇ ਦੇ ਚਾਨਣ ਵਿੱਚ ਗੌਰ ਨਾਲ ਵੇਖੇ।

"ਇਹੀ ਕਾਗਜ਼ ਐ? "

"ਹਾਂ ਬਾਈ!" ਰੁਲਦੂ ਦੀ ਅਵਾਜ਼ ਕੰਬ ਰਹੀ ਸੀ।

"ਜ਼ਮੀਨ ਦੇ ਗਹਿਣੇ ਵਾਲੇ ਕਾਗਜ਼? " ਈਸ਼ਰ ਸਖਤੀ ਨਾਲ ਬੋਲਿਆ।

"ਸਰਦਾਰਾ, ਜ਼ਮੀਨ ਮੈਂ ਛੱਡੀ!" ਭਾਨੂੰ ਨੇ ਦੋਵੇਂ ਕੰਨ ਫੜ ਲਏ।

"ਚੰਗਾ ਇਉਂ ਕਰ। ਇਨ੍ਹਾਂ ਕਾਗਜ਼ਾਂ ਉਤੇ ਲਿਖਦੇ ਬਈ ਮੈਨੂੰ ਗਹਿਣੇ ਦੇ ਪੈਸੇ ਮਿਲ ਗਏ ਤੇ ਅੱਜ ਤੋਂ ਜ਼ਮੀਨ ਦਾ ਮਾਲਕ ਰੁਲਦੂ।"

"ਸਰਦਾਰਾ ਤੂੰ ਫਿਕਰ ਨਾ ਕਰ । ਰੁਲਦੂ ਤੂੰ ਕਲਮ ਦਵਾਤ ਲਿਆ !" ਰੁਲਦੂ ਅੰਦਰੋਂ ਕਾਲੀ ਸਿਆਹੀ ਤੇ ਕਾਨੇ ਦੀ ਕਲਮ ਚੁੱਕ ਲਿਆਇਆ। ਭਾਨੂੰ ਨੇ ਇੱਕ ਕਾਗਜ਼ ਉਤੇ ਕੁਝ ਲਿਖ ਕੇ ਕਾਗਜ਼ ਈਸ਼ਰ ਨੂੰ ਫੜਾਇਆ। ਈਸ਼ਰ ਕਾਗਜ਼ ਵੱਲ ਵੇਖ ਕੇ ਬੋਲਿਆ, "ਇਹ ਤਾਂ ਪੜ੍ਹਿਆ ਨਹੀਂ ਜਾਂਦਾ!"

"ਸਰਦਾਰਾ, ਮੈਨੂੰ ਤਾਂ ਸਿਰਫ ਲੰਡੇ ਆਉਂਦੇ ਐ। ਗੁਰਮੁਖੀ ਤਾਂ ਮੈਨੂੰ ਆਉਂਦੀ ਨਹੀਂ। ਦੇਵੀ ਦੀ ਸਹੁੰ ਮੈਂ ਆਪਣੇ ਦਸਤਖਤ ਕਰ ਦਿੱਤੇ ਐ !" ਭਾਨੂੰ ਮੱਲ ਨੇ ਫੇਰ ਹੱਥ ਜੋੜੇ।

ਫਿਰ ਈਸ਼ਰ ਨੇ ਕਾਗਜ਼ ਪਾੜ ਕੇ ਰੁਲਦੂ ਨੂੰ ਦੇ ਦਿੱਤੇ ਤੇ ਉਸ ਨੂੰ ਕਹਿਣ ਲੱਗਾ, "ਵੇਖ ਭਰਾਵਾ ਤੂੰ ਜਿਨੇ ਅਸਲ ਪੈਸੇ ਸੇਠ ਤੋਂ ਲਏ ਸੀ ਉਹ ਇਸ ਨੂੰ ਥੋੜ੍ਹੇ ਥੋੜ੍ਹੇ ਕਰਕੇ ਮੋੜ ਦੇਵੀਂ। ਜੇ ਇਹ ਵਿਆਜ਼ ਮੰਗੇ ਮੈਨੂੰ ਦੱਸ ਦੇਵੀਂ।"

"ਸਰਦਾਰਾ ਮੈਂ ਪੈਸੇ ਸਾਰੇ ਛੱਡੇ। ਜਦੋਂ ਹੁਣ ਕਾਗਜ਼ ਹੀ ਪਾੜ ਦਿੱਤੇ । ਤੂੰ ਫਿਕਰ ਨਾ ਕਰੀ।" ਭਾਨੂੰ ਉਥੋਂ ਭੱਜਣ ਨੂੰ ਤਿਆਰ ਸੀ।

"ਚੰਗਾ ਸੇਠ ਤੂੰ ਹੁਣ ਜਾਹ !" ਈਸ਼ਰ ਦੇ ਕਹਿਣ ਦੀ ਦੇਰ ਸੀ ਕਿ ਭਾਨੂੰ ਮੱਲ ਝੱਟ ਘਰ ਨੂੰ ਤੁਰ ਪਿਆ। ਪਿੱਛੋਂ ਈਸ਼ਰ ਕਹਿਣ ਲੱਗਾ, "ਚੰਗਾ ਬਈ ਰੁਲਦੂ ਮੈਂ ਏਥੇ ਹੁਣ ਠਹਿਰ ਨਹੀਂ ਸਕਦਾ। ਮੈਂ ਚੱਲਦਾ। ਬਾਕੀ ਤੂੰ ਘਬਰਾਈਂ ਨਾ । ਕਦੇ ਫੇਰ ਮਿਲਾਂਗੇ।" ਤੇ

ਫਿਰ ਈਸ਼ਰ ਨੇ ਰੁਲਦੂ ਨਾਲ ਹੱਥ ਮਿਲਾਇਆ। ਉਸ ਦੀ ਘਰ ਵਾਲੀ ਦਾ ਸਿਰ ਪਲੋਸਿਆ ਤੇ ਘਰੋਂ ਤੁਰ ਪਿਆ। ਨੇਰ੍ਹੀ ਰਾਤ ਸੀ। ਪਿੰਡ ਦੇ ਘਰਾਂ ਵਿੱਚ ਬੋਲ ਬੁਲਾਰਾ ਹੋ ਰਿਹਾ ਸੀ। ਈਸ਼ਰ ਹੌਲੀ-ਹੌਲੀ ਪਿੰਡ ਨੂੰ ਚੱਲ ਪਿਆ। ਪਿੰਡ ਦੇ ਕੁੱਤੇ ਉਚੀ ਉਚੀ ਭੌਂਕ ਰਹੇ ਸਨ। ਈਸ਼ਰ ਚੱਲ ਰਿਹਾ ਸੀ। ਉਸ ਲਈ ਤਾਂ ਦਿਨ ਰਾਤ ਵਿੱਚ ਕੋਈ ਫਰਕ ਨਹੀਂ ਸੀ। ਹੁਣ ਤਾਂ ਉਸ ਦਾ ਜ਼ਿਆਦਾ ਸਫ਼ਰ ਰਾਤ ਨੂੰ ਹੀ ਸ਼ੁਰੂ ਹੁੰਦਾ ਸੀ। ਈਸ਼ਰ ਵੱਡੇ ਤੜਕੇ ਆਪਣੇ ਪਿੰਡ ਪਹੁੰਚ ਗਿਆ। ਚੁੱਲ੍ਹੇ ਮੂਹਰੇ ਬੈਠ ਕੇ ਉਹ ਹੱਥ ਪੈਰ ਸੇਕ ਰਿਹਾ ਸੀ । ਉਸ ਦੀ ਘਰ ਵਾਲੀ ਰਾਮ ਕੌਰ ਕਹਿਣ ਲੱਗੀ, ਮਾਸਟਰ ਫੇਰਾ ਸਿੰਘ ਅੱਜ ਸਵੱਖਤੇ ਆਇਆ ਸੀ। ਉਹ ਕਹਿ ਕੇ ਗਿਆ ਬਈ ਪਰਸੋਂ ਪਿੰਡ ਵਿੱਚ ਮੀਟਿੰਗ ਐ। ਬਾਹਰੋਂ ਵੀ ਬੰਦੇ ਆਉਣਗੇ।" ਚੰਗਾ ਹੋਇਆ ਮੈਂ ਆ ਗਿਆ। ਈਸ਼ਰ ਸੋਚ ਰਿਹਾ ਸੀ।

## ਪੰਜ

ਗੋਖੂਆਣਾ ਪਿੰਡ ਢੁੱਡੀਕੇ ਦੇ ਚੜ੍ਹਦੇ ਪਾਸੇ ਬਾਹਰ ਖੇਤਾਂ ਵਿੱਚ ਸੰਘਣੇ ਰੁੱਖਾਂ ਦੀ ਇੱਕ ਝਿੜੀ ਸੀ ਜਿਥੇ ਕਿੱਕਰ, ਟਾਹਲੀ, ਨਸੂੜ੍ਹਾ ਤੇ ਪਿੱਪਲ ਦੇ ਸੰਘਣੇ ਦਰੱਖਤ ਸਨ। ਸਰਕੜਾ ਤੇ ਘਾਹ ਫੂਸ ਬਹੁਤ ਸੀ। ਢੁੱਡੀਕੇ ਤੇ ਚੂਹੜਚੱਕ ਦੇ ਲੋਕ ਆਪਣੇ ਪਸ਼ੂ ਆਮ ਹੀ ਏਥੇ ਚਾਰਨ ਲਈ ਲੈ ਆਉਂਦੇ। ਝਿੜੀ ਦੇ ਵਿਚਕਾਰ ਇੱਕ ਛੱਪੜ ਸੀ ਜਿਥੇ ਮੀਂਹਾਂ ਦਾ ਪਾਣੀ ਇਕੱਠਾ ਹੋ ਜਾਂਦਾ ਸੀ। ਛੱਪੜ ਵਿੱਚੋਂ ਪਾਣੀ ਪਿਲਾ ਕੇ ਲੋਕ ਦਿਲ ਢਲੇ ਆਪਣੇ ਪਸ਼ੂਆਂ ਨੂੰ ਘਰਾਂ ਨੂੰ ਮੋੜ ਲਿਆਉਂਦੇ। ਫਿਰ ਝਿੜੀ ਵਿੱਚ ਇੱਕ ਚੁੱਪ ਪਸਰ ਜਾਂਦੀ। ਸਿਰਫ ਕਾਂ, ਚਿੜੀਆਂ, ਘੁੱਗੀਆਂ, ਗੁਟਾਰਾਂ ਤੇ ਮੋਰ ਆਦਿ ਪੰਛੀਆਂ ਦੀਆਂ ਹੀ ਅਵਾਜ਼ਾਂ ਆਉਂਦੀਆਂ । ਅੱਜ ਵੀ ਲੋਕ ਆਪੋ ਆਪਣੇ ਪਸ਼ੂ ਲੈ ਕੇ ਕਦੋਂ ਦੇ ਜਾ ਚੁੱਕੇ ਸਨ। ਦਿਨ ਛੁਪਣ ਵਾਲਾ ਸੀ। ਠੰਡ ਵਧਣ ਲੱਗ ਪਈ ਸੀ। ਦੂਰ ਨੇੜੇ ਗਏ ਪੰਛੀ ਆਪਣੇ ਆਲ੍ਹਣਿਆਂ ਵਿੱਚ ਮੁੜ ਆਏ ਸਨ। ਕਈ ਇਧਰ ਉਧਰ ਉਡਾਰੀਆਂ ਮਾਰ ਰਹੇ ਸਨ। ਝਿੜੀ ਦੀ ਸ਼ਾਂਤ ਫਿਜ਼ਾ ਵਿੱਚ ਪੰਛੀਆਂ ਦਾ ਹੀ ਬੋਲਬਾਲਾ ਸੀ। ਅੱਜ ਇਸ ਝਿੜੀ ਵਿੱਚ ਗਦਰ ਪਾਰਟੀ ਦੇ ਲੀਡਰ ਤੇ ਵਰਕਰ ਇੱਕ ਜ਼ਰੂਰੀ ਮੀਟਿੰਗ ਕਰਨ ਲਈ ਜੁੜ ਬੈਠੇ ਹਨ। ਪੰਛੀਆਂ ਦੀਆਂ ਅਵਾਜ਼ਾਂ ਲਗਾਤਾਰ ਆ ਰਹੀਆਂ ਸਨ ਜਿਵੇਂ ਇਹ ਕਹਿ ਰਹੇ ਹੋਣ ਕਿ ਇਹ ਝਿੜੀ ਤਾਂ ਸਾਡਾ ਰੈਣ ਬਸੇਰਾ ਹੈ। ਘਰਾਂ ਵਿੱਚ ਰਹਿਣ ਵਾਲੇ ਬੰਦਿਆਂ ਦਾ ਭਲਾ ਏਥੇ ਕੀ ਕੰਮ! ਅਜ਼ਾਦ ਤੇ ਭੋਲੇ ਪੰਛੀ ਭਲਾ ਕੀ ਜਾਣਨ ਕਿ ਇਹ ਬੰਦੇ ਵੀ ਆਪਣੀ ਅਜ਼ਾਦੀ ਦੀ ਜੰਗ ਲੜ ਰਹੇ ਹਨ। ਇਹ ਵੀ ਅਜ਼ਾਦ ਪੰਛੀਆਂ ਵਾਂਗ ਰਹਿਣਾ ਚਾਹੁੰਦੇ ਹਨ।

ਸਾਰੇ ਜਣੇ ਭੁੰਜੇ ਘਾਹ ਫੂਸ ਉਤੇ ਬੈਠੇ ਸਨ। ਈਸ਼ਰ ਨੇ ਸਰਸਰੀ ਸਾਰਿਆਂ ਵੱਲ ਝਾਤ ਮਾਰੀ। ਪਾਖਰ ਸਿੰਘ, ਪਾਲਾ ਸਿੰਘ, ਸ਼ਾਮ ਸਿੰਘ, ਪਾਲਾ ਸਿੰਘ ਵੱਡਾ, ਅਰੂੜ ਸਿੰਘ, ਮਹਿੰਦਰ ਸਿੰਘ, ਸੁੰਦਰ ਸਿੰਘ ਤੇ ਬਚਨ ਸਿੰਘ ਪਿੰਡ ਵਾਲੇ ਬੰਦੇ ਬੈਠੇ ਸਨ। ਬਾਹਰੋਂ ਜਵੰਦ ਸਿੰਘ ਨੰਗਲ, ਵੀਰ ਸਿੰਘ ਬਾਹੋਵਾਲ, ਬੰਤਾ ਸਿੰਘ ਸੰਘਵਾਲ,

ਨੰਦ ਸਿੰਘ ਕੈਲੇ ਤੇ ਉਤਮ ਸਿੰਘ ਹਾਂਸ ਆਏ ਹੋਏ ਸਨ। ਮਾਸਟਰ ਫੇਰਾ ਸਿੰਘ ਪਹਿਲਾਂ ਹੀ ਖੇਤਾਂ ਵਿੱਚੋਂ ਸਾਗ ਤੋੜ ਕੇ ਚਲਾ ਗਿਆ ਸੀ। ਸਭ ਤੋਂ ਪਹਿਲਾਂ ਬੰਤਾ ਸਿੰਘ ਸੰਘਵਾਲ ਕਹਿਣ ਲੱਗਾ, "ਭਰਾਵੋ, ਹੁਣ ਸਮਾਂ ਚੁੱਪ ਕਰਕੇ ਬੈਠਣ ਵਾਲਾ ਨਹੀਂ। ਇਹ ਦਿਨ ਸਾਡੇ ਲਈ ਕੀਮਤੀ ਹਨ ਤੇ ਅਸੀਂ ਅੱਗੇ ਵਧ ਰਹੇ ਆਂ। ਪੰਜਾਬ ਵਿੱਚ ਵਿਸ਼ਨੂੰ ਗਣੇਸ਼ ਪਿੰਗਲੇ ਤੇ ਸਚਿੰਦਰ ਨਾਥ ਸਨਿਆਲ ਪਹਿਲਾਂ ਹੀ ਪਹੁੰਚੇ ਹੋਏ ਹਨ। ਹੁਣ ਸਾਡੇ ਲਈ ਵੱਡੀ ਖੁਸ਼ਖਬਰੀ ਇਹ ਹੈ ਕਿ ਬੰਗਾਲ ਤੋਂ ਉਚੇਚੇ ਤੌਰ 'ਤੇ ਰਾਸ ਬਿਹਾਰੀ ਬੋਸ ਲਹੌਰ ਪਹੁੰਚ ਗਏ ਐ। ਬੋਸ ਨੇ ਆ ਕੇ ਗਦਰ ਪਾਰਟੀ ਦੀ ਪੂਰੀ ਕਮਾਂਡ ਸੰਭਾਲ ਲਈ ਹੈ।

"ਆਹ ਬਹੁਤ ਚੰਗਾ ਹੋਇਆ!" ਈਸ਼ਰ ਬੋਲਿਆ। ਉਹ ਰਾਸ ਬਿਹਾਰੀ ਦਾ ਨਾਂ ਪਿਛਲੇ ਕੁਝ ਸਮੇਂ ਤੋਂ ਸੁਣਦਾ ਆ ਰਿਹਾ ਸੀ। ਬੰਤਾ ਸਿੰਘ ਆਪਣੀ ਗੱਲ ਕਰਦਾ ਗਿਆ, "ਰਾਸ ਬਿਹਾਰੀ ਬੋਸ, ਕਰਤਾਰ ਸਰਾਭਾ ਤੇ ਪਾਰਟੀ ਦੇ ਮੁੱਖ ਆਗੂ ਦੇਸ਼ ਦੀਆਂ ਫੌਜੀ ਛਾਉਣੀਆਂ ਵਿੱਚ ਜਾ ਕੇ ਭਾਰਤੀ ਫੌਜ ਨੂੰ ਆਪਣੇ ਨਾਲ ਜੋੜਨ ਲਈ ਦਿਨ ਰਾਤ ਇੱਕ ਕਰ ਰਹੇ ਐ। ਡਾ. ਮਥਰਾ ਦਾਸ ਤੇ ਪਰਮਾਨੰਦ ਵਰਗੇ ਆਗੂ ਬੰਬ ਬਨਾਉਣ ਵਾਲੀ ਫੈਕਟਰੀ ਦੀ ਪੂਰੀ ਨਿਗਰਾਨੀ ਕਰ ਰਹੇ ਐ। ਆਪਾਂ ਹੁਣ ਤਕੜੇ ਹੋਈਏ। ਆਪਾਂ ਲੋਕਾਂ ਨਾਲ ਵੱਧ ਤੋਂ ਵੱਧ ਸੰਪਰਕ ਕਰਕੇ ਪਾਰਟੀ ਨਾਲ ਜੋੜੀਏ ਤੇ ਉਨ੍ਹਾਂ ਨੂੰ ਗਦਰ ਵਾਸਤੇ ਤਿਆਰ ਕਰੀਏ।

"ਅਸੀਂ ਤਾਂ ਬਾਈ ਹਰ ਵੇਲੇ ਤਿਆਰ ਆਂ !" ਪਾਲਾ ਸਿੰਘ ਨੇ ਦ੍ਰਿੜਤਾ ਨਾਲ ਕਿਹਾ।

ਫਿਰ ਜਵੰਦ ਸਿੰਘ ਕਹਿਣ ਲੱਗਾ, "ਪਾਰਟੀ ਨੇ ਫੈਸਲਾ ਕੀਤਾ ਹੈ ਕਿ ਹਥਿਆਰ ਤੇ ਪੈਸਾ ਹਰ ਹਾਲਤ ਵਿੱਚ ਇਕੱਠਾ ਕੀਤਾ ਜਾਵੇ। ਇੱਕ ਬੰਬ ਬਨਾਉਣ ਉਤੇ ਚੌਦਾਂ ਪੰਦਰਾਂ ਰੁਪਏ ਖਰਚਾ ਹੋ ਜਾਂਦਾ ਹੈ। ਇਸ ਕਰਕੇ ਸਾਨੂੰ ਪੈਸ ਦੀ ਸਖਤ ਜ਼ਰੂਰਤ ਹੈ। ਪਾਰਟੀ ਨੇ ਸਿਆਸੀ ਡਾਕੇ ਮਾਰਨ ਦੀ ਖੁੱਲ੍ਹ ਦਿੱਤੀ ਹੈ। ਡਾਕੇ ਸਿਰਫ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕਾਂ ਦੇ ਘਰਾਂ ਵਿੱਚ ਮਾਰੇ ਜਾਣ।"

"ਬਾਈ ਸਿੰਹਾਂ ਸਾਨੂੰ ਵੀ ਦੋ ਚਾਰ ਬੰਬ ਜ਼ਰੂਰ ਭੇਜੋ। ਅਸੀਂ ਵੀ ਕੁਝ ਕਰ ਸਕੀਏ!" ਚੁੱਪ ਬੈਠਾ ਅਰੂੜ ਸਿੰਘ ਬੋਲਿਆ।

"ਹਥਿਆਰ ਜਿਵੇਂ ਆਉਂਦੇ ਗਏ ਉਸੇ ਤਰ੍ਹਾਂ ਵੰਡੇ ਜਾਣਗੇ!" ਜਵੰਦ ਸਿੰਘ ਏਨੀ ਗੱਲ ਕਰਕੇ ਚੁੱਪ ਕਰ ਗਿਆ।

ਝਿੜੀ ਵਿੱਚ ਘੁੱਪ ਹਨੇਰਾ ਸੀ। ਪੰਛੀਆਂ ਦੀਆਂ ਅਵਾਜ਼ਾਂ ਹਾਲੇ ਵੀ ਆ ਰਹੀਆਂ ਸਨ। ਫਿਰ ਉਤਮ ਸਿੰਘ ਹਾਂਸ ਦੀ ਅਵਾਜ਼ ਆਈ, "ਭਰਾਵੋ, ਅਸੀਂ ਤਾਂ ਕੈਨੇਡਾ ਤੋਂ ਸਹੁੰ ਖਾ ਕੇ ਤੁਰੇ ਸੀ ਕਿ ਦੇਸ਼ ਵਿੱਚ ਜਾ ਕੇ ਹਰ ਹੀਲੇ ਗਦਰ ਮਚਾਵਾਂਗੇ। ਮਿੰਨਤਾਂ ਨਾਲ ਅਜ਼ਾਦੀ ਨਹੀਂ ਮਿਲਣੀ। ਏਥੇ ਤਾਂ ਕੁਰਬਾਨੀਆਂ ਦੀ ਲੋੜ ਐ। ਭਰਾਵੋ ਕੁਰਬਾਨੀ ਕਰਨ ਲਈ ਤਿਆਰ ਹੋ ਜਾਓ। ਸਾਡੀ ਗੁਰੂਆਂ, ਪੀਰਾਂ ਦੀ

ਧਰਤੀ। ਸਾਡੇ ਮਹਾਂਪੁਰਸ਼ਾਂ ਨੇ ਗੈਰਤ ਨਾਲ ਰਹਿਣ ਦੀ ਸਿੱਖਿਆ ਦਿੱਤੀ ਹੈ। ਅੰਗਰੇਜ਼ਾਂ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ। ਭਰਾਵੋ ਤਕੜ ਹੋਵੋ!" ਉਤਮ ਸਿੰਘ ਹਾਂਸ ਨੇ ਸਭਨਾਂ ਦੇ ਦਿਲਾਂ ਵਿੱਚ ਜੋਸ਼ ਭਰ ਦਿੱਤਾ। ਉਤਮ ਸਿੰਘ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, " ਭਰਾਵੋ ਇਕ ਜ਼ਰੂਰੀ ਸੂਚਨਾ ਹੈ। ਚੌਦਾਂ ਫਰਵਰੀ ਵਾਲੇ ਦਿਨ ਗੁੱਜਰਵਾਲ ਪਿੰਡ ਵਿੱਚ ਅਖੰਡ ਪਾਠ ਦੇ ਭੋਗ ਉਤੇ ਆਪਾਂ ਸਾਰਿਆਂ ਨੇ ਇਕੱਠੇ ਹੋਣਾ ਹੈ। ਭਾਈ ਰਨਧੀਰ ਸਿੰਘ ਜੀ ਤੇ ਪਾਰਟੀ ਤੇ ਹੋਰ ਵੀ ਵੱਡੇ ਆਗੂ ਪਹੁੰਚਣਗੇ। ਗਦਰ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਜਾਵੇਗੀ। ਪਾਰਟੀ ਦਾ ਜਿਹੜਾ ਵੀ ਹੁਕਮ ਹੋਇਆ ਉਹ ਉਥੇ ਦੱਸ ਦਿੱਤਾ ਜਾਵੇਗਾ।

"ਭਰਾਵੋ ਸਾਨੂੰ ਦਿਨ ਦਾ ਨਹੀਂ ਪਤਾ ਲੱਗਣਾ। ਕੋਈ ਪੱਕਾ ਦਿਨ ਮੂਹਰੇ ਰੱਖ ਕੇ ਸਾਨੂੰ ਦੱਸੋ!" ਅਰੂੜ ਸਿੰਘ ਨੇ ਸਧਾਰਨ ਗੱਲ ਕੀਤੀ।

"ਕੋਈ ਨਾ ਤੁਸੀਂ ਤਿਆਰ ਰਹੋ। ਦੋ ਦਿਨ ਪਹਿਲਾਂ ਸਭ ਨੂੰ ਯਾਦ ਕਰਵਾ ਦਿਆਂਗੇ।" ਪਾਲਾ ਸਿੰਘ ਬੋਲਿਆ।

ਫਿਰ ਈਸ਼ਰ ਸਿੰਘ ਕਹਿਣ ਲੱਗਾ, "ਇੱਕ ਗੱਲ ਬਹੁਤ ਜ਼ਰੂਰੀ ਹੈ ਕਿ ਸਾਡਾ ਸਾਰਿਆਂ ਦਾ ਤਾਲਮੇਲ ਬਣਿਆ ਰਹੇ। ਸਭ ਤੋਂ ਪਹਿਲਾਂ ਮੇਰੀ ਰਾਏ ਹੈ ਕਿ ਦੋ ਦੋ ਜਾਂ ਤਿੰਨ ਤਿੰਨ ਮੈਂਬਰਾਂ ਦੀ ਇਕ ਟੋਲੀ ਬਣਾ ਲਈ ਜਾਵੇ। ਇਹ ਟੋਲੀਆਂ ਆਪਣੇ ਜ਼ਿਲ੍ਹੇ ਦੇ ਮੁਖੀ ਨਾਲ ਸੰਪਰਕ ਰੱਖਣ। ਇਸ ਤਰ੍ਹਾਂ ਪਾਰਟੀ ਦੇ ਪ੍ਰੋਗਰਾਮ ਦਾ ਵੀ ਪਤਾ ਲੱਗੇਗਾ ਤੇ ਪਾਰਟੀ ਕੋਲ ਵੀ ਸਾਡੀ ਰਿਪੋਰਟ ਪਹੁੰਚਦੀ ਰਹੇਗੀ।

"ਇਹ ਵਧੀਆ ਗੱਲ ਹੈ।" ਵੀਰ ਸਿੰਘ ਬਾਹੋਵਾਲ ਦੀ ਅਵਾਜ਼ ਆਈ। ਫਿਰ ਦੋ ਦੋ ਮੈਂਬਰਾਂ ਦੀਆਂ ਟੋਲੀਆਂ ਬਣ ਗਈਆਂ। ਈਸ਼ਰ ਸਿੰਘ ਤੇ ਉਤਮ ਸਿੰਘ ਫਿਰੋਜ਼ਪੁਰ, ਲੁਧਿਆਣਾ, ਜਲੰਧਰ ਤੇ ਹੁਸ਼ਿਆਰਪੁਰ ਦੇ ਗਦਰੀਆਂ ਨਾਲ ਤਾਲਮੇਲ ਰੱਖਣਗੇ।

ਰਾਤ ਕਾਫੀ ਬੀਤ ਚੁੱਕੀ ਸੀ। ਝਿੜੀ ਦੇ ਪੰਛੀ ਵੀ ਚੁੱਪ ਹੋ ਗਏ ਸਨ ਜਿਵੇਂ ਉਹ ਆਲ੍ਹਣਿਆਂ ਵਿੱਚ ਬੈਠੇ ਅਰਾਮ ਕਰ ਰਹੇ ਹੋਣ ਪਰ ਈਸ਼ਰ ਵਰਗੇ ਗਦਰੀ ਦੇਸ਼ ਭਗਤਾਂ ਨੂੰ ਅਰਾਮ ਕਿੱਥੇ। ਮੀਟਿੰਗ ਤੋਂ ਬਾਅਦ ਬਾਹਰਲੇ ਬੰਦੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਰਾਤ ਠਹਿਰਨਗੇ। ਇਹ ਪ੍ਰਬੰਧ ਤਾਂ ਈਸਰ ਸਿੰਘ ਹੋਰਾਂ ਨੇ ਪਹਿਲਾਂ ਹੀ ਕਰ ਲਿਆ ਸੀ। ਮਾਸਟਰ ਫੇਰਾ ਸਿੰਘ ਇਸ ਕੰਮ ਲਈ ਪਹਿਲਾਂ ਪਿੰਡ ਪਹੁੰਚ ਗਿਆ ਸੀ। ਸਾਰੇ ਗਦਰੀਆਂ ਨੂੰ ਰਾਤ ਦਾ ਕੋਈ ਫਿਕਰ ਨਹੀਂ ਸੀ। ਉਨ੍ਹਾਂ ਦੇ ਦਿਮਾਗ ਵਿੱਚ ਹੁਣ ਚੌਦਾਂ ਫਰਵਰੀ ਘੁੰਮ ਰਹੀ ਸੀ। ਈਸ਼ਰ ਸਿੰਘ ਤੇ ਉਤਮ ਸਿੰਘ ਉਥੋਂ ਆਪਣੇ ਹੋਰ ਸਾਥੀਆਂ ਨੂੰ ਮਿਲਣ ਕਾਉਂਕਿਆਂ ਦੇ ਰਾਹ ਪੈ ਗਏ। ਹਨੇਰੀ ਰਾਤ ਵਿੱਚ ਈਸ਼ਰ ਸੋਚ ਰਿਹਾ ਸੀ ਕਿ ਅੱਜ ਫਿਰ ਰਾਮ ਕੌਰ ਇਕੱਲੀ ਸੋਚ ਰਹੀ ਹੋਵੇਗੀ ਕਿ ਉਹ ਘਰ ਆਉਣ ਵਾਲਾ ਹੈ ਪਰ ਉਹ ਭੋਲੀ ਔਰਤ ਨੂੰ ਕੀ ਪਤਾ ਕਿ ਮੈਂ ਕਿਹੜੇ ਪਾਸੇ ਤੁਰ ਜਾਣਾ ਹੈ।

# ਛੇ

ਰਾਮ ਕੌਰ ਨੇ ਸਾਰੀ ਰਾਤ ਜਾਗਦਿਆਂ ਕੱਟੀ। ਹਨੇਰੀ ਰਾਤ। ਸੁੰਨਾ ਘਰ। ਸੱਸ ਸਹੁਰਾ ਸਬਾਤ ਵਿੱਚ ਪਏ ਸਨ। ਉਹ ਇਕੱਲੀ ਈਸ਼ਰ ਦੀ ਉਡੀਕ ਵਿੱਚ ਦਲਾਨ ਵਿੱਚ ਪਈ ਸੀ। ਗਲੀ ਵਿੱਚ ਜ਼ਰਾ ਵੀ ਖੜਾਕ ਹੁੰਦਾ ਤਾਂ ਉਹ ਝੱਟ ਸਾਹ ਰੋਕ ਕੇ ਬਾਹਰ ਵੱਲ ਧਿਆਨ ਕਰਦੀ। ਈਸ਼ਰ ਘਰ ਕਹਿ ਕੇ ਗਿਆ ਸੀ ਕਿ ਅੱਜ ਪਿੰਡ ਵਿੱਚ ਗਦਰ ਪਾਰਟੀ ਦੀ ਜ਼ਰੂਰੀ ਮੀਟਿੰਗ ਹੈ ਤੇ ਰਾਤ ਨੂੰ ਉਹ ਦੇਰ ਨਾਲ ਘਰ ਆਵੇਗਾ। ਰਾਮ ਕੌਰ ਨੇ ਸਵੱਖਤੇ ਰੋਟੀ ਪਕਾ ਕੇ ਸੱਸ ਸਹੁਰੇ ਨੂੰ ਫੜਾਈ। ਦੁੱਧ ਗਰਮ ਕਰਕੇ ਜਾਗ ਲਾਇਆ। ਮੱਝ ਅੰਦਰ ਬੰਨ੍ਹੀ। ਰੋਟੀ ਖਾ ਕੇ ਆਪ ਉਹ ਦਲਾਲ ਵਿੱਚ ਆਪਣੇ ਮੰਜੇ ਉਤੇ ਆ ਬੈਠੀ। ਕਾਫੀ ਵੱਡੀ ਰਾਤ ਤੱਕ ਉਹ ਈਸ਼ਰ ਦੀ ਉਡੀਕ ਕਰਦੀ ਰਹੀ। ਉਸ ਨੂੰ ਪਤਾ ਸੀ ਕਿ ਘਰ ਦੇ ਬਾਹਰਲੇ ਦਰਵਾਜ਼ੇ ਦੇ ਹੇਠਾਂ ਵੱਲ ਹੌਲੀ ਜਿਹੀ ਖੜਕਾ ਹੋਵੇਗਾ। ਇਹ ਈਸ਼ਰ ਦੇ ਆਉਣ ਦੀ ਸੂਚਨਾ ਸੀ। ਉਡੀਕ ਵਿੱਚ ਬੈਠੀ ਇਕੱਲੀ ਔਰਤ ਨੂੰ ਭਲਾ ਨੀਂਦ ਕਿਥੇ! ਕੁੱਤਿਆਂ ਦੇ ਭੌਂਕਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ਰਾਮ ਕੌਰ ਦੀ ਸੁਰਤੀ ਤਾਂ ਬਾਹਰਲੇ ਬਾਰ ਵੱਲ ਸੀ। ਉਹ ਉਡੀਕ ਉਡੀਕ ਕੇ ਥੱਕ ਗਈ। ਕੁੱਤਿਆਂ ਦੀਆਂ ਅਵਾਜ਼ਾਂ ਵੀ ਘੱਟ ਹੋ ਗਈਆਂ। ਰਾਮ ਕੌਰ ਸੋਚਣ ਲੱਗੀ ਕਿ ਹੁਣ ਨਹੀਂ ਉਹ ਆਉਂਦਾ। ਰਾਮ ਕੌਰ ਫਿਕਰ ਕਰਨ ਲੱਗੀ। ਕਿਤੇ ਪੁਲਸ ਨਾ ਪੈ ਗਈ ਹੋਵੇ। ਫਿਰ ਉਹ ਹੱਥ ਜੋੜ ਕੇ ਕਹਿਣ ਲੱਗੀ ਕਿ ਗੁਰੂ ਮਹਾਰਾਜ ਭਲੀ ਕਰੇ। ਉਹਦਾ ਵਾਂਲ ਵੀ ਵਿੰਗਾ ਨਾ ਹੋਵੇ। ਜੇ ਉਸ ਨੂੰ ਪੁਲਸ ਫੜ ਕੇ ਲੈ ਗਈ ਤਾਂ ਸਾਡੇ ਘਰ ਦਾ ਕੀ ਹਾਲ ਹੋਵੇਗਾ। ਬਾਪੂ ਤੇ ਬੇਬੇ ਕੋਈ ਕੰਮ ਕਰਨ ਜੋਗੇ ਨਹੀਂ। ਮੈਂ ਇਕੱਲੀ ਕੀ ਕਰੂੰਗੀ। ਕੀਹਦੇ ਆਸਰੇ ਦਿਨ ਕੱਢੂੰਗੀ। ਪਤਾ ਨਹੀਂ ਇਸ ਨੂੰ ਇਹ ਕਿੱਥੋਂ ਚੇਟਕ ਲੱਗ ਗਈ ਅਖੇ ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਛੱਡਾਂਗੇ। ਦੇਸ਼ ਵਿੱਚ ਗਦਰ ਮਚਾ ਕੇ ਅਜ਼ਾਦੀ ਲਿਆਵਾਂਗੇ। ਪੁੱਛਣ ਵਾਲਾ ਹੋਵੇ ਬਈ ਤੁਸੀਂ ਭਲਾ ਅੰਗਰੇਜ਼ਾਂ ਨਾਲ ਕੀ ਲੜਾਈ ਕਰੋਗੇ। ਲੋਕ ਤਾਂ ਅੰਗਰੇਜ਼ਾਂ ਦੇ ਗੁਣ ਗਾਉਂਦੇ ਐ। ਇਹ ਪਤਾ ਨਹੀਂ ਦਿਨ ਰਾਤ ਕਿਧਰ ਤੁਰੇ ਫਿਰਦੇ ਐ।

ਮਸੀਤ ਵਿੱਚ ਮੁੱਲਾਂ ਨੇ ਬਾਂਗ ਦੇ ਦਿੱਤੀ। ਹੈਂ...ਅ! ਇਹ ਤਾਂ ਤੜਕਾ ਹੋ ਗਿਆ। ਉਹ ਹਾਲੇ ਤੱਕ ਨਹੀਂ ਆਇਆ। ਰਾਮ ਕੌਰ ਦਾ ਦਿਲ ਗੋਤੇ ਖਾਣ ਲੱਗਾ। ਉਧਰ ਕੁੱਕੜ ਬਾਂਗਾਂ ਦੇਣ ਲੱਗ ਪਏ। ਹੁਣ ਨਹੀਂ ਆਉਂਦਾ। ਕਿਤੇ ਸੱਚੀਂ ਪੁਲਸ ਦੇ ਹੱਥ ਨਾ ਆ ਗਿਆ ਹੋਵੇ। ਉਹ ਤਾਂ ਘਰ ਆਉਣ ਲਈ ਕਹਿ ਕੇ ਗਿਆ ਸੀ। ਹੁਣ ਰਾਮ ਕੌਰ ਨੂੰ ਕੁਝ ਨਹੀਂ ਸੀ ਸੁਝਦਾ। ਉਹ ਤਾਂ ਜਿਸ ਦਿਨ ਦੀ ਇਸ ਘਰ ਵਿੱਚ ਆਈ ਸੀ ਉਸ ਨੇ ਇੱਕ ਦਿਨ ਵੀ ਸੁੱਖ ਦਾ ਨਹੀਂ ਸੀ ਵੇਖਿਆ। ਨਿੱਤ ਨਵੀਂ ਚਿੰਤਾ। ਕੁੱਕੜ ਲਗਾਤਾਰ ਬਾਂਗਾਂ ਦੇ ਰਹੇ ਸਨ, ਜਿਵੇਂ ਕਹਿ ਰਹੇ ਹੋਣ ਕਿ ਉਠੋਂ ਭਾਈ ਆਪਣੇ ਕੰਮ ਕਾਰ ਕਰੋ। ਦਿਨ ਚੜ੍ਹਨ ਵਾਲਾ ਹੈ।

ਰਾਮ ਕੌਰ ਆਪਣੇ ਬਿਸਤਰੇ ਵਿੱਚ ਉਸੇ ਤਰ੍ਹਾਂ ਬੈਠੀ ਸੀ। ਉਠਣ ਨੂੰ ਵੱਢੀ ਰੂਹ

ਨਹੀਂ ਸੀ ਕਰਦੀ। ਸਰੀਰ ਵਿੱਚ ਜਿਵੇਂ ਜਾਨ ਹੀ ਨਹੀਂ ਸੀ। ਅੱਖਾਂ ਵਿੱਚ ਰਾਤ ਦਾ ਉਨੀਂਦਰਾ ਰੜਕ ਰਿਹਾ ਸੀ। ਫਿਰ ਉਹ ਹੌਲੀ-ਹੌਲੀ ਹਿੰਮਤ ਕਰਕੇ ਉਠੀ। ਹਾਲੇ ਤਾਂ ਮੂੰਹ ਹਨੇਰਾ ਸੀ। ਉਸ ਨੇ ਡੱਬੀ ਲੱਭ ਕੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾਇਆ। ਨਿੱਕੜੇ ਦੀਵੇ ਨੇ ਚਾਨਣ ਆਸੇ ਪਾਸੇ ਖਿਲਾਰਿਆ। ਮੂੰਹ ਹੱਥ ਧੋ ਕੇ ਉਹ ਦੁੱਧ ਰਿੜਕਣ ਲੱਗੀ। ਨੇਤਰਾ ਖਿੱਚਣਾ ਵੀ ਉਸ ਨੂੰ ਔਖਾ ਲੱਗਾ ਰਿਹਾ ਸੀ। ਹੌਲੀ-ਹੌਲੀ ਉਸ ਨੇ ਦੁੱਧ ਰਿੜਕਿਆ। ਫਿਰ ਉਸ ਨੇ ਮੱਝ ਅੰਦਰੋਂ ਕੱਢ ਕੇ ਬਾਹਰ ਖੁਰਲੀ ਉਤੇ ਬੰਨ੍ਹੀ। ਸੱਸ ਸਹੁਰਾ ਜਾਗ ਉਠੇ ਸਨ।

"ਈਸ਼ਰ ਭਾਈ ਰਾਤੀਂ ਆਇਆ ਨਹੀਂ!" ਸੱਜਣ ਸਿੰਘ ਬੋਲਿਆ।

"ਹਾਂ ਬਾਪੂ ਜੀ, ਉਹ ਆਇਆ ਨਹੀਂ ਰਾਤੀਂ!" ਰਾਮ ਕੌਰ ਨੇ ਹੌਲੀ ਜਿਹੀ ਕਿਹਾ।

ਫਿਰ ਈਸ਼ਰ ਦੀ ਮਾਂ ਕਹਿਣ ਲੱਗੀ, "ਸਾਨੂੰ ਤਾਂ ਭਾਈ ਸਾਰੀ ਰਾਤ ਨੀਂਦ ਨਹੀਂ ਆਈ, ਬੱਸ ਉਧਰੇ ਸੁਰਤੀ ਰਹੀ ਬਈ ਹੁਣ ਵੀ ਆਇਆ । ਹੁਣ ਵੀ ਆਇਆ। ਆਹ ਸਾਡੇ ਘਰ 'ਚ ਪਤਾ ਨਹੀਂ ਕੀ ਹੋ ਗਿਆ। ਸਭ ਲੋਕ ਆਪਣੇ ਘਰ ਅਮਨ ਚੈਨ ਨਾਲ ਵੱਸਦੇ ਐ। ਮੇਰੇ ਪੁੱਤ ਨੂੰ ਖਵਰੇ ਕੀ ਪੁੱਠੀ ਭਮਾਲੀ ਆ ਗਈ। ਉਹ ਦਿਨ ਰਾਤ ਬਾਹਰ ਤੁਰਿਆ ਫਿਰਦਾ ਅਖੇ ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਛੱਡਾਂਗੇ। ਵੇ ਕਮਲਿਆ ਉਸ ਦੇ ਕੋਲ ਤਾਂ ਪੁਲਸ ਐ ਤੇ ਤੇਰੇ ਕੋਲ ਭਲਾ ਕੀ ਐ। ਤੂੰ ਸਾਡੇ ਵੱਲ ਵੇਖ। ਸਾਡਾ ਤਾਂ ਬੁਡੇਪਾ ਰੁਲ ਗਿਆ। ਨਾ ਦਿਨੇ ਚੈਨ ਤੇ ਨਾ ਰਾਤ ਨੂੰ। ਸਾਡੇ ਕੋਲ ਇਹੋ ਇਕ ਟਿੰਗ ਬਚੀ ਐ ਵੇਖਣ ਨੂੰ ਤੇ ਇਹ ਵੀ ਘਰ ਨਹੀਂ ਬਹਿੰਦਾ!" ਮਾਂ ਨੇ ਆਪਣਾ ਦਰਦ ਫਰੋਲਿਆ। ਰਾਮ ਕੌਰ ਅੱਖਾਂ ਭਰ ਆਈ। ਕਿੰਨਾ ਈ ਚਿਰ ਇੱਕ ਚੁੱਪ ਪਸਰੀ ਰਹੀ। ਫਿਰ ਸੱਜਣ ਸਿੰਘ ਨੇ ਭਰੇ ਮਨ ਨਾਲ ਕਿਹਾ, "ਕੋਈ ਨਾ ਭਾਈ ਉਹ ਆ ਜਾਊਗਾ। ਉਸ ਨੂੰ ਕਿਹੜਾ ਘਰ ਦਾ ਫਿਕਰ ਨਹੀਂ!" ਸੱਜਣ ਸਿੰਘ ਨੇ ਐਵੇਂ ਡੋਲਦੇ ਮਨ ਨਾਲ ਕਿਹਾ।

ਉਨ੍ਹਾਂ ਦਾ ਬਾਹਰਲਾ ਦਰਵਾਜ਼ਾ ਖੜਕਿਆ। ਰਾਮ ਕੌਰ ਉਠ ਕੇ ਦਲਾਨ ਵੱਲ ਝਾਕੀ। ਦਰਵਾਜ਼ਾ ਫਿਰ ਖੜਕਿਆ। ਦਿਨ ਚੜ੍ਹ ਗਿਆ ਸੀ। ਰਾਮ ਕੌਰ ਨੇ ਚੁੱਪਚਾਪ ਜਾ ਕੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਕੁੱਲੇ ਵਾਲਾ ਇੱਕ ਮੁਸਲਮਾਨ ਸਿਪਾਹੀ ਖਲੋਤਾ ਸੀ। ਥੋੜ੍ਹੀ ਦੂਰ ਦੋ ਹੋਰ ਸਿਪਾਹੀ ਖੜੇ ਸਨ। ਰਾਮ ਕੌਰ ਇਕਦਮ ਘਬਰਾ ਗਈ।

"ਇਹ ਈਸ਼ਰ ਦਾ ਘਰ ਏ? " ਸਿਪਾਹੀ ਦੀ ਰੋਅਬਦਾਰ ਅਵਾਜ਼ ਸੀ।

"ਆਹੋ? " ਰਾਮ ਕੌਰ ਨੇ ਜਵਾਬ ਦਿੱਤਾ।

"ਉਹ ਕਿੱਥੇ ਐ? " ਸਿਪਾਹੀ ਨੇ ਅੱਖਾਂ ਕੱਢੀਆਂ।

"ਮੈਨੂੰ ਕੋਈ ਪਤਾ ਨਹੀਂ।"

"ਤੈਨੂੰ ਸਾਰਾ ਈ ਪਤਾ ਤੂੰ ਜਾਣ ਕੇ ਨਹੀਂ ਦੱਸਦੀ!" ਸਿਪਾਹੀ ਨੇ ਰੋਅਬ ਮਾਰਿਆ।

"ਜਦੋਂ ਮੈਨੂੰ ਪਤਾ ਹੀ ਨਹੀਂ ਤੇ ਮੈਂ ਕੀ ਦੱਸਾਂ? "

"ਉਹ ਬਾਹਰ ਕਿੱਥੇ ਕਿੱਥੇ ਜਾਂਦਾ? "

"ਮੈਨੂੰ ਇਹ ਵੀ ਪਤਾ ਨਹੀਂ।" ਰਾਮ ਕੌਰ ਨੇ ਇਕੋ ਉਤਰ ਜਾਰੀ ਰੱਖਿਆ। ਸਿਪਾਹੀ ਨੇ ਕਿੰਨਾ ਈ ਚਿਰ ਰਾਮ ਕੌਰ ਨੂੰ ਘੂਰ ਘੂਰ ਕੇ ਵੇਖਦਾ ਰਿਹਾ ਤੇ ਫਿਰ ਚੁੱਪ ਕਰਕੇ ਉਹ ਪਿੱਛੇ ਮੁੜ ਗਿਆ।

ਰਾਮ ਕੌਰ ਨੇ ਦਰਵਾਜ਼ਾ ਫਿਰ ਬੰਦ ਕਰ ਲਿਆ। ਹੁਣ ਉਹ ਸੋਚਣ ਲੱਗੀ ਕਿ ਈਸ਼ਰ ਕਿਸੇ ਹੱਦ ਤੱਕ ਠੀਕ ਐ। ਕੀ ਪਤਾ ਕਦੋਂ ਪੁਲਸ ਆ ਜਾਵੇ। ਸ਼ੁਕਰ ਐ ਅੱਜ ਉਹ ਘਰ ਨਹੀਂ ਸੀ। ਗੁਰੂ ਮਹਾਰਾਜ ਨੇ ਪੱਤ ਰੱਖ ਲਈ। ਸਵੱਖਤੇ ਹੀ ਪੁਲਸ ਕਿਵੇਂ ਉਠਕੇ ਆ ਗਈ। ਬੱਸ ਇਸੇ ਤਰ੍ਹਾਂ ਦਿਨ ਗੁਜ਼ਰਨ ਲੱਗੇ। ਰਾਮ ਕੌਰ ਦਾ ਹਰ ਦਿਨ ਇੱਕੋ ਜਿਹਾ ਸੀ। ਇਕ ਮਜਬੂਰੀਬੱਸ ਉਸ ਨੂੰ ਇਸੇ ਤਰ੍ਹਾਂ ਸਮਾਂ ਬਤੀਤ ਕਰਨਾ ਪੈ ਰਿਹਾ ਸੀ। ਉਸੇ ਨੇ ਸਮੇਂ ਨਾਲ ਇੱਕ ਤਰ੍ਹਾਂ ਸਮਝੌਤਾ ਕਰ ਲਿਆ। ਕਈ ਵਾਰ ਉਹ ਇਕੱਲੀ ਬੈਠੀ ਸੋਚਾਂ ਵਿੱਚ ਡੁੱਬ ਜਾਂਦੀ। ਸੋਚਾਂ ਵਿੱਚ ਉਹ ਕਿਤੇ ਦੀ ਕਿਤੇ ਚਲੀ ਜਾਂਦੀ। ਕਿਤੇ ਪੇਕੇ ਯਾਦ ਆਉਂਦੇ। ਬੱਸੇ ਇਸੇ ਤਰ੍ਹਾਂ ਸਮਾਂ ਲੰਘ ਜਾਂਦਾ। ਉਹ ਘਰ ਦੇ ਕੰਮ ਵੀ ਚੁੱਪਚਾਪ ਕਰਦੀ ਰਹਿੰਦੀ। ਰਾਤ ਨੂੰ ਕਿੰਨਾ ਕਿੰਨਾ ਚਿਰ ਨੀਂਦ ਨਾ ਆਉਂਦੀ। ਉਹ ਦਲਾਨ ਵਿੱਚ ਇਕੱਲੀ ਪਈ ਹੁੰਦੀ। ਵੱਡੀ ਰਾਤ ਤੱਕ ਬਾਹਰ ਵੱਲ ਧਿਆਨ ਰਹਿੰਦਾ ਕੀ ਪਤਾ ਕਿ ਈਸ਼ਰ ਕਦੋਂ ਆ ਕੇ ਦਰਵਾਜ਼ਾ ਖੜਕਾ ਦੇਵੇ। ਉਹ ਹਰ ਰੋਜ਼ ਤਖਤਿਆਂ ਦੀ ਠੱਕ ਠੱਕ ਸੁਣਨ ਲਈ ਬੇਤਾਬ ਰਹਿੰਦੀ। ਰਾਤ ਖਤਮ ਹੋ ਜਾਂਦੀ ਤੇ ਈਸ਼ਰ ਦੇ ਆਉਣ ਦੀ ਆਸ ਵੀ ਖਤਮ ਹੋ ਜਾਂਦੀ। ਫਿਰ ਵੀ ਰਾਮ ਕੌਰ ਟੁੱਟੇ ਹੋਏ ਦਿਲ ਨਾਲ ਉਠਦੀ ਤੇ ਘਰ ਦੇ ਕੰਮਾਂ ਵਿੱਚ ਰੁੱਝ ਜਾਂਦੀ। ਦਿਨ ਛੁਪਦੇ ਨਾਲ ਉਸ ਦਾ ਦਿਲ ਡੋਲਣ ਲੱਗਦਾ। ਆਉਣ ਵਾਲੀ ਡਰਾਉਣੀ ਰਾਤ ਨਾਲ ਉਹ ਅੰਦਰਖਾਤੇ ਭੈਭੀਤ ਹੋਣ ਲੱਗਦੀ।

## ਸੱਤ

ਬਾਹਰਲੇ ਦਰਵਾਜ਼ੇ ਦੇ ਹੇਠਲੇ ਪਾਸੇ ਅਚਾਨਕ ਠੱਕ ਠੱਕ ਹੋਈ। ਖੜਕਾ ਸੁਣ ਕੇ ਰਾਮ ਕੌਰ ਇੱਕ ਦਮ ਚੌਕੰਨੀ ਹੋ ਗਈ ਤੇ ਬਿਸਤਰੇ ਵਿੱਚੋਂ ਉਠ ਕੇ ਬੈਠ ਗਈ। ਹਾਲੇ ਤਾਂ ਰਾਤ ਬਹੁਤੀ ਨਹੀਂ ਲੰਘੀ। ਉਹ ਤਾਂ ਜਿਵੇਂ ਹੁਣੇਂ ਹੀ ਰਜ਼ਾਈ ਲੈ ਕੇ ਪਈ ਹੋਵੇ। ਇਹ ਕਿਤੇ ਪੁਲਸ ਵਾਲੇ ਨਾ ਹੋਣ। ਈਸ਼ਰ ਨੂੰ ਤਾਂ ਘਰੋਂ ਗਏ ਨੂੰ ਬਹੁਤ ਦਿਨ ਹੋ ਗਏ। ਉਹ ਹੈ ਕਿੱਥੇ? ਇਹ ਵੀ ਨਹੀਂ ਪਤਾ। ਦਰਵਾਜ਼ੇ ਉਤੇ ਫੇਰ ਠੱਕ ਠੱਕ ਹੋਈ। ਰਾਮ ਕੌਰ ਦਾ ਦਿਲ ਜ਼ੋਰ ਨਾਲ ਧੜਕਿਆ। ਦੂਰ ਕਿਤੇ ਕੁੱਤੇ ਭੌਂਕ ਰਹੇ ਸਨ। ਫਿਰ ਉਹ ਹੌਲੀ ਜਿਹੀ ਉਠ ਕੇ ਦਰਵਾਜ਼ੇ ਕੋਲ ਗਈ। ਘੁੱਪ ਹਨ੍ਹੇਰਾ ਸੀ। ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਦਰਵਾਜ਼ਾ ਫੇਰ ਖੜਕਿਆ ਤੇ ਨਾਲ ਹੀ ਹਾਂ ਹਾਂ ਦੀ ਅਵਾਜ਼ ਆਈ। ਰਾਮ ਕੌਰ ਝੱਟ ਸਮਝ ਗਈ ਕਿ ਸੱਚੀਂ ਈਸਰ ਹੀ ਹੋਵੇਗਾ। ਉਸ ਨੇ ਜ਼ਰਾ ਕੁ ਦਰਵਾਜ਼ਾ ਖੋਲ੍ਹਿਆ।

"ਅੱਜ ਤਾਂ ਪੂਰਾ ਇਮਤਿਹਾਨ ਲਿਆ।" ਈਸ਼ਰ ਅੰਦਰ ਲੰਘਦਾ ਬੋਲਿਆ। ਰਾਮ ਕੌਰ ਨੇ ਪਹਿਲਾਂ ਝੱਟ ਦਰਵਾਜ਼ਾ ਬੰਦ ਕੀਤਾ ਤੇ ਫਿਰ ਉਹ ਈਸ਼ਰ ਦੇ ਮੋਢੇ ਨਾਲ ਲੱਗ ਕੇ

ਰੋਣ ਲੱਗ ਪਈ। ਉਸ ਦਾ ਮੱਲੋਮੱਲੀ ਮਨ ਭਰ ਆਇਆ।

"ਕੋਈ ਨਾ ਮੈਂ ਠੀਕ ਆਂ। ਕਾਹਤੋਂ ਏਨਾ ਫਿਕਰ ਕਰਦੀ ਐਂ?" ਈਸ਼ਰ ਬੋਲਿਆ।

"ਤੂੰ ਤਾਂ ਬਾਹਰ ਤੁਰਿਆ ਫਿਰਦੈ। ਏਥੇ ਸਾਡਾ ਕੀ ਹਾਲ ਐ? ਇਹ ਤਾਂ ਸਾਨੂੰ ਈ ਪਤਾ? " ਰਾਮ ਕੌਰ ਦੀ ਅਵਾਜ਼ ਮਸਾਂ ਨਿਕਲੀ।

"ਅਸੀਂ ਤਾਂ ਹੁਣ ਬਾਹਰ ਈ ਤੁਰੇ ਫਿਰਨਾ। ਜਿੰਨਾ ਚਿਰ ਅੰਗਰੇਜ਼ ਨਹੀਂ ਜਾਂਦੇ ਏਥੋਂ, ਅਸੀਂ ਬਿਲਕੁਲ ਘਰ ਨਹੀਂ ਬਹਿਣਾ। ਬੱਸ ਤੂੰ ਦਿਲ ਤਕੜਾ ਰੱਖ।" ਈਸ਼ਰ ਦੀ ਉਹੀ ਪੁਰਾਣੀ ਗੱਲ ਸੀ। ਕੁਝ ਰੁਕ ਕੇ ਉਹ ਫਿਰ ਕਹਿਣ ਲੱਗਾ, "ਜੇ ਤੂੰ ਰੋਟੀ ਖਵਾ ਦੇਵੇਂ ਤੇਰੀ ਬਹੁਤ ਮੇਹਰਬਾਨੀ। ਰੋਟੀ ਅੱਜ ਤੜਕੇ ਦੀ ਖਾਧੀ ਐ।"

"ਰੋਟੀ ਤਾਂ ਮੈਂ ਖਵਾਊਂਗੀ। ਤੂੰ ਬਿੰਦ ਝੱਟ ਬਾਪੂ ਹੋਰਾਂ ਨੂੰ ਮਿਲ ਤੇ ਮੈਂ ਰੋਟੀ ਲਾਹੁਨੀਆਂ।"

ਫਿਰ ਈਸ਼ਰ ਆਪਣੇ ਮਾਂ ਬਾਪ ਕੋਲ ਚਲਾ ਗਿਆ। ਉਹ ਵੀ ਹਾਲੇ ਜਾਗਦੇ ਪਏ ਸਨ। ਹਨੇਰੇ ਵਿੱਚ ਬੈਠ ਕੇ ਹੀ ਉਹ ਗੱਲਾਂ ਕਰਦੇ ਰਹੇ। ਰੋਟੀ ਪੱਕ ਗਈ। ਈਸ਼ਰ ਨੇ ਮੂੰਹ ਹੱਥ ਧੋ ਕੇ ਚੁੱਲ੍ਹੇ ਮੂਹਰੇ ਬੈਠ ਕੇ ਰੋਟੀ ਖਾਧੀ। ਰਾਮ ਕੌਰ ਨੇ ਝੱਟ ਦੁੱਧ ਗਰਮ ਕਰ ਲਿਆ।

"ਗੱਲ ਸੁਣ ਮੈਂ ਝੱਟ ਕੁ ਪਾਲਾ ਸਿੰਘ ਤੇ ਪਾਖਰ ਸਿੰਘ ਨੂੰ ਮਿਲ ਆਵਾਂ।"

ਈਸ਼ਰ ਨੇ ਹੌਲੀ ਜਿਹੀ ਕਿਹਾ।

"ਕਿਉਂ ਸਵੇਰੇ ਦਿਨ ਨਹੀਂ ਚੜ੍ਹਨਾ? " ਰਾਮ ਕੌਰ ਨੇ ਦਿਲ ਥੋੜ੍ਹਾ ਕੀਤਾ।

"ਤੇ ਪੁਲਸ ਦਾ ਕੀ ਪਤਾ!"

"ਹਾਏ!" ਰਾਮ ਕੌਰ ਸੱਚਮੁੱਚ ਡਰ ਗਈ। ਸੱਚੀਂ ਪੁਲਸ ਦਾ ਕੀ ਇਤਬਾਰ ਐ ਕਿ ਕਦੋਂ ਆ ਜਾਵੇ। ਪਿਛਲੇ ਦਿਨੀਂ ਦਿਨ ਚੜ੍ਹਦੇ ਨਾਲ ਆ ਗਏ ਸੀ। ਰਾਮ ਕੌਰ ਚੁੱਪ ਹੀ ਕਰ ਗਈ। ਈਸ਼ਰ ਨੇ ਦੁੱਧ ਦਾ ਗਿਲਾਸ ਪੀਤਾ।

"ਬਾਰ ਬੰਦ ਕਰ ਲੈ? " ਈਸ਼ਰ ਜਿਵੇਂ ਆਇਆ ਸੀ ਉਹ ਹਨੇਰੇ ਵਿੱਚ ਉਸੇ ਤਰ੍ਹਾਂ ਚੁੱਪ ਕਰਕੇ ਤੁਰ ਗਿਆ।

ਘੁੱਪ ਹਨੇਰੀ ਰਾਤ। ਥੋੜ੍ਹੀ ਦੂਰ ਤੱਕ ਹੀ ਵੇਖਿਆ ਜਾਂਦਾ ਸੀ। ਪਿੰਡ ਹੋਣ ਕਰਕੇ ਉਹ ਆਪਣੀ ਸੂਝ ਨਾਲ ਹੀ ਤੁਰ ਪਿਆ। ਉਸ ਨੇ ਸ਼ਾਮ ਸਿੰਘ ਨੂੰ ਜਗਾ ਕੇ ਨਾਲ ਤੋਰਿਆ। ਫਿਰ ਪਾਖਰ ਸਿੰਘ ਨੂੰ ਜਾ ਜਗਾਇਆ। ਹੌਲੀ ਹੌਲੀ ਉਨ੍ਹਾਂ ਪਿੰਡ ਦੇ ਸਾਰੇ ਪਾਰਟੀ ਮੈਂਬਰ ਇਕੱਠੇ ਕਰ ਲਏ। ਮਾਸਟਰ ਫੇਰਾ ਸਿੰਘ ਨੂੰ ਲੈ ਕੇ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਆ ਗਏ। ਫੇਰਾ ਸਿੰਘ ਨੇ ਕਮਰੇ ਵਿੱਚੋਂ ਦੀਵਾ ਜਗਾ ਕੇ ਚਾਨਣ ਕਰ ਦਿੱਤਾ।

"ਵਾਹ, ਮਾਸਟਰ ਜੀ ਨੂੰ ਅਸੀਂ ਬਹੁਤ ਯਾਦ ਕਰਾਂਗੇ। ਕੋਈ ਲੇਖਾ ਨਹੀਂ ਇਨ੍ਹਾਂ ਦਾ? " ਈਸ਼ਰ ਥੋੜ੍ਹਾ ਮੁਸਕਰਾਇਆ।

"ਯਾਦ ਤਾਂ ਅਸੀਂ ਤੈਨੂੰ ਵੀ ਕਰਾਂਗੇ। ਰਾਤ ਨੂੰ ਵੀ ਟਿਕਣ ਨਹੀਂ ਦਿੰਦਾ।" ਮਾਸਟਰ ਫੇਰਾ ਸਿੰਘ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਈਸ਼ਰ ਦੀ ਸੂਰਤ ਪਿੰਡ ਗੁੱਜਰਵਾਲ ਚਲੀ ਗਈ। ਉਹ ਅੱਜ ਹੀ ਉਥੇ ਇੱਕ ਅਖੰਡ ਪਾਠ ਦੇ ਭੋਗ ਉੱਤੇ ਗਿਆ ਸੀ। ਬਹੁਤ ਜ਼ਿਆਦਾ ਇਕੱਠ ਸੀ। ਭਾਈ ਰਨਧੀਰ ਸਿੰਘ ਨਾਰੰਗਵਾਲ ਵਾਲੇ ਆਪਣੇ ਜੱਥੇ ਸਮੇਤ ਪਹੁੰਚੇ ਹੋਏ ਸਨ। ਜਵੰਦ ਸਿੰਘ ਨੰਗਲ, ਵੀਰ ਸਿੰਘ, ਪਿਆਰਾ ਸਿੰਘ, ਬੰਤਾ ਸਿੰਘ ਸੰਘਵਾਲ, ਬੂਟਾ ਸਿੰਘ ਅਕਾਲਗੜ੍ਹ, ਗੁਰਮੁਖ ਸਿੰਘ ਲਲਤੋਂ, ਨੰਦ ਸਿੰਘ ਕੈਲੇ, ਅਰਜਨ ਸਿੰਘ, ਇੰਦਰ ਸਿੰਘ, ਕਪੂਰ ਸਿੰਘ ਤੇ ਉਤਮ ਸਿੰਘ ਸਮੇਤ ਬਹੁਤ ਸਾਰੇ ਗਦਰੀ ਉਥੇ ਪਹੁੰਚੇ ਸਨ। ਅਖੰਡ ਪਾਠ ਦੇ ਭੋਗ ਤੋਂ ਬਾਅਦ ਸਾਰੇ ਜਣੇ ਇਕੱਠੇ ਹੋਏ ਤਾਂ ਬੰਤਾ ਸਿੰਘ ਸੰਘਵਾਲ ਗੱਲ ਕਰਨ ਲੱਗਾ, "ਭਰਾਵੋ, ਪਾਰਟੀ ਨੇ ਸਾਨੂੰ ਇੱਕ ਨਵਾਂ ਹੁਕਮ ਭੇਜਿਆ ਹੈ?" ਸਾਰੇ ਜਣੇ ਇੱਕ ਦਮ ਚੌਕੰਨੇ ਹੋ ਕੇ ਗੱਲ ਸੁਣਨ ਲੱਗੇ। ਬੰਤਾ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, "ਇਸੇ ਬਾਰਾਂ ਫਰਵਰੀ ਨੂੰ ਲਹੌਰ ਵਿੱਚ ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਸ, ਬਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ, ਡਾਕਟਰ ਮਥਰਾ ਦਾਸ ਤੇ ਹੋਰ ਵੱਡੇ ਨੇਤਾਵਾਂ ਨੇ ਇੱਕ ਮੀਟਿੰਗ ਕੀਤੀ ਹੈ। ਦੇਸ਼ ਵਿੱਚੋਂ ਪੁੱਜੀਆਂ ਰਿਪੋਰਟਾਂ ਦੇ ਆਧਾਰ 'ਤੇ ਜੰਗ ਦੇ ਸਮੇਂ ਨੂੰ ਮੁੱਖ ਰੱਖਕੇ ਉਨ੍ਹਾਂ ਫੈਸਲਾ ਕੀਤਾ ਹੈ ਕਿ ਇਸ ਮਹੀਨੇ ਦੀ ਇੱਕੀ ਫਰਵਰੀ ਨੂੰ ਪੂਰੇ ਦੇਸ਼ ਵਿੱਚ ਥਾਂ ਥਾਂ ਗਦਰ ਮਚਾ ਦਿੱਤਾ ਜਾਵੇ। ਵਾਹਿਗੁਰੂ ਭਲੀ ਕਰੇ ਕਿ ਅਸੀਂ ਆਪਣੇ ਮਿਸ਼ਨ ਵਿੱਚ ਸਫਲ ਹੋਈਏ। ਇੱਕੀ ਫਰਵਰੀ ਨੂੰ ਭਾਰਤ ਆਜ਼ਾਦ ਹੋਵੇਗਾ। ਪੂਰੇ ਦੇਸ਼ ਵਿੱਚੋਂ ਜ਼ਾਲਮ ਕੌਮ ਅੰਗਰੇਜ਼ ਦਾ ਬੋਰੀਆ ਬਿਸਤਰਾ ਗੋਲ ਹੋਵੇਗਾ। ਭਾਰਤ ਮਾਂ ਦੇ ਪੈਰੀਂ ਪਈਆਂ ਬੇੜੀਆਂ ਟੁੱਟ ਜਾਣਗੀਆਂ। ਗਦਰ ਪਾਰਟੀ ਦਾ ਝੰਡਾ ਪੂਰੇ ਦੇਸ਼ ਵਿੱਚ ਝੁਲਦਾ ਨਜ਼ਰ ਆਵੇਗਾ। ਗਦਰ ਪਾਰਟੀ ਦਾ ਝੰਡਾ ਬੜੀ ਸੋਚ ਵਿਚਾਰ ਤੋਂ ਪਿੱਛੋਂ ਹੀ ਬਣਾਇਆ ਹੈ। ਹਿੰਦੂ, ਸਿੱਖ, ਮੁਸਲਮਾਨ ਤੇ ਹੋਰ ਕੌਮਾਂ ਨੂੰ ਮੁੱਖ ਰੱਖ ਕੇ ਇਸ ਝੰਡੇ ਵਿੱਚ ਰੰਗ ਭਰੇ ਹਨ।"

ਬੰਤਾ ਸਿੰਘ ਸੰਘਵਾਲ ਦੀ ਗੱਲ ਸਾਰਿਆਂ ਨੇ ਬਹੁਤ ਗੌਰ ਨਾਲ ਸੁਣੀ। ਫਿਰ ਭਾਈ ਰਨਧੀਰ ਸਿੰਘ ਹਰੀਂ ਗੱਲ ਕਰਨ ਲੱਗੇ, "ਸਾਰੇ ਜ਼ਿਲ੍ਹਿਆਂ ਵਿੱਚ ਅੱਡੋ ਅੱਡ ਡਿਊਟੀਆਂ ਹਨ। ਹਰ ਇੱਕ ਜ਼ਿਲ੍ਹੇ ਦੇ ਮੁਖੀ ਨੇ ਵੱਧ ਤੋਂ ਵੱਧ ਬੰਦੇ ਲੈ ਕੇ ਪਹੁੰਚਣਾ ਹੈ। ਆਪਣੀ ਡਿਊਟੀ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨਾ ਦੀ ਹੈ। ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੀ ਡਿਊਟੀ ਹੈ ਕਿ ਪੂਰੀ ਤਿਆਰੀ ਨਾਲ ਇੱਕੀ ਫਰਵਰੀ ਨੂੰ ਪਹੁੰਚੋ। ਕਰਤਾਰ ਸਿੰਘ ਸਰਾਭਾ ਸਾਡੀ ਅਗਵਾਈ ਕਰੇਗਾ।"

"ਫੇਰ ਸਾਨੂੰ ਕੋਈ ਪ੍ਰਵਾਹ ਨਹੀਂ!" ਕਿਸੇ ਦੀ ਅਵਾਜ਼ ਆਈ।

"ਸਾਡੇ ਬੰਦੇ ਬੰਬ ਤੇ ਹੋਰ ਹਥਿਆਰ ਪੁੱਜਦੇ ਕਰਨਗੇ। ਬੰਗਾਲ ਤੋਂ ਵੀ ਹਥਿਆਰ ਮਿਲਣ ਦੀ ਉਮੀਦ ਹੈ। ਛਾਉਣੀਆਂ ਵਿੱਚ ਮੈਗਜ਼ੀਨਾਂ ਉਤੇ ਗੋਰੇ ਫੌਜੀਆਂ ਦਾ ਕਬਜ਼ਾ ਹੈ। ਉਨ੍ਹਾਂ ਕੋਲੋਂ ਸਭ ਤੋਂ ਪਹਿਲਾਂ ਹਥਿਆਰ ਖੋਹਣੇ ਹਨ। ਅਵੇਸਲੇ ਨਹੀਂ ਹੋਣਾ। ਸ਼ੇਰਾਂ ਦਾ ਰੂਪ ਧਾਰ ਲਓ। ਸਭ ਨੇ ਸਵੱਖਤੇ ਇੱਕੀ ਫਰਵਰੀ ਨੂੰ ਫਿਰੋਜ਼ਪੁਰ ਤੇ ਬੱਸ ਗਦਰ।"

ਭਾਈ ਰਨਧੀਰ ਸਿੰਘ ਦੀਆਂ ਗੱਲਾਂ ਸਭ ਦੇ ਦਿਲਾਂ ਨੂੰ ਟੁੰਬ ਗਈਆਂ। ਮੀਟਿੰਗ ਖਤਮ ਹੋਣ ਤੋਂ ਬਾਅਦ ਸਾਰੇ ਜਣੇ ਇੱਕ ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਲੈ ਕੇ ਆਪੋ ਆਪਣੇ ਟਿਕਾਣਿਆਂ ਵੱਲ ਤੁਰੇ।

"ਮੈਨੂੰ ਤਾਂ ਲੱਗਦੇ ਕਿ ਅੱਧੀ ਰਾਤ ਹੋ ਗਈ ਹੋਊ!" ਪਾਲਾ ਸਿੰਘ ਨੇ ਕਿਹਾ।

"ਕੋਈ ਗੱਲ ਨਹੀਂ ਰਾਤ ਆਪਣੀ ਐਂ!" ਮਾਸਟਰ ਫੇਰਾ ਸਿੰਘ ਨੇ ਸਰਸਰੀ ਕਿਹਾ।

"ਈਸ਼ਰ ਸਿੰਘ ਨੇ ਸਾਰਿਆਂ ਵੱਲ ਝਾਤ ਮਾਰੀ। ਦੀਵਾ ਨਿੰਮ੍ਹਾ ਨਿੰਮ੍ਹਾ ਚਾਨਣ ਖਿਲਾਰ ਰਿਹਾ ਸੀ। ਈਸ਼ਰ ਸਿੰਘ ਨੇ ਕਹਿਣਾ ਸ਼ੁਰੂ ਕੀਤਾ, "ਭਰਾਵੋ, ਪਾਰਟੀ ਦਾ ਨਵਾਂ ਪ੍ਰੋਗਰਾਮ ਆ ਗਿਆ ਤੇ ਹੁਣ ਦੁੱਪ ਚਾਪ ਬੈਠਣ ਦਾ ਸਮਾਂ ਨਹੀਂ। ਗੁੱਜਰਵਾਲ ਪਿੰਡ ਵਿੱਚ ਇੱਕ ਅਖੰਡ ਪਾਠ ਦੇ ਭੋਗ ਉਤੇ ਦੂਰੋਂ ਦੂਰੋਂ ਵੱਡੇ ਨੇਤਾ ਆਏ ਸੀ। ਉਹ ਆਪਾਂ ਨੂੰ ਪਾਰਟੀ ਦਾ ਹੁਕਮ ਦੇ ਕੇ ਗਏ ਐ। ਇਸ ਮਹੀਨੇ ਦੀ ਇੱਕੀ ਤਰੀਕ ਨੂੰ ਸਾਰੇ ਦੇਸ਼ ਵਿੱਚ ਗਦਰ ਹੋਵੇਗਾ ਤੇ ਆਪਣੀ ਡਿਊਟੀ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨੀ ਦੀ ਹੈ। ਆਪਾਂ ਸਾਰਿਆਂ ਨੇ ਰੇਲ ਗੱਡੀ ਰਾਹੀਂ ਆਪੋ ਆਪਣੇ ਹਥਿਆਰ ਲੁਕਾ ਕੇ ਸਵੱਖਤੇ ਛਾਉਣੀ ਪਹੁੰਚਣਾ ਹੈ। ਕਰਤਾਰ ਸਰਾਭਾ ਆਪਣੇ ਨਾਲ ਹੋਵੇਗਾ। ਉਸ ਨੇ ਛਾਉਣੀ ਵਿੱਚ ਸਭ ਪ੍ਰਬੰਧ ਕੀਤੇ ਹੋਏ ਐ। ਭਾਰਤੀ ਫੌਜ ਆਪਣਾ ਸਾਥ ਦੇਵੇਗੀ ਤੇ ਬੱਸ ਹੁਣ ਤਿਆਰੀ ਕਰੋ।"

"ਜੇ ਸਰਾਭਾ ਆਪਣੇ ਨਾਲ ਹੋਇਆ ਤੇ ਫਿਰ ਕਾਹਦਾ ਫਿਕਰ!" ਪਾਖਰ ਸਿੰਘ ਹੌਂਸਲੇ ਨਾਲ ਬੋਲਿਆ।

"ਬੱਸ ਇੱਕੀ ਫਰਵਰੀ ਚੇਤੇ ਰੱਖੋ। ਸਾਰੇ ਜਣੇ ਅੱਡੋ ਅੱਡ ਹੋ ਕੇ ਅਜੀਤਵਾਲ ਪਹੁੰਚਣਾ। ਗੱਡੀ ਵਿੱਚ ਵੀ ਖਿੱਲਰ ਕੇ ਬਹਿਣਾ। ਇਹ ਦਿਨ ਸਾਨੂੰ ਮਸਾਂ ਮਿਲਿਆ ਹੈ। ਬੱਸ ਹੁਣ ਤੋਂ ਸ਼ੇਰਾਂ ਦਾ ਰੂਪ ਧਾਰ ਲਓ।" ਈਸ਼ਰ ਨੇ ਫਿਰ ਸਾਰਿਆਂ ਦਾ ਹੌਂਸਲਾ ਵਧਾਇਆ।

"ਬਾਈ ਸਿੰਹਾਂ ਸਾਨੂੰ ਕੋਈ ਹਥਿਆਰ ਵੀ ਲਿਆ ਕੇ ਦੇ। ਅਸੀਂ ਖਾਲੀਂ ਹੱਥ ਉਥੇ ਕੀ ਕਰਾਂਗੇ।" ਅਰੂੜ ਸਿੰਘ ਕਾਹਲੀ ਵਿੱਚ ਬੋਲਿਆ।

"ਹਾਂ ਇਹ ਤਾਂ ਠੀਕ ਐ ਕਿ ਅਸੀਂ ਹਥਿਆਰਾਂ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ। ਵੇਖੋ ਸਾਨੂੰ ਹਥਿਆਰ ਜ਼ਰੂਰ ਪਹੁੰਚ ਜਾਣਗੇ। ਆਪਾਂ ਸਿਰਫ ਪਸਤੌਲ ਤੇ ਬੰਬ ਹੀ ਲਿਜਾ ਸਕਦੇ ਹਾਂ। ਇਸ ਦਾ ਪ੍ਰਬੰਧ ਜ਼ਰੂਰ ਕਰਾਂਗੇ। ਇਹ ਫਿਕਰ ਨਾ ਕਰੋ। ਬਾਕੀ ਛਾਉਣੀ ਵਿੱਚ ਹਥਿਆਰਾਂ ਦੇ ਭੰਡਾਰਾਂ ਉਤੇ ਗੋਰੇ ਫੌਜੀਆਂ ਦਾ ਕਬਜ਼ਾ ਹੈ। ਸਭ ਤੋਂ ਪਹਿਲਾਂ ਆਪਾਂ ਗੋਰਿਆਂ ਤੋਂ ਹਥਿਆਰ ਖੋਹਣ ਦਾ ਹੀ ਯਤਨ ਕਰਨਾ ਹੈ। ਫਿਰ ਸਾਡੇ ਫੌਜੀ ਸਾਡਾ ਸਾਥ ਦੇਣਗੇ। ਇਸ ਗੱਲ ਦਾ ਪ੍ਰਬੰਧ ਸਰਾਭੇ ਨੇ ਕਰ ਰੱਖਿਆ ਹੈ । ਬੱਸ ਤੁਸੀਂ ਤਿਆਰੀ ਕਰੋ। ਮੈਂ ਹੁਣ ਪਿੰਡ ਵਿੱਚ ਰਾਤ ਨੂੰ ਵੀਹ ਤਰੀਕ ਵਾਲੇ ਦਿਨ ਆਵਾਂਗਾ। ਤੁਸੀਂ ਕਿਸੇ ਨੇ ਵੀ ਢਿਲ ਨਹੀਂ ਵਰਤਣੀ। ਚੌਕਸ ਰਹਿਣਾ ਹੈ। ਚੰਗਾ, ਗੁਰੂ ਮਹਾਰਾਜ

ਭਲੀ ਕਰੇ। ਅਸੀਂ ਕਾਮਯਾਬ ਹੋਈਏ। ਇੱਕੀ ਤਰੀਕ ਨੂੰ ਸਾਰੇ ਦੇਸ਼ ਵਿੱਚ ਗਦਰ ਪਾਰਟੀ ਦਾ ਝੰਡਾ ਝੁਲਦਾ ਦਿਸੇ।" ਈਸ਼ਰ ਨੇ ਸਾਰਿਆਂ ਵੱਲ ਨਿਗਾਹ ਮਾਰੀ। ਸਾਰੇ ਬੰਦੇ ਬਹੁਤ ਹੌਂਸਲੇ ਵਿੱਚ ਵਿਖਾਈ ਦੇ ਰਹੇ ਸਨ।

## ਅੱਠ

ਅਜੀਤਵਾਲ ਪਿੰਡ ਦਾ ਰੇਲਵੇ ਸਟੇਸ਼ਨ। ਈਸਰ ਸਿੰਘ ਵੀ ਫਿਰੋਜ਼ਪੁਰ ਦੀ ਟਿਕਟ ਕਟਾ ਕੇ ਬਾਹਰ ਆ ਗਿਆ। ਚੜ੍ਹਦੇ ਫੱਗਣ ਦੀ ਤਿੱਖੀ ਧੁੱਪ ਚਮਕ ਰਹੀ ਸੀ। ਈਸ਼ਰ ਨੇ ਆਸੇ ਪਾਸੇ ਵੇਖਿਆ। ਸਟੇਸ਼ਨ ਉਤੇ ਬਹੁਤੀ ਭੀੜ ਨਹੀਂ ਸੀ। ਪਿੰਡ ਦੇ ਸਾਰੇ ਗਦਰੀ ਬੈਂਚਾਂ ਉਤੇ ਅੱਡ ਅੱਡ ਬੈਠੇ ਸਨ। ਇਹ ਹੋਈ ਨਾ ਗੱਲ। ਉਸ ਨੇ ਕੱਲ੍ਹ ਹੀ ਪਿੰਡ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਦੁਬਾਰਾ ਮੀਟਿੰਗ ਕੀਤੀ ਸੀ। ਸਾਰੇ ਬੰਦੇ ਇੱਕੀ ਫਰਵਰੀ ਦੀ ਤਿਆਰੀ ਕਰੀ ਬੈਠੇ ਸਨ ਪਰ ਇਧਰ ਗੱਲ ਹੀ ਹੋਰ ਹੋ ਗਈ। ਕਹਿੰਦੇ ਫਸਲ ਦੇ ਨਾਲ ਕਾਂ ਗਿਆਰੀ ਵੀ ਉਗ ਆਉਂਦੀ ਹੈ।

ਗਦਰ ਪਾਰਟੀ ਨੇ ਤਾਂ ਦੇਸ਼ ਵਿੱਚ ਗਦਰ ਮਚਾਉਣ ਲਈ ਇੱਕੀ ਫਰਵਰੀ ਦਾ ਦਿਨ ਬੰਨ੍ਹ ਕੇ ਸਭ ਪਾਰਟੀ ਮੈਂਬਰਾਂ ਨੂੰ ਅਗਾਊਂ ਗੁਪਤ ਸੂਚਨਾ ਭੇਜ ਦਿੱਤੀ ਸੀ ਪਰ ਗਦਾਰ ਮੌਕੇ ਉਤੇ ਕੰਮ ਖਰਾਬ ਕਰਨ ਲਈ ਕੋਈ ਕਸਰ ਨਹੀਂ ਛੱਡਦੇ। ਘਰ ਦੇ ਭੇਤੀ ਕਿਰਪਾਲ ਨੇ ਇੱਕੀ ਫਰਵਰੀ ਦੇ ਪ੍ਰੋਗਰਾਮ ਦੀ ਸਾਰੀ ਜਾਣਕਾਰੀ ਅੰਗਰੇਜ਼ ਸਰਕਾਰ ਦੀ ਖੁਫੀਆ ਪੁਲਸ ਨੂੰ ਦੇ ਦਿੱਤੀ। ਸਾਰੀ ਖੇਡ ਹੀ ਖਰਾਬ ਹੋ ਗਈ। ਪੰਜਾਬ ਵਿੱਚ ਲਹੌਰ ਗਦਰ ਪਾਰਟੀ ਦਾ ਮੁੱਖ ਦਫਤਰ ਸੀ। ਲਹੌਰ ਵਿੱਚ ਗਦਰ ਪਾਰਟੀ ਦੇ ਵਿਸ਼ਨੂੰ ਗਣੇਸ਼ ਪਿੰਗਲੇ, ਰਾਸ ਬਿਹਾਰੀ ਬੋਸ, ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ, ਡਾ. ਮਥਰਾ ਦਾਸ, ਜਗਤ ਸਿੰਘ ਸੁਰ ਸਿੰਘ ਤੋਂ ਬਿਨਾਂ ਪੰਜਾਬ ਦੇ ਵੱਡੇ ਪਾਰਟੀ ਆਗੂ ਆਉਂਦੇ ਜਾਂਦੇ ਸਨ। ਰਾਸ ਬਿਹਾਰੀ ਬੋਸ ਜਿਸ ਮਕਾਨ ਵਿੱਚ ਰਹਿੰਦੇ ਸਨ ਉਸ ਮਕਾਨ ਬਾਰੇ ਤਾਂ ਪਾਰਟੀ ਦੇ ਥੋੜ੍ਹੇ ਆਗੂਆਂ ਨੂੰ ਪਤਾ ਸੀ। ਬੋਸ ਲਈ ਤਿੰਨ ਮਕਾਨ ਕਿਰਾਏ ਉਤੇ ਲੈ ਰੱਖੇ ਸਨ। ਪਾਰਟੀ ਦੇ ਨੇਤਾਵਾਂ ਨੂੰ ਮਿਲਣ ਲਈ ਉਹ ਖਾਸ ਮਕਾਨ ਦੀ ਵਰਤੋਂ ਕਰਦੇ ਸਨ।

ਗਦਰ ਪਾਰਟੀ ਦੇ ਹੁਸ਼ਿਆਰ ਹੋਣ ਦੇ ਬਾਵਜੂਦ ਪੰਜਾਬ ਪੁਲਸ ਦੇ ਖੁਫੀਆ ਮਹਿਕਮੇ ਦੇ ਇੱਕ ਮੁਸਲਮਾਨ ਸੁਪਰਡੈਂਟ ਨੇ ਕਿਰਪਾਲ ਸਿੰਘ ਨਾਂ ਦੇ ਇੱਕ ਬੰਦੇ ਨੂੰ ਗਦਰ ਪਾਰਟੀ ਦੇ ਯੁੱਗ ਪਲਟਾਊ ਦਲ ਵਿੱਚ ਭਰਤੀ ਕਰਵਾਦਿੱਤਾ। ਕਿਰਪਾਲ ਦਾ ਟਿਕਾਣਾ ਲਹੌਰ ਸ਼ਹਿਰ ਸੀ। ਕਿਰਪਾਲਸਿੰਘ ਗਦਰ ਪਾਰਟੀ ਵਿੱਚ ਕੰਮ ਵੀ ਕਰਦਾ ਤੇ ਅੰਦਰਖਾਤੇ ਪਾਰਟੀ ਸਰਗਰਮੀਆਂ ਦੀ ਸਾਰੀ ਜਾਣਕਾਰੀ ਪੁਲਸ ਨੂੰ ਵੀ ਦਿੰਦਾ।

ਰਾਸ ਬਿਹਾਰੀ ਬੋਸ, ਕਰਤਾਰ ਸਿੰਘ ਸਰਾਭਾ ਤੇ ਹੋਰ ਵੱਡੇ ਨੇਤਾਵਾਂ ਨੇ ਲਹੌਰ, ਰਾਵਲਪਿੰਡੀ, ਫਿਰੋਜ਼ਪੁਰ, ਮੇਰਠ, ਦਿੱਲੀ ਤੇ ਹੋਰ ਫੌਜੀ ਛਾਉਣੀਆਂ ਵਿੱਚ ਗਦਰ ਮਚਾਉਣ ਲਈ ਭਾਰਤੀ ਫੌਜ ਦੇ ਜਵਾਨਾਂ ਨਾਲ ਗੱਲਬਾਤ ਪੱਕੀ ਕਰ ਪਈ। ਭਾਰਤੀ

ਫੌਜੀਆਂ ਦੀ ਸ਼ਰਤ ਸੀ ਕਿ ਪਹਿਲਾਂ ਗਦਰ ਪਾਰਟੀ ਗੋਰੇ ਫੌਜੀਆਂ ਉਤੇ ਹਮਲਾ ਕਰਕੇ ਉਨ੍ਹਾਂ ਕੋਲੋਂ ਹਥਿਆਰ ਖੋਹ ਲਵੇ। ਫਿਰ ਉਹ ਪਾਰਟੀ ਦਾ ਪੂਰਾ ਸਾਥ ਦੇਣਗੇ, ਕਿਉਂਕਿ ਭਾਰਤੀ ਫੌਜ ਬਾਹਰਲੇ ਮੁਲਕਾਂ ਵਿੱਚ ਜਾ ਕੇ ਜੰਗ ਵਿੱਚ ਸ਼ਾਮਲ ਨਹੀਂ ਸਨ ਹੋਣਾ ਚਾਹੁੰਦੇ। ਗਦਰ ਪਾਰਟੀ ਤਾਂ ਨਿਸ਼ਚਿੰਤ ਹੋ ਕੇ ਇੱਕੀ ਫਰਵਰੀ ਦੇ ਦਿਨ ਲਈ ਕੰਮ ਕਰ ਰਹੀ ਸੀ। ਵੱਡੇ ਛੋਟੇ ਲੀਡਰ ਦਿਨ ਰਾਤ ਭੱਜੇ ਫਿਰਦੇ ਸਨ। ਅਚਾਨਕ ਹੀ ਗਦਰ ਪਾਰਟੀ ਦੇ ਕਈ ਆਗੂ ਪੁਲਸ ਨੇ ਗ੍ਰਿਫਤਾਰ ਕਰ ਲਏ। ਪਾਰਟੀ ਲੀਡਰਸ਼ਿਪ ਇਕਦਮ ਚੌਕੰਨੀ ਹੋ ਗਈ। ਉਨ੍ਹਾਂ ਨੂੰ ਕਿਰਪਾਲ ਸਿੰਘ ਉਤੇ ਸ਼ਕ ਹੋਇਆ। ਕਿਰਪਾਲ ਸਿੰਘ ਉਤੇ ਪਾਰਟੀ ਦੇ ਬੰਦਿਆਂ ਦਾ ਪਹਿਰਾ ਲਾ ਦਿੱਤਾ। ਕਈ ਬੰਦੇ ਚਾਹੁੰਦੇ ਸਨ ਕਿ ਕਿਰਪਾਲ ਸਿੰਘ ਨੂੰ ਗੋਲੀ ਮਾਰ ਦਿੱਤੀ ਜਾਵੇ ਤੇ ਕਈਆਂ ਦਾ ਵਿਚਾਰ ਸੀ ਕਿ ਇਸ ਨੂੰ ਬੰਦੀ ਬਣਾ ਲਿਆ ਜਾਵੇ। ਬੜੇ ਨਾਜ਼ਕ ਦਿਨ ਸਨ। ਕਿਰਪਾਲ ਉਤੇ ਸਖਤ ਪਹਿਰਾ ਲਾ ਦਿੱਤਾ। ਪਲ ਪਲ ਉਸ ਉਤੇ ਨਿਗਰਾਨੀ ਰੱਖੀ ਜਾਂਦੀ। ਕਿੱਥੇ ਇੱਕੀ ਤਰੀਕ ਤੇ ਕਿੱਥੇ ਉਨੀ। ਪਾਰਟੀ ਨੇਤਾਵਾਂ ਨੇ ਭੱਜ ਨੱਠ ਕਰਕੇ ਥਾਂ ਥਾਂ ਉਨੀ ਫਰਵਰੀ ਦੇ ਸੁਨੇਹੇ ਦਿੱਤੇ। ਗਦਰੀ ਤਾਂ ਪਹਿਲਾਂ ਵਾਂਗ ਹੀ ਪੂਰੇ ਉਤਸ਼ਾਹ ਵਿੱਚ ਸਨ ਤੇ ਸਭ ਉਨੀ ਫਰਵਰੀ ਦੇ ਦਿਨ ਦੀ ਉਡੀਕ ਕਰਨ ਲੱਗੇ। ਈਸ਼ਰ ਨੇ ਵੀ ਇੱਕ ਦਿਨ ਪਹਿਲਾਂ ਆ ਕੇ ਪਿੰਡ ਦੇ ਬੰਦਿਆਂ ਨੂੰ ਇਤਲਾਹ ਦਿੱਤੀ ਸੀ।

ਜਗਰਾਵਾਂ ਤੋਂ ਆ ਰਹੀ ਰੇਲ ਗੱਡੀ ਨੇ ਸੀਟੀ ਮਾਰੀ। ਈਸ਼ਰ ਦਾ ਧਿਆਨ ਉਧਰ ਚਲਾ ਗਿਆ। ਗੱਡੀ ਹੌਲੀ ਹੌਲੀ ਸਟੇਸ਼ਨ ਉਤੇ ਆ ਰੁਕੀ। ਸਾਰੇ ਗਦਰੀ ਅੱਡੋ ਅੱਡੋ ਡੱਬਿਆਂ ਵਿੱਚ ਸਵਾਰ ਹੋ ਗਏ। ਈਸ਼ਰ ਵੀ ਇੱਕ ਡੱਬੇ ਵਿੱਚ ਆ ਕੇ ਬੈਠ ਗਿਆ। ਡੱਬੇ ਵਿੱਚ ਸਵਾਰੀਆਂ ਘੱਟ ਸਨ। ਗੱਡੀ ਨੇ ਫਿਰ ਸੀਟੀ ਮਾਰੀ ਤੇ ਆਪਣੀ ਮੰਜ਼ਿਲ ਵੱਲ ਚੱਲ ਪਈ। ਈਸ਼ਰ ਆਪਣੀ ਸੀਟ ਉਤੇ ਬੈਠਾ ਬਾਹਰ ਵੇਖਣ ਲੱਗਾ। ਖੇਤਾਂ ਵਿੱਚ ਕਣਕ, ਜੌਂ, ਸਰ੍ਹੋਂ ਤੇ ਛੋਲਿਆਂ ਦੀ ਫਸਲ ਨਾਲ ਖੇੜਾ ਸੀ। ਦਰੱਖਤ ਘੁੰਮਦੇ ਵਿਖਾਈ ਦੇਣ ਲੱਗੇ। ਈਸ਼ਰ ਦੀ ਸੋਚ ਵੀ ਘੁੰਮਣ ਲੱਗੀ। ਇੱਕ ਦਿਨ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪਾਰਟੀ ਦੀ ਮੀਟਿੰਗ ਹੋ ਰਹੀ ਸੀ। ਹਨੇਰਾ ਹੋਇਆ ਤਾਂ ਮਾਸਟਰ ਫੇਰਾ ਸਿੰਘ ਨੇ ਇੱਕ ਦੀਵਾ ਜਗਾ ਕੇ ਇੱਕ ਖੂੰਜੇ ਵਿੱਚ ਤਖਤੇ ਦੇ ਉਹਲੇ ਰੱਖ ਦਿੱਤਾ ਤਾਂ ਕਿ ਬਾਹਰੋਂ ਆ ਰਹੀ ਹਵਾ ਨਾਲ ਦੀਵਾ ਬੁਝ ਨਾ ਜਾਵੇ। ਦੀਵਾ ਰੱਖਦਾ ਮਾਸਟਰ ਫੇਰਾ ਸਿੰਘ ਬੋਲਿਆ ਸੀ ਕਿ ਦੁਸ਼ਮਣ ਨੂੰ ਕਦੇ ਵੀ ਭੁਲਾਓ ਨਾ ਤੇ ਨਾ ਇਸ ਦਾ ਵਸਾਹ ਕਰੋ। ਇੱਕ ਨਿੱਕੀ ਜਿਹੀ ਗੱਲ ਫੜਕੇ ਮਾਸਟਰ ਫੇਰਾ ਸਿੰਘ ਨੇ ਕਿੱਡੀ ਵੱਡੀ ਗੱਲ ਕੀਤੀ ਸੀ। ਕਿਰਪਾਲ ਕਿੰਨਾ ਗਦਾਰ ਨਿਕਲਿਆ। ਇਸ ਨੂੰ ਆਪਣੇ ਦੇਸ਼ ਵਾਸੀਆਂ ਨਾਲੋਂ ਅੰਗਰੇਜ਼ ਚੰਗੇ ਹੋਏ। ਇਸ ਬੰਦੇ ਨੂੰ ਇਹ ਨਹੀਂ ਪਤਾ ਕਿ ਅੰਗਰੇਜ਼ ਕਿਵੇਂ ਸਾਡੇ ਦੇਸ਼ ਨੂੰ ਲੁੱਟ ਕੇ ਖਾ ਰਹੇ ਐ। ਸਾਡੇ ਲੋਕਾਂ ਉਤੇ ਜ਼ੁਲਮ ਕਰ ਰਹੇ ਐ। ਇਨ੍ਹਾਂ ਲੋਕਾਂ ਦੀ ਅਣਖ ਪਤਾ ਨਹੀਂ ਕਿੱਥੇ ਗਈ!

ਫਿਰ ਅਚਾਨਕ ਈਸ਼ਰ ਨੂੰ ਪੁਰਾਣੇ ਦਿਨ ਯਾਦ ਆ ਗਏ। ਉਸ ਵੇਲੇ ਤਾਂ ਉਹ ਕੈਨੇਡਾ ਦੇ ਇੱਕ ਸ਼ਹਿਰ ਵਿੱਚ ਕੰਮ ਕਰਦਾ ਸੀ। ਅਮਰੀਕਾ ਵਿੱਚ ਗਦਰ ਪਾਰਟੀ ਦਾ

ਗਠਨ ਹੋ ਗਿਆ ਤਾਂ ਕੈਨੇਡਾ ਵਿੱਚ ਵੀ ਪੰਜਾਬੀ ਗਦਰ ਪਾਰਟੀ ਦੇ ਮੈਂਬਰ ਬਣ ਗਏ। ਉਹ ਵੀ ਪਾਰਟੀ ਵਿੱਚ ਕੰਮ ਕਰਨ ਲੱਗਾ। ਵੱਡੀ ਗੱਲ ਤਾਂ ਇਹ ਸੀ ਕਿ ਬਾਹਰਲੇ ਦੇਸ਼ਾਂ ਵਿੱਚ ਤਾਂ ਭਾਰਤੀ ਵਾਸੀ ਚੰਗਾ ਪੈਸਾ ਕਮਾ ਰਹੇ ਸਨ ਪਰ ਉਨ੍ਹਾਂ ਦੀ ਅਣਖ ਜਾਗ ਪਈ ਸੀ। ਉਹ ਆਪਣੇ ਦੇਸ਼ ਵਿੱਚ ਆਪਣੀ ਸਰਕਾਰ ਚਾਹੁੰਦੇ ਸਨ। ਫਿਰ ਉਸ ਨੂੰ ਗਦਰ ਪਾਰਟੀ ਦੇ ਮੋਢੀ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਜਵਾਲਾ ਸਿੰਘ, ਕੇਸਰ ਸਿੰਘ, ਸੰਤ ਵਿਸਾਖਾ ਸਿੰਘ, ਰੂੜ ਸਿੰਘ ਚੂਹੜਚੱਕ, ਕਰਮ ਸਿੰਘ ਚੀਮਾ, ਕਤਰਾਰ ਸਿੰਘ ਸਰਾਭਾ, ਨਿਸ਼ਾਨ ਸਿੰਘ ਚੂੰਘਾ, ਈਸ਼ਰ ਸਿੰਘ ਮਰਹਾਣਾ, ਜਗਤ ਰਾਮ, ਪੰਡਤ ਜਗਤ ਰਾਮ, ਬਰਕਤ ਉਲਾ, ਪੰਡਤ ਕਾਂਸੀ ਰਾਮ, ਮੁਨਸ਼ੀ ਕਰੀਮ ਬਖਸ਼ ਤੇ ਮੁਣਸ਼ੀ ਰਾਮ ਗਦਰੀ ਯਾਦ ਆਏ. ਇਹ ਸੀ ਅਣਕੀ ਬੰਦੇ। ਅਣਖ ਨਾਲ ਜਿਉਣ ਵਾਲੇ। ਬਾਬਾ ਗੁਰਦਿੱਤ ਸਿੰਘ ਸਰਹਾਲੀ ਜਿਸ ਨੇ ਅੰਗਰੇਜ਼ਾਂ ਅੱਗੇ ਝੁਖਣ ਤੋਂ ਨਾਂਹ ਕਰ ਦਿੱਤੀ। ਇਧਰ ਦੇਸ਼ ਦੇ ਝੋਲੀ ਝੁੱਕ ਚੰਗ ਸਿੱਕਿਆਂ ਪਿੱਛੇ ਅੰਗਰੇਜ਼ਾਂ ਦੀਆਂ ਜੁੱਤੀਆਂ ਚੱਟਦੇ ਫਿਰਦੇ ਐ।

ਗੱਡੀ ਨੇ ਲੰਮੀ ਸੀਟੀ ਮਾਰੀ। ਈਸ਼ਰ ਡੱਬੇ ਵਿੱਚ ਆਸੇ ਪਾਸੇ ਝਾਕਿਆ। ਫਿਰ ਉਸ ਨੇ ਬਾਹਰ ਵੱਲ ਝਾਤ ਮਾਰੀ। ਉਸ ਨੂੰ ਪਤਾ ਨਾ ਲੱਗਾ ਕਿ ਕਦੋਂ ਮੋਗਾ ਸ਼ਹਿਰ ਆ ਗਿਆ। ਗੱਡੀ ਲਾਈਨਾਂ ਬਦਲਦੀ ਹੌਲੀ-ਹੌਲੀ ਰੁਕ ਗਈ। ਕੁਝ ਚਿਰ ਬਾਅਦ ਗੱਡੀ ਨੇ ਵਿਸਲ ਦਿੱਤੀ ਤੇ ਆਪਣੀ ਮੰਜ਼ਲ ਵੱਲ ਵਧਣ ਲੱਗੀ। ਹੁਣ ਤਾਂ ਫਿਰੋਜ਼ਪੁਰ ਪਹੁੰਚੇ ਸਮਝੋ। ਅੱਜ ਤਾਂ ਉਥੇ ਬਹੁਤ ਬੰਦੇ ਪਹੁੰਚ ਜਾਣਗੇ। ਗੁੱਜਰਵਾਲਾ ਭੋਗ ਉਤੇ ਕਿੰਨਾ ਇਕੱਠ ਸੀ। ਦੂਰੋਂ-ਦੂਰੋਂ ਵੱਡੇ ਆਗੂ ਆ ਜੁੜੇ ਸਨ। ਸਭ ਆਪਣੇ ਨਾਲ ਬਹੁਤ ਬੰਦੇ ਲੈ ਕੇ ਆਉਣਗੇ। ਲੱਗਦੈ ਸਾਰੇ ਪੰਜਾਬ ਵਿੱਚ ਹੀ ਗਦਰੀ ਆਉਣਗੇ। ਬੱਸ ਇੱਕ ਵਾਰ ਗੋਰੇ ਫੌਜੀਆਂ ਉਤੇ ਜ਼ੋਰਦਾਰ ਹਮਲਾ ਕਰ ਕੇ ਉਨ੍ਹਾਂ ਕੋਲੋਂ ਹਥਿਆਰ ਖੋਹ ਲਏ ਜਾਣ। ਫਿਰ ਤਾਂ ਭਾਰਤੀ ਫੌਜੀ ਵੀ ਸਾਡੇ ਨਾਲ ਰਲ ਜਾਣਗੇ। ਛਾਉਣੀ ਦੇ ਸਭ ਗੋਰੇ ਫੌਜੀ ਅਸੀਂ ਕਾਬੂ ਕਰ ਲਵਾਂਗੇ। ਅੰਗਰੇਜ਼ ਇਸ ਵੇਲੇ ਵੱਡੀ ਡੰਗ ਵਿੱਚ ਫਸੇ ਹੋਏ ਐ। ਇਸ ਤਰ੍ਹਾਂ ਦਾ ਮੌਕਾ ਸਾਨੂੰ ਫੇਰ ਕਦੋਂ ਮਿਲੂੰਗਾ। ਇੱਕ ਮਾਰ ਲਿਆ ਸਾਨੂੰ ਕਾਂਗਰਸ ਪਾਰਟੀ ਨੇ । ਕਾਸ਼ ਕਿਤੇ ਇਹ ਪਾਰਟੀ ਸਾਡਾ ਸਾਥ ਦਿੱਤੀ। ਅੰਗਰੇਜ਼ਾਂ ਨੂੰ ਅਸੀਂ ਦੇਸ਼ ਵਿੱਚੋਂ ਦਵੱਲ ਕੇ ਕੱਢ ਦਿੰਦੇ। ਚਲੋ ! ਸਾਡੈ ਵੱਡੇ ਆਗੂ ਬਹੁਤ ਤਕੜੇ ਐ। ਆਪਣੇ ਘਰ ਦੀ ਕੋਈ ਪ੍ਰਵਾਹ ਨਹੀਂ। ਜਾਨਾਂ ਤਲੀ ਉਤੇ ਰੱਖ ਕੇ ਕਿਵੇਂ ਦਿਨ ਰਾਤ ਇੱਕ ਕਰ ਰਹੇ ਐ। ਸੱਚੇ ਸੁੱਚੇ ਦੇਸ਼ ਭਗਤ, ਗਦਰੀ ਸੂਰਬੀਰ।

ਗੱਡੀ ਤੇਜ਼ੀ ਨਾਲ ਚੱਲ ਰਹੀ ਸੀ। ਈਸਰ ਦਾ ਦਿਲ ਕਾਹਲਾ ਪੈ ਰਿਹਾ ਸੀ। ਉਸ ਨੂੰ ਲੱਗਦਾ ਸੀ ਕਿ ਅੱਜ ਤਾਂ ਜਿਵੇਂ ਫਿਰੋਜ਼ਪੁਰ ਹੀ ਦੂਰ ਹੋ ਗਿਆ। ਉਹ ਉਂਜ ਹੀ ਬਾਹਰ ਝਾਕਣ ਲੱਗਦਾ। ਦਰੱਖਤ ਭੱਜੇ ਜਾਂਦੇ ਲੱਗਦੇ। ਬੱਸ ਕੁਝ ਚਿਰ ਨੂੰ ਉਹ ਆਪਣੀ ਮੰਜ਼ਿਲ ਉਤੇ ਪਹੁੰਚ ਜਾਣਗੇ। ਬੰਤ ਸਿੰਘ ਸੰਘਵਾਲ ਨੇ ਤਾਂ ਇਹ ਵੀ ਦੱਸਿਆ ਸੀ ਕਿ ਕਰਤਾਰ ਸਰਾਭਾ ਆਪਣੇ ਸਾਥੀਆਂ ਸਮੇਤ ਪਹਿਲਾਂ ਪਹੁੰਚ ਜਾਵੇਗਾ। ਸਰਾਭੇ ਨੇ ਭਾਰਤੀ

ਫੌਜੀਆਂ ਨਾਲ ਪੂਰੀ ਗੰਢ ਤੁੱਪ ਕਰ ਲਈ ਐ। ਸਰਾਭੇ ਦਾ ਤਾਂ ਕੋਈ ਲੇਖਾ ਨਹੀਂ। ਛੋਟੀ ਉਮਰ ਤੋਂ ਕੰਮ ਕਰਨ ਨੂੰ ਵੀਹਾਂ ਵਰਗਾ। ਦਿਮਾਗ ਵੀ ਉਸ ਦਾ ਬਹੁਤ ਕੰਮ ਕਰਦਾ। ਆਖਰ ਰੇਲ ਗੱਡੀ ਫਿਰੋਜ਼ਪੁਰ ਦੇ ਸਟੇਸ਼ਨ ਉਤੇ ਆ ਰੁਕੀ। ਈਸ਼ਰ ਧੜਕਦੇ ਦਿਲ ਨਾਲ ਗੱਡੀ ਵਿੱਚੋਂ ਉਤਰਿਆ। ਉਸ ਦੇ ਪਿੰਡ ਵਾਲੇ ਤੇ ਹੋਰ ਕਈ ਸਾਥੀ ਪਲੇਟਫਾਰਮ ਉਤੇ ਇੱਕ ਦੂਜੇ ਵੱਲ ਵੇਖਣ ਲੱਗੇ। ਮੂਕ ਬੋਲੀ ਰਾਹੀਂ ਸਾਰੇ ਦੱਸ ਰਹੇ ਸਨ ਕਿ ਖੁਫੀਆ ਬੰਦਾ ਉਨ੍ਹਾਂ ਨੂੰ ਤਾੜ ਨਾ ਲਵੇ। ਸਾਰੇ ਜਣੇ ਬਹੁਤ ਸਿੱਧੇ ਸਾਦੇ ਪੇਂਡੂ ਬੰਦੇ ਜਾਪ ਰਹੇ ਸਨ ਪਰ ਬਹੁਤਿਆਂ ਕੋਲ ਗੋਲੀਆਂ ਨਾਲ ਭਰੇ ਹੋਏ ਪਿਸਤੌਲ ਲੁਕਾਏ ਹੋਏ ਸਨ। ਸਾਰੇ ਹੌਲੀ ਹੌਲੀ ਪਲੇਟਫਾਰਮ ਤੋਂ ਗੇਟ ਰਾਹੀਂ ਵੱਡੇ ਹਾਲ ਵਿੱਚ ਪਹੁੰਚ ਗਏ। ਏਥੇ ਬਹੁਤ ਮੁਸਾਫਰ ਬੈਂਚਾਂ ਉਤੇ ਬੈਠੇ ਹੋਏ ਸਨ। ਕਈ ਬੰਦੇ ਤਾਂ ਅੱਜ ਫਿਰੋਜ਼ਪੁਰ ਪਹਿਲੀ ਵਾਰ ਆਏ ਸਨ। ਉਹ ਇੱਕ ਦੂਜੇ ਦੇ ਆਸਰੇ ਨਾਲ ਹੀ ਇਧਰ ਆਏ ਸਨ।

ਈਸ਼ਰ ਘੋਖਵੀਂ ਨਜ਼ਰ ਨਾਲ ਵੇਖਦਾ ਹੋਇਆ ਹੌਲੀ-ਹੌਲੀ ਸਟੇਸ਼ਨ ਹਾਲ ਵਿੱਚੋਂ ਬਾਹਰ ਆਇਆ। ਪਿੰਡ ਵਾਲੇ ਸਾਥੀ ਅੱਗੇ ਪਿੱਛੇ ਹੋ ਕੇ ਉਸ ਦੇ ਪਿੱਛੇ ਹੋ ਤੁਰੇ। ਈਸ਼ਰ ਹਾਲੇ ਥੋੜ੍ਹੀ ਦੂਰ ਹੀ ਗਿਆ ਸੀ ਕਿ ਉਹ ਅਚਾਨਕ ਰੁਕ ਗਿਆ। ਸਾਹਮਣੇ ਹਰਨਾਮ ਸਿੰਘ ਕਾਲਾ ਸੰਘਾ ਕਿਸੇ ਨਾਲ ਹੌਲੀ ਹੌਲੀ ਗੱਲ ਕਰ ਰਿਹਾ ਸੀ। ਈਸ਼ਰ ਨੇ ਉਸ ਨੂੰ ਪਹਿਚਾਣ ਲਿਆ। ਉਹ ਦੋਵੇਂ ਬੰਦੇ ਬਹੁਤ ਘਬਰਾਏ ਹੋਏ ਸਨ। ਈਸ਼ਰ ਉਂਜ ਹੀ ਆਸੇ ਪਾਸੇ ਵੇਖਣ ਲੱਗਾ ਜਿਵੇਂ ਕਿਸੇ ਦੀ ਉਡੀਕ ਕਰ ਰਿਹਾ ਹੋਵੇ। ਪਿੰਡ ਵਾਲੇ ਬੰਦੇ ਈਸ਼ਰ ਵੱਲ ਵੇਖ ਕੇ ਇੱਕ ਦੂਜੇ ਤੋਂ ਦੂਰ ਹੋ ਕੇ ਖਲੋ ਗਏ।

ਹਰਨਾਮ ਸਿੰਘ ਉਸ ਭਾਈ ਨਾਲ ਗੱਲ ਕਰਕੇ ਈਸ਼ਰ ਕੋਲ ਆ ਗਿਆ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਆਸੇ ਪਾਸੇ ਵੇਖ ਕੇ ਬੜੀ ਘਬਰਾਹਟ ਵਿੱਚ ਗੱਲ ਕਰਨ ਲੱਗਾ, "ਪੂਰਨ ਸਿੰਘ (ਪਾਰਟੀ ਵਿੱਚ ਈਸ਼ਰ ਦਾ ਨਾਮ) ਗੱਲ ਬਹੁਤ ਖਰਾਬ ਹੋ ਗਈ। ਜਿਹੜਾ ਬੰਦਾ ਮੇਰੇ ਨਾਲ ਗੱਲ ਕਰਦਾ ਸੀ, ਉਹ ਮੰਗਲ ਸਿੰਘ ਡੋਗਰਾ ਸੀ। ਉਹ ਮੈਨੂੰ ਸਾਰਾ ਕੁੱਝ ਦੱਸ ਗਿਆ। ਮੈਂ ਤੇ ਤੇਜਾ ਸਿੰਘ ਲੋਹਕੇ ਅੱਜ ਹੀ ਆਪਣੇ ਪਿੰਡਾਂ ਤੋਂ ਆਏ ਆਂ। ਸਾਨੂੰ ਅੱਜ ਦੇ ਦਿਨ ਦੀ ਖਬਰ ਮਿਲ ਗਈ ਸੀ। ਅਸੀਂ ਤਾਂ ਤਿਆਰੀ ਕਰਕੇ ਆਏ ਆ। ਡੋਗਰਾ ਦੱਸ ਕੇ ਗਿਆ ਕਿ ਕਰਤਾਰ ਸਰਾਭਾ ਤੇ ਉਸ ਦੇ ਬਹੁਤ ਸਾਥੀ ਸਵੱਖਤੇ ਏਥੇ ਪਹੁੰਚ ਗਏ ਸੀ। ਸਰਾਭਾ ਤਾਂ ਇਕੱਲਾ ਫੌਜੀ ਛਾਉਣੀ ਵਿੱਚ ਪਹੁੰਚ ਗਿਆ ਸੀ। ਸਰਾਭਾ ਮੇਰੇ ਕੋਲ ਤੇ ਕਿਰਪਾ ਸਿੰਘ ਕੋਲ ਅਕਸਰ ਆ ਜਾਂਦਾ ਸੀ। ਅੱਜ ਵੀ ਸਰਾਭਾ ਕਿਰਪਾ ਨੂੰ ਜਾ ਮਿਲਿਆ। ਕਿਰਪਾ ਸਿੰਘ ਨੇ ਸਾਰੀ ਗੱਲਬਾਤ ਸਰਾਭੇ ਨੂੰ ਦੱਸ ਦਿੱਤੀ ਕਿ ਅੱਜ ਦੇ ਦਿਨ ਦਾ ਵੀ ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਗਿਆ। ਅੰਗਰੇਜ਼ਾਂ ਨੇ ਸਾਰੇ ਭਾਰਤੀ ਫੌਜੀਆਂ ਤੋਂ ਹਥਿਆਰ ਖੋਹ ਲਏ ਐ ਤੇ ਮੈਗਜ਼ੀਨਾਂ ਉਤੇ ਗੋਰੇ ਫੌਜੀਆਂ ਦਾ ਪਹਿਰਾ ਲਾ ਦਿੱਤਾ ਗਿਆ।"

ਹਰਨਾਮ ਸਿੰਘ ਦੀ ਗੱਲ ਸੁਣ ਕੇ ਈਸ਼ਰ ਸਿੰਘ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਖਿਸਕ ਗਈ। ਉਹ ਹੱਕਾ ਬੱਕਾ ਰਹਿ ਗਿਆ। ਉਸ ਦੇ ਤਾਂ ਜਿਵੇਂ ਹੋਸ਼ ਉਡ ਗਏ। ਦਿਲ

ਜ਼ੋਰ ਨਾਲ ਧੜਕ ਰਿਹਾ ਸੀ।

"ਇਹ ਹੋ ਕੀ ਗਿਆ? " ਈਸ਼ਰ ਮਸਾਂ ਬੋਲਿਆ।

"ਕਹਿੰਦੇ ਲਹੌਰ ਵਿੱਚ ਗਦਰ ਪਾਰਟੀ ਦੀ ਮੀਟਿੰਗ ਹੋ ਰਹੀ ਸੀ। ਰਾਸ ਬਿਹਾਰੀ ਬੋਸ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਹੋਰ ਕਈ ਨੇਤਾ ਮੀਟਿੰਗ ਵਿੱਚ ਹਾਜ਼ਰ ਸਨ। ਕਰਤਾਰ ਸਰਾਭਾ ਤੇ ਉਸ ਦੇ ਸਾਥੀ ਇਧਰ ਆਏ ਹੋਏ ਸਨ। ਕਿਰਪਾਲ ਸਿੰਘ ਨਾਂ ਦਾ ਬੰਦਾ ਵੀ ਲਹੌਰ ਵਾਲੀ ਮੀਟਿੰਗ ਵਿੱਚ ਹਾਜ਼ਰ ਸੀ। ਮੀਟਿੰਗ ਵਿੱਚ ਇੱਕੀ ਤਰੀਕ ਬਦਲ ਕੇ ਗਦਰ ਕਰਨ ਦਾ ਦਿਨ ਉਨੀ ਤਰੀਕ ਦਾ ਰੱਖ ਲਿਆ। ਰਾਸ ਬਿਹਾਰੀ ਨੇ ਆਪਣੇ ਬੰਦੇ ਲਹੌਰ ਛਾਉਣੀ ਵਿੱਚ ਭਾਰਤੀ ਫੌਜ ਦੇ ਜਵਾਨਾਂ ਵੱਲ ਭੇਜੇ। ਉਨ੍ਹਾਂ ਨੇ ਸਾਡੇ ਫੌਜੀਆਂ ਨੂੰ ਇੱਕੀ ਦੀ ਥਾਂ ਉਨੀ ਵਾਲੀ ਸੂਚਨਾ ਦੇਣੀ ਸੀ। ਉਹ ਬੰਦੇ ਛਾਉਣੀ ਤੋਂ ਆ ਕੇ ਰਾਸ ਬਿਹਾਰੀ ਨੂੰ ਦੱਸਣ ਲੱਗੇ ਕਿ ਅਸੀਂ ਉਨੀ ਤਰੀਕ ਦੀ ਸੂਚਨਾ ਦੇ ਆਏ ਆਂ। ਕਿਰਪਾਲ ਸਿੰਘ ਨੇ ਵੀ ਇਹ ਗੱਲ ਸੁਣ ਲਈ ਤੇ ਉਹ ਦੁਪਹਿਰੇ ਹੀ ਖੁਫੀਆ ਪੁਲਸ ਨੂੰ ਇਹ ਜਾਣਕਾਰੀ ਦੇ ਆਇਆ। ਕੱਲ੍ਹ ਦੇ ਬਹੁਤ ਗਦਰੀ ਫੜੇ ਜਾ ਚੁੱਕੇ ਐ। ਫਿਰੋਜ਼ਪੁਰ ਦੀ ਛਾਉਣੀ ਵਿੱਚ 26, 57 ਤੇ 58 ਪਲਟਨਾਂ ਸਨ। ਏਥੇ ਫੌਜਾਂ ਵੀ ਤਿਆਰ ਸਨ ਪਰ ਹੁਣ ਸਭ ਤੋਂ ਹਥਿਆਰ ਵਾਪਸ ਲੈ ਲਏ ਐ। ਮੰਗਲ ਸਿੰਘ ਮੈਨੂੰ ਦੱਸ ਗਿਐ ਕਿ ਤੈਨੂੰ ਤੇ ਤੇਰੇ ਸਾਥੀ ਨੂੰ ਗੋਲੀ ਮਾਰਨ ਦਾ ਹੁਕਮ ਹੋ ਗਿਐ। ਹੁਣ ਤੁਸੀਂ ਕਿਵੇਂ ਨਾ ਕਿਵੇਂ ਏਥੋਂ ਨਿਕਲ ਜਾਓ।" ਏਨੀ ਆਖ ਕੇ ਹਰਨਾਮ ਸਿੰਘ ਕਾਲਾ ਸੰਘਾ ਚੁੱਪ ਕਰਕੇ ਇੱਕ ਪਾਸੇ ਨੂੰ ਖਿਸਕ ਗਿਆ।

ਈਸ਼ਰ ਨੂੰ ਪਤਾ ਨਾ ਲੱਗੇ ਕਿ ਉਹ ਕੀ ਕਰੇ। ਉਸ ਦੇ ਤਾਂ ਹੋਸ਼ ਮਾਰੇ ਗਏ। ਉਹ ਆਪਣੇ ਸਾਥੀਆਂ ਨਾਲ ਬੜੇ ਹੀ ਉਤਸ਼ਾਹ ਤੇ ਹੌਂਸਲੇ ਨਾਲ ਆਇਆ ਸੀ। ਇੱਕ ਗਦਾਰ ਨੇ ਕੀ ਭਾਣਾ ਵਰਤਾ ਦਿੱਤਾ। ਪਹਿਲਾਂ ਇੱਕੀ ਫਰਵਰੀ ਦੀ ਸੂਹ ਪੁਲਸ ਨੂੰ ਦਿੱਤੀ। ਪਾਰਟੀ ਨੇ ਤਰੀਕ ਬਦਲਕੇ ਓਨੀ ਕਰ ਦਿੱਤੀ। ਪਾਲਾ ਸਿੰਘ ਤਾਂ ਕਹਿੰਦਾ ਸੀ ਕਿ ਕਿਰਪਾਲ ਸਿੰਘ ਨੂੰ ਹਰ ਹਾਲਤ ਗੋਲੀ ਮਾਰਨੀ ਚਾਹੀਦੀ ਸੀ। ਉਹੀ ਗੱਲ ਹੋਈ। ਹੁਣ ਉਨੀ ਵਾਲਾ ਭੇਦ ਵੀ ਦੱਸ ਆਇਆ। ਲਾਹਨਤ ਐ ਅਜਿਹੇ ਬੰਦੇ ਦੇ ਜਿਹੜਾ ਆਪਣੇ ਹੀ ਦੇਸ਼ ਨਾਲ ਗਦਾਰੀ ਕਰ ਰਿਹੈ। ਅਖੇ ਬਹੁਤ ਗਦਰੀ ਫੜੇ ਜਾ ਚੁੱਕੇ ਐ।

"ਕੀ ਗੱਲ ਹੋ ਗਈ? " ਪਾਖਰ ਸਿੰਘ ਨੇ ਈਸ਼ਰ ਤੋਂ ਕੋਲ ਆ ਕੇ ਪੁੱਛਿਆ।

"ਗੱਲ ਬਹੁਤ ਖਰਾਬ ਹੋ ਗਈ। ਸਾਰੇ ਜਣੇ ਸਟੇਸ਼ਨ 'ਤੇ ਆ ਜਾਓ।" ਏਨੀ ਆਖ ਕੇ ਈਸਰ ਅਣਮੰਨੇ ਜਿਹੇ ਦਿਲ ਨਾਲ ਸਟੇਸ਼ਨ ਦੇ ਹਾਲ ਵਿੱਚ ਆ ਕੇ ਇੱਕ ਬੈਂਚ ਉਤੇ ਬੈਠ ਗਿਆ। ਉਸ ਦੇ ਅੱਖਾਂ ਮੂਹਰੇ ਤਾਂ ਜਿਵੇਂ ਹਨੇਰਾ ਆ ਗਿਆ ਸੀ। ਉਹ ਬੇਸੁਧ ਜਿਹਾ ਹੋ ਗਿਆ। ਫਿਰ ਉਹ ਕੁਝ ਚਿਰ ਬਾਅਦ ਆਸੇ ਪਾਸੇ ਝਾਕਿਆ। ਪਿੰਡ ਵਾਲੇ ਬੰਦੇ ਲਾਗੇ ਹੀ ਚੁੱਪਚਾਪ ਬੈਠੇ ਸਨ। ਸਭ ਦੇ ਚਿਹਰੇ ਮੁਰਝਾਏ ਹੋਏ ਸਨ।

ਫਿਰ ਈਸ਼ਰ ਨੇ ਆਪਣੇ ਸਾਥੀਆਂ ਨੂੰ ਹਰਨਾਮ ਸਿੰਘ ਵਾਲੀ ਸਾਰੀ ਗੱਲ ਦੱਸ ਦਿੱਤੀ। ਸਾਰੇ ਜਣੇ ਹੋਰ ਵੀ ਉਦਾਸ ਹੋ ਗਏ। ਈਸ਼ਰ ਕਹਿਣ ਲੱਗਾ ਕਿ ਆਪਾਂ ਸਭ ਨੇ

ਹੁਣ ਵਾਪਸ ਮੁੜਨਾ ਹੈ। ਥੋੜ੍ਹੇ ਚਿਰ ਬਾਅਦ ਭਾਈ ਰਨਧੀਰ ਸਿੰਘ ਨਾਰੰਗਵਾਲ ਆਪਣੇ ਜਥੇ ਸਮੇਤ ਹਾਲ ਵਿੱਚ ਆ ਗਿਆ। ਈਸ਼ਰ ਉਸ ਨੂੰ ਦੇਖ ਕੇ ਉਠ ਕੇ ਖਲੋ ਗਿਆ। ਸਾਰਾ ਜੱਥਾ ਇੱਕ ਪਾਸੇ ਭੁੰਜੇਂ ਹੀ ਬੈਠ ਗਿਆ। ਈਸ਼ਰ ਤੇ ਉਸ ਦੇ ਸਾਰੇ ਸਾਥੀ ਭਾਈ ਰਨਧੀਰ ਸਿੰਘ ਕੋਲ ਆ ਕੇ ਬੈਠ ਗਏ।

"ਭਾਈ ਸਾਰਿਬ ਜੀ, ਅੱਜ ਕੀ ਗੱਲ ਹੋ ਗਈ?" ਈਸਰ ਮਸਾਂ ਬੋਲਿਆ।

"ਬੱਸ ਕਿਰਪਾਲ ਗਦਾਰ ਨੇ ਕੱਲ੍ਹ ਹੀ ਪਾਰਟੀ ਦੇ ਅੱਜ ਵਾਲੇ ਪ੍ਰੋਗਰਾਮ ਦੀ ਸਾਰੀ ਸੂਹ ਪੁਲਸ ਨੂੰ ਦੇ ਦਿੱਤੀ। ਪੁਲਸ ਤੇ ਫੌਜ ਚੌਕੰਨੀ ਹੋ ਗਈ। ਸਾਨੂੰ ਏਥੇ ਕਿਸੇ ਗੱਲ ਦਾ ਪਤਾ ਨਹੀਂ ਲੱਗਾ। ਅਸੀਂ ਤਾਂ ਛਾਉਣੀ ਜਾ ਪਹੁੰਚੇ। ਸਾਨੂੰ ਇੱਕ ਮੋੜ ਉਤੇ ਫੌਜ ਨੇ ਘੇਰ ਲਿਆ। ਸਾਨੂੰ ਪੁੱਛਣ ਲੱਗੇ ਕਿ ਕਿਧਰ ਨੂੰ ਚੱਲੇ ਹੋ। ਕੌਣ ਹੋ ਤੁਸੀਂ? ਮੈਂ ਝੱਟ ਕਿਹਾ ਕਿ ਅਸੀਂ ਤਾਂ ਕਿਸੇ ਵਿਆਹ ਉਤੇ ਕੀਰਤਨ ਕਰਨ ਚੱਲੇ ਆਂ। ਕੁਦਰਤੀ ਸਾਡੇ ਕੋਲ ਢੋਲਕੀ ਤੇ ਹਰਮੋਨੀਅਮ ਚੁੱਕੇ ਹੋਏ ਸਨ। ਫਿਰ ਉਹ ਚੁੱਪ ਕਰ ਗਏ। ਸਾਨੂੰ ਕੁੱਝ ਸ਼ੱਕ ਹੋਇਆ। ਅੱਗੇ ਕਰਤਾਰ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਛਾਉਣੀ ਤੋਂ ਮੁੜੇ ਆਉਂਦੇ ਮਿਲ ਪਏ। ਉਹ ਸਾਨੂੰ ਸਾਰਾ ਕੁਝ ਦੱਸ ਗਏ ਕਿ ਚੁੱਪ ਕਰਕੇ ਏਥੋਂ ਨਿਕਲ ਜਾਓ। ਸਭ ਥਾਵਾਂ ਉਤੇ ਗੋਰੇ ਫੌਜੀਆਂ ਦਾ ਪਹਿਰਾ ਲੱਗ ਗਿਆ। ਹਾਲਾਤ ਵਿਗੜ ਗਏ ਐ।" ਭਾਈ ਰਨਧੀਰ ਸਿੰਘ ਨੇ ਕਿੰਨੀਆਂ ਹੀ ਗੱਲਾਂ ਕੀਤੀਆਂ।

"ਸਰਾਭੇ ਹੋਰੀਂ ਹੁਣ ਕਿਧਰ ਨੂੰ ਗਏ?" ਈਸ਼ਰ ਫੇਰ ਬੋਲਿਆ।

"ਉਹ ਤਿੰਨੇ ਜਣੇ ਲਹੌਰ ਨੂੰ ਚਲੇ ਗਏ ਪਰ ਕਰਤਾਰ ਸਰਾਭਾ ਜਾਂਦਾ ਹੋਇਆ ਕਹਿ ਕੇ ਗਿਆ ਕਿ ਹੁਣ ਕਿਸੇ ਵੀ ਘਬਰਾਉਣਾ ਨਹੀਂ। ਦਿਲ ਨਹੀਂ ਛੱਡਣਾ। ਪੈਸਾ ਤੇ ਹਥਿਆਰ ਹਰ ਹੀਲੇ ਪ੍ਰਾਪਤ ਕਰੋ। ਪਾਰਟੀ ਨੂੰ ਮਜ਼ਬੂਤ ਕਰੋ। ਅਸੀਂ ਇੱਕ ਦਿਨ ਗਦਰ ਜ਼ਰੂਰ ਮਚਾਵਾਂਗੇ।" ਕਰਤਾਰ ਸਿੰਘ ਸਰਾਭਾ ਨੇ ਇਹ ਗੱਲ ਬੜਾ ਜ਼ੋਰ ਦੇ ਕੇ ਆਖੀ।" ਭਾਈ ਰਨਧੀਰ ਸਿੰਘ ਨੇ ਕਰਤਾਰ ਸਰਾਭਾ ਦੇ ਸ਼ਬਦ ਦੁਹਰਾ ਦਿੱਤੇ।

ਈਸ਼ਰ ਸਿੰਘ ਹੁਣ ਚੁੱਪ ਕਰ ਗਿਆ। ਦੂਜੇ ਸਾਥੀ ਵੀ ਚੁੱਪ ਬੈਠੇ ਸਨ। ਸਾਰਿਆਂ ਨੂੰ ਅੱਜ ਵਾਲੀ ਤਾਜ਼ੀ ਘਟਨਾ ਦਾ ਪਤਾ ਲੱਗ ਗਿਆ। ਸਾਰੇ ਇਕਦਮ ਮਾਯੂਸ ਲੱਗ ਰਹੇ ਸਨ। ਸਭ ਦੇ ਦਿਲਾਂ ਦੀਆਂ ਦਿਲਾਂ ਵਿੱਚ ਰਹਿ ਗਈਆਂ। ਫਿਰ ਈਸ਼ਰ ਸਿੰਘ ਟੁੱਟੇ ਜਿਹੇ ਦਿਲ ਨਾਲ ਕਹਿਣ ਲੱਗਾ, "ਆਪਾਂ ਸਾਰਿਆਂ ਨੇ ਹੁਣ ਵਾਪਸ ਮੁੜਨਾ ਹੈ। ਜਿਹੜੀ ਗੱਡੀ ਆਈ ਉਹੀ ਫੜ ਲਵਾਂਗੇ?" ਏਨੀ ਆਖ ਕੇ ਈਸ਼ਰ ਚੁੱਪ ਕਰ ਗਿਆ। ਉਸ ਦਾ ਤਾਂ ਜਿਵੇਂ ਦਿਲ ਹੀ ਟੁੱਟ ਗਿਆ ਸੀ।

## ਨੌ

ਉਹ ਤਿੰਨੇ ਚੁੱਪ ਹਨ। ਇਕਦਮ ਉਦਾਸ। ਸੱਜਰੀ ਸਵੇਰ ਦਾ ਚਾਨਣ ਚੁਬਾਰੇ ਵਿੱਚ ਆ ਰਿਹਾ ਸੀ। ਉਹ ਤਾਂ ਜਿਵੇਂ ਬੇਖਬਰ ਹਨ। ਸਵੱਖਤੇ ਨਹਾ ਕੇ ਉਹ ਚੁਬਾਰੇ ਵਿੱਚ ਆ ਗਏ ਸਨ ਪਰ ਉਨ੍ਹਾਂ ਨੇ ਹਾਲੇ ਤੱਕ ਜ਼ਬਾਨ ਸਾਂਝੀ ਨਹੀਂ ਕੀਤੀ। ਉਹ ਕੱਲ੍ਹ

ਦੇ ਇਸੇ ਹਾਲਤ ਵਿੱਚ ਹਨ। ਕੱਲ੍ਹ ਸਵੇਰੇ ਉਹ ਬੜੇ ਉਤਸ਼ਾਹ ਨਾਲ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨ ਗਏ ਸਨ। ਪੰਜਾਬ ਭਰ ਤੋਂ ਕਿੰਨੇ ਬੰਦੇ ਪਹੁੰਚ ਗਏ ਸਨ। ਗਦਰ ਪਾਰਟੀ ਦਾ ਬਹੁਤ ਵੱਡੇ ਪ੍ਰੋਗਰਾਮ ਸੀ ਕਿ ਛਾਉਣੀਆਂ ਉਤੇ ਕਬਜ਼ਾ ਕਰਕੇ ਹਰ ਜਗ੍ਹਾ ਗਦਰ ਪਾਰਟੀ ਦਾ ਝੰਡਾ ਲਹਿਰਾ ਦੇਣਾ ਹੈ। ਉਨ੍ਹਾਂ ਨੇ ਤਾਂ ਭਾਰਤ ਨੂੰ ਅਜ਼ਾਦ ਕਰਵਾਉਣ ਦਾ ਸੁਪਨਾ ਲੈ ਰੱਖਿਆ ਸੀ। ਕੱਲ੍ਹ ਦੇ ਗਦਰ ਮਚਾਉਣ ਬਾਰੇ ਗਦਰੀਆਂ ਨੇ ਸਿਰਧੜ ਦੀ ਬਾਜ਼ੀ ਲਾ ਦਿੱਤੀ ਸੀ ਪਰ ਕਿਰਪਾਲ ਗਦਾਰ ਨੇ ਇੱਕ ਦਿਨ ਪਹਿਲਾਂ ਹੀ ਅੰਗਰੇਜ਼ਾਂ ਦੀ ਪੁਲਸ ਨੂੰ ਸਾਰੀ ਸੂਹ ਦੇ ਕੇ ਇੱਕ ਦਮ ਬਾਜ਼ੀ ਪੁੱਠੀ ਪਾ ਦਿੱਤੀ। ਗਦਰ ਪਾਰਟੀ ਦਾ ਝੰਡਾ ਭਾਰਤ ਵਿੱਚ ਝੁਲਦਾ ਝੁਲਦਾ ਰਹਿ ਗਿਆ। ਸਾਰੇ ਜਣੇ ਰੇਲ ਗੱਡੀ ਰਾਹੀਂ ਵਾਪਸ ਘਰਾਂ ਨੂੰ ਮੁੜ ਆਏ। ਅਜੀਤਵਾਲ ਰੇਲਵੇ ਸਟੇਸ਼ਨ ਆਇਆ ਤਾਂ ਢੁੱਡੀਕੇ ਪਿੰਡ ਵਾਲੇ ਸਾਰੇ ਗਦਰੀ ਆਪਣੀਆਂ ਲਾਸ਼ਾਂ ਨੂੰ ਧੂੰਦੇ ਹਏ ਪਿੰਡ ਆ ਗਏ। ਇਨ੍ਹਾਂ ਦੇ ਨਾਲ ਉਤਮ ਸਿੰਘ ਹਾਂਸ ਤੇ ਨੰਦ ਸਿੰਘ ਕੈਲੇ ਦੋਵੇਂ ਜਣੇ ਈਸ਼ਰ ਸਿੰਘ ਦੇ ਘਰ ਆ ਗਏ। ਦਿਨ ਤਾਂ ਰਾਹ ਵਿੱਚ ਹੀ ਛੁਪ ਗਿਆ ਸੀ। ਤਿੰਨੇ ਰੋਟੀ ਖਾ ਕੇ ਚੁਬਾਰੇ ਵਿੱਚ ਪੈ ਗਏ। ਉਨ੍ਹਾਂ ਇੱਕ ਵੀ ਗੱਲ ਸਾਂਝੀ ਨਾ ਕੀਤੀ। ਗੱਲ ਕਰਨ ਲਈ ਜਿਵੇਂ ਉਨ੍ਹਾਂ ਕੋਲ ਕੁਝ ਬਚਿਆ ਹੀ ਨਹੀਂ ਸੀ।

ਦਿਨ ਚੜ੍ਹਿਆ। ਉਹ ਚੁੱਪ ਸਨ ਪਰ ਅੱਜ ਜਿਵੇਂ ਉਨ੍ਹਾਂ ਨੂੰ ਉਠਣ ਦੀ ਕੋਈ ਕਾਹਲ ਨਹੀਂ ਸੀ। ਉਹ ਨਹਾ ਕੇ ਫਿਰ ਉਸੇ ਤਰ੍ਹਾਂ ਆ ਕੇ ਬੈਠ ਗਏ। ਉਨ੍ਹਾਂ ਨੂੰ ਇਹ ਖਿਆਲ ਹੀ ਨਹੀਂ ਸੀ ਕਿ ਪੁਲਸ ਵੀ ਆ ਸਕਦੀ ਹੈ। ਗਦਰ ਪਾਰਟੀ ਦੇ ਤਿੰਨ ਚੋਟੀ ਦੇ ਬੰਦੇ ਇਕੋ ਜਗ੍ਹਾ ਨਿਸ਼ਚਿੰਤ ਬੈਠੇ ਸਨ। ਇੱਕ ਵਾਰ ਤਾਂ ਈਸ਼ਰ ਇਹ ਵੀ ਸੋਚ ਗਿਆ ਕਿ ਜੇ ਪੁਲਸ ਆਉਂਦੀ ਹੈ ਤਾਂ ਆ ਜਾਵੇ। ਅਸੀਂ ਇੱਕ ਦਿਨ ਜ਼ਰੂਰ ਗ੍ਰਿਫਤਾਰ ਹੋਣਾ ਹੈ ਪਰ ਮੇਰੇ ਕੋਲ ਜਿੰਨੀਆਂ ਗੋਲੀਆਂ ਹਨ ਉਹ ਸਭ ਚਲਾ ਕੇ ਗ੍ਰਿਫਤਾਰ ਹੋਵਾਂਗਾ। ਜੋ ਮਰਜ਼ੀ ਹੋ ਜਾਵੇ। ਝੱਲਾ ਮਨ ਕਈ ਗੱਲਾਂ ਸੋਚ ਗਿਆ।

"ਰੋਟੀ ਖਾ ਲਓ।" ਰਾਮ ਕੌਰ ਦੀ ਆਵਾਜ਼ ਆਈ। ਈਸ਼ਰ ਪਤਨੀ ਦੀ ਅਵਾਜ਼ ਨਾਲ ਜਿਵੇਂ ਜਾਗ ਉਠਿਆ। ਫਿਰ ਤਿੰਨੇ ਉਠ ਕੇ ਪੌੜੀ ਰਾਹੀਂ ਸਬਾਤ ਵਿੱਚ ਆ ਕੇ ਬੈਠ ਗਏ। ਈਸ਼ਰ ਦੇ ਮਾਂ ਬਾਪ ਵੀ ਸਬਾਤ ਵਿੱਚ ਬੈਠੇ ਸਨ। ਉਤਮ ਸਿੰਘ ਤੇ ਨੰਦ ਸਿੰਘ ਦੋਵੇਂ ਸੱਜਣ ਸਿੰਘ ਦੇ ਕੋਲ ਹੋ ਕੇ ਬੈਠੇ। ਇਹ ਦੋਵੇਂ ਪਹਿਲਾਂ ਵੀ ਘਰ ਵਿੱਚ ਆਉਂਦੇ ਸਨ ਜਿਸ ਕਰਕੇ ਪਰਵਾਰ ਨਾਲ ਉਨ੍ਹਾਂ ਦਾ ਮੇਲ ਮਿਲਾਪ ਸੀ। ਈਸ਼ਰ ਦੀ ਮਾਂ ਕੋਲ ਰਾਮ ਕੌਰ ਦੀ ਭੈਣ ਸੋਭੀ ਆਈ ਬੈਠੀ ਸੀ। ਉਹ ਵੀ ਪਿੰਡ ਢੁੱਡੀਕੇ ਵਿਆਹੀ ਹੋਈ ਸੀ।

"ਸੋਭੀ ਤੂੰ ਕਦੋਂ ਆ ਗਈ!" ਈਸ਼ਰ ਖਾਲੀ ਮੰਜੇ ਉਤੇ ਬੈਠਦਾ ਬੋਲਿਆ।

"ਵੇ ਭੈੜਿਆ ਮੈਂ ਤਾਂ ਪਤਾ ਕਰਨ ਆਈ ਆਂ। ਅੱਜ ਤਾਂ ਤੂੰ ਕੁਦਰਤੀ ਮਿਲ ਗਿਆ। ਸਾਨੂੰ ਤਾਂ ਤੇਰਾ ਈ ਫਿਕਰ ਰਹਿੰਦਾ। ਮੈਂ ਤਾਂ ਜਦੋਂ ਵੀ ਘਰ ਆਉਂਨੀ ਆਂ ਰਾਮੋ ਕਹੂੰਗੀ ਉਹਦਾ ਪਤਾ ਨਹੀਂ ਕਿੱਥੇ ਐ। ਖਬਰੇ ਕਿਹੜੇ ਸਮੁੰਦਰਾਂ ਦੀ ਅੱਗ ਬੁਝਾਉਂਦਾ ਫਿਰਦੈਂ!" ਸੋਭੀ ਦੀ ਗੱਲ ਸੁਣ ਕੇ ਈਸ਼ਰ ਫਿਕਾ ਜਿਹਾ ਹੱਸਿਆ। ਫਿਰ ਕਹਿਣ ਲੱਗਾ,

"ਮੈਂ ਤਾਂ ਤੇਰੇ ਸਾਹਮਣੇ ਬੈਠਾ!"

"ਅੱਜ ਪਤਾ ਨਹੀਂ ਤੂੰ ਕਿਵੇਂ ਘਰ ਬੈਠੈ। ਮੈਂ ਤਾਂ ਘਰੇ ਵੀਹ ਵਾਰੀ ਆਈ ਆਂ। ਇੱਕ ਵਾਰੀ ਨਹੀਂ ਕਦੇ ਮਿਲਿਆ। ਰਾਮੋ ਵੀ ਕਹੂਗੀ ਕੋਈ ਪਤਾ ਨਹੀਂ ਕਿਧਰ ਗਿਐ। ਭੈੜਿਆ ਤੂੰ ਇਸ ਨੂੰ ਤਾਂ ਦੱਸ ਕੇ ਜਾਇਆ ਕਰ!" ਸਿੱਧੀ ਸਾਦੀ ਸੋਭੀ ਨੇ ਸਿੱਧੀ ਜਿਹੀ ਗੱਲ ਕੀਤੀ।

"ਯਾਨੀ ਪੁਲਸ ਮੈਨੂੰ ਛੇਤੀ ਫੜ ਕੇ ਲੈ ਜਾਵੇ!" ਈਸ਼ਰ ਬੋਲਿਆ।

"ਵੇ ਤੂੰ ਵਾਖਰੂ ਵਾਖਰੂ ਕਰ। ਪੁਲਸ ਤੈਨੂੰ ਕਿਉਂ ਲੈ ਕੇ ਜਾਵੇ !"

"ਕੀ ਪਤਾ ਪੁਲਸ ਹੁਣੇ ਆ ਜਾਵੇ!"

"ਵੇ ਭੈੜਿਆ ਜਿੰਨਾ ਚਿਰ ਉਹਦੀ ਨਿਗਾਹ ਸਿੱਧੀ ਐ ਓਨਾ ਚਿਰ ਕੁਝ ਨਹੀਂ ਹੁੰਦਾ। ਨਾਲੇ ਲੋਕ ਕਹਿੰਦੇ ਐ ਬਈ ਤੂੰ ਅੰਗਰੇਜ਼ਾਂ ਨੂੰ ਏਥੋਂ ਕੱਢਣ ਨੂੰ ਫਿਰਦੇ? "

"ਆਹੋ ਅਸੀਂ ਤਾਂ ਅੰਗਰੇਜ਼ ਏਥੇ ਰਹਿਣ ਨਹੀਂ ਦੇਣੇ? "

"ਮੈਨੂੰ ਇਹ ਦੱਸ ਬਈ ਤੈਨੂੰ ਉਹ ਕੀ ਕਹਿੰਦੇ ਐ। ਉਹ ਹੋਣਗੇ ਆਪਣੇ ਘਰ। ਅਸੀਂ ਆਪ ਦੇ ਘਰ। ਦੱਸ ਅਸੀਂ ਕਿਸੇ ਤੋਂ ਕੀ ਲੈਣਾ!"

"ਉਹ ਆਪਣੇ ਘਰ ਨਹੀਂ ਰਹਿੰਦੇ। ਇਹੋ ਤਾਂ ਰੌਲਾ। ਉਹ ਰਹਿੰਦੇ ਐ ਸਾਡੇ ਘਰ। ਅਸੀਂ ਉਨ੍ਹਾਂ ਨੂੰ ਆਪਣੇ ਘਰ ਕਿਉਂ ਰਹਿਣ ਦੇਈਏ!"

"ਵੇ ਕਿਸੇ ਨਾਲ ਬਰਾਬਰੀ ਨੀਂ ਕਰੀਦੀ। ਤੂੰ ਆਪਣਾ ਕੰਮ ਕਰ। ਆਪਦੇ ਟੱਬਰ ਵੱਲ ਵੇਖ। ਰਾਮੋ ਤੇਰੇ ਫਿਕਰਾਂ ਵਿੱਚ ਅੱਧੀ ਰਹਿ ਗਈ। ਕਿੰਨਾ ਰੰਗ ਰੂਪ ਸੀ ਇਹਦੇ ਉਤੇ। ਸਾਰਾ ਦਿਨ ਵਿਚਾਰੀ ਫਿਕਰਾਂ ਵਿੱਚ ਡੁੱਬੀ ਰਹਿੰਦੀ ਐ। ਕੋਈ ਕੁਝ ਕਰੇ ਤੇ ਸਾਨੂੰ ਕੀ? "

"ਓ ਸੋਭੀ ਸਾਨੂੰ ਤਾਂ ਹੈ!" ਈਸ਼ਰ ਫਿੱਕਾ ਜਿਹਾ ਮੁਸਕਰਾਇਆ।

"ਫੋਅਟ! ਤੂੰ ਐਵੇਂ ਪੁੱਠੀ ਗੱਲ ਕਰਦੈਂ!" ਸੋਭੀ ਨੇ ਐਵੇਂ ਮੱਥਾ 'ਕੱਠਾ ਕਰ ਲਿਆ।

ਕੁਝ ਚਿਰ ਪਿੱਛੋਂ ਈਸ਼ਰ ਆਪਣੇ ਦੋਹਾਂ ਸਾਥੀਆਂ ਵੱਲ ਵੇਖ ਕੇ ਕਹਿਣ ਲੱਗਾ, "ਬਈ ਇਹ ਰਾਮ ਕੌਰ ਦੀ ਭੈਣ ਐ। ਇਹ ਆਪਣੇ ਘਰ ਚੌਂਕੀ ਵੀ ਲਾਉਂਦੀ ਐ। ਆਏ ਗਏ ਨੂੰ ਦਿਲ ਦੀਆਂ ਗੱਲਾਂ ਦੱਸਦੀ ਐ!"

"ਇਉਂ ਨਹੀਂ ਕਹਿੰਦਾ ਬਈ ਇਹ ਮੇਰੀ ਸਾਲੀ ਐ!" ਉਤਮ ਸਿੰਘ ਫਿੱਕਾ ਜਿਹਾ ਮੁਸਕਰਾਇਆ।

"ਇਉਂ ਪਤਾ ਹੁੰਦਾ ਤਾਂ ਆਪਾਂ ਵੀ ਕੋਈ ਪੁੱਛ ਲੈ ਲੈਂਦੇ!" ਚੁੱਪ ਬੈਠਾ ਨੰਦ ਸਿੰਘ ਬੋਲਿਆ। ਵੇ ਭਾਈ ਤੁਸੀਂ ਕਿਥੇ ਇਹਦੀਆਂ ਸੁਣ ਲਈਆਂ। ਇਹ ਤਾਂ ਐਵੇਂ ਉਘ ਦੀਆਂ ਪਤਾਲ ਮਾਰੀ ਜਾਂਦੈ!"

"ਉਘ ਦੀਆਂ ਪਤਾਲ ਨਹੀਂ ਸੱਚੀ ਗੱਲ ਐ!"

"ਪਹਿਲਾਂ ਰੋਟੀ ਖਾ ਲਓ। ਫੇਰ ਮਾਰਿਓ ਗੱਲਾਂ।" ਰਾਮ ਕੌਰ ਥਾਲਾਂ ਵਿੱਚ ਰੋਟੀ

ਪਾ ਲਿਆਈ।

"ਰੋਟੀ ਖਾਓ ਭਾਈ ਪਹਿਲਾਂ।" ਸਾਨੂੰ ਤਾਂ ਏਨਾ ਦੱਸ ਦੇ ਬਈ ਅੰਗਰੇਜ਼ ਕਦੋਂ ਜਾਣਗੇ ਏਥੋਂ!" ਈਸ਼ਰ ਫੇਰ ਬੋਲਿਆ।

"ਵੇ ਤੈਨੂੰ ਕੋਈ ਹੋਰ ਗੱਲ ਨੀਂ ਆਉਂਦੀ। ਐਵੇਂ ਅੰਗਰੇਜ਼ਾਂ ਦੇ ਮਗਰ ਪਿਆ ਹੋਇਐਂ! ਲੋਕ ਤਾਂ ਅੰਰਗੇਜ਼ਾ ਦੇ ਗੁਣ ਗਾਉਂਦੇ ਐ। ਕਹਿੰਦੇ ਉਨ੍ਹਾਂ ਨੇ ਨਹਿਰ ਕੱਢ ਦਿੱਤੀ। ਰੇਲ ਗੱਡੀ ਵੀ ਚਲਾ ਦਿੱਤੀ। ਆਪ ਤਾਂ ਬਥੇਰਾ ਬਾਹਰ ਅੰਦਰ ਤੁਰਿਆ ਫਿਰਦੈਂ। ਸਾਨੂੰ ਵੀ ਕਿਤੇ ਰੇਲ ਗੱਡੀ ਉਤੇ ਝੂਟੇ ਦਿਵਾ ਲਿਆ। ਅਸੀਂ ਤਾਂ ਮਰ ਗਈਆਂ ਘਰ ਦਾ ਧੰਦਾ ਕਰਦੀਆਂ। ਹਾਲੇ ਤੱਕ ਅਸੀਂ ਰੇਲ ਗੱਡੀ ਨੀ ਵੇਖੀ!" ਸੋਭੀ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਰਾਮ ਕੌਰ ਗਿਲਾਸ ਤੇ ਲੱਸੀ ਦਾ ਜੱਗ ਲੈ ਆਈ। ਸਾਰੇ ਜਣੇ ਰੋਟੀ ਖਾਣ ਲੱਗੇ। ਦਹੀਂ, ਸਾਗ, ਮੱਖਣ ਤੇ ਮਿੱਸੀਆਂ ਰੋਟੀਆਂ। ਘਰ ਦੀ ਰੋਟੀ ਵਰਗੀ ਰੋਟੀ ਕਿਥੇ। ਰੋਟੀ ਖਾ ਕੇ ਸਾਰੇ ਜਣੇ ਕੁਛ ਚੰਗੇ ਰੌਂ ਵਿੱਚ ਹੋ ਗਏ। ਕੁਝ ਸੋਭੀ ਦੀਆਂ ਗੱਲਾਂ ਨੇ ਫਰਕ ਪਾਇਆ। ਤਿੰਨੇ ਸਾਥੀ ਫਿਰ ਚੁਬਾਰੇ ਵਿੱਚ ਆ ਬੈਠੇ। ਈਸ਼ਰ ਹੁਣ ਕਹਿਣ ਲੱਗਾ, "ਯਾਰ, ਜੋ ਹੋ ਗਿਆ ਸੋ ਹੋ ਗਿਆ। ਹੁਣ ਅਗਾਂਹ ਦੀ ਗੱਲ ਕਰੀਏ!"

"ਗੱਲ ਠੀਕ ਐ। ਇਉਂ ਹੱਥ ਉਤੇ ਹੱਥ ਰੱਖ ਕੇ ਬੈਠੇ ਰਹਾਂਗੇ ਤੇ ਇੱਕ ਦਿਨ ਪੁਲਸ ਦੇ ਅੜਿੱਕੇ ਆਏ ਸਮਝੋ!" ਉਤਮ ਸਿੰਘ ਨੇ ਵੀ ਦਿਲ ਕੱਢਿਆ।

"ਸਾਨੂੰ ਤਾਂ ਮਾਰਿਆ ਦੇਸ਼ ਦੇ ਗਦਾਰਾਂ ਨੇ। ਪਹਿਲਾਂ ਇਨ੍ਹਾਂ ਦਾ ਸਫਾਇਆ ਕਰੋ? " ਨੰਦ ਸਿੰਘ ਆਪਣੀ ਗੱਲ ਕਰ ਗਿਆ।

"ਵੇਖੋ ਅੰਗਰੇਜ਼ਾਂ ਦੇ ਜਿਹੜੇ ਝੋਲੀ ਚੁੱਕ ਐ ਇਹ ਕਿਸੇ ਹਾਲਤ ਵਿੱਚ ਵੀ ਬਖਸ਼ਣ ਦੇ ਯੋਗ ਨਹੀਂ। ਇਨ੍ਹਾਂ ਨੂੰ ਸਬਕ ਜ਼ਰੂਰ ਦੇਣਾ ਚਾਹੀਦਾ ਪਰ ਕਰਤਾਰ ਸਰਾਭਾ ਕਹਿ ਕੇ ਗਿਆ ਕਿ ਪਾਰਟੀ ਨੂੰ ਮਜ਼ਬੂਤ ਕਰੋ। ਪੈਸਾ ਤੇ ਹਥਿਆਰ ਹਰ ਹੀਲੇ ਪ੍ਰਾਪਤ ਕਰੋ। ਸਾਨੂੰ ਸਰਾਭੇ ਦੀ ਗੱਲ ਉਤੇ ਫੁੱਲ ਚੜਾਉਂਣੇ ਚਾਹੀਦੇ ਐ!" ਈਸ਼ਰ ਨੇ ਕੱਲ੍ਹ ਵਾਲੇ ਸ਼ਬਦ ਸਾਥੀਆਂ ਨੂੰ ਚੇਤੇ ਕਰਵਾਏ।

"ਗੱਲ ਤਾਂ ਕਰਤਾਰ ਸਰਾਭੇ ਦੀ ਠੀਕ ਐ। ਜੇ ਸਾਡੇ ਕੋਲ ਪੈਸੇ ਤੇ ਹਥਿਆਰ ਹੋਣਗੇ ਤਾਂ ਅਸੀਂ ਸਭ ਕੁਝ ਕਰ ਸਕਦੇ ਆਂ!" ਉਤਮ ਸਿੰਘ ਨੂੰ ਇਹ ਗੱਲ ਚੰਗੀ ਲੱਗੀ।

"ਕੀ ਹੋਇਆ ਜੇ ਅਸੀਂ ਕੱਲ੍ਹ ਸਫਲ ਨਹੀਂ ਹੋ ਸਕੇ ਪਰ ਦਿਲ ਨਹੀਂ ਛੱਡਣਾ ਚਾਹੀਦਾ। ਆਪਾਂ ਨੂੰ ਹੋਰ ਵੀ ਸੁਚੇਤ ਹੋ ਕੇ ਕੰਮ ਕਰਨਾ ਚਾਹੀਦਾ। ਚਲੋਂ ਪਹਿਲਾਂ ਪੈਸੇ ਤੇ ਹਥਿਆਰਾਂ ਵਾਲੀ ਗੱਲ ਕਰੀਏ । ਇਸ ਕੰਮ ਲਈ ਭਲਾ ਸਾਨੂੰ ਕਿਤੇ ਡਾਕੇ ਮਾਰਨੇ ਪੈਣ!" ਈਸ਼ਰ ਹੋਰ ਵੀ ਹੌਂਸਲਾ ਕਰਕੇ ਬੋਲਿਆ।

"ਬੱਸ ਕੋਈ ਪ੍ਰੋਗਰਾਮ ਬਣਾਓ ਤੇ ਐਕਸ਼ਨ ਕਰੋ। ਮੇਰੇ ਕੋਲ ਪਿੰਡ ਵਿੱਚ ਕੁਝ ਬੰਬ ਪਏ ਐ। ਉਹ ਆਪਣੇ ਕੰਮ ਆਉਣਗੇ।" ਨੰਦ ਸਿੰਘ ਬੋਲਿਆ ਉਸ ਨੇ ਕੁਝ ਬੰਬ

ਆਪਣੇ ਪਿੰਡ ਦੇ ਇੱਕ ਦੋਸਤ ਬਖਸ਼ਾ ਸਿੰਘ ਕੋਲ ਛੁਪਾ ਕੇ ਰੱਖੇ ਸਨ। ਇਹ ਦੇਸੀ ਬੰਬ ਉਹ ਆਪਣੇ ਪਿੰਡ ਵਿੱਚ ਹੀ ਤਿਆਰ ਕਰ ਲੈਂਦਾ ਸੀ। ਗਾਂਧਾ ਸਿੰਘ ਕੰਚਰਭੰਨ ਤੇ ਚੂਹੜ ਸਿੰਘ ਲੀਲਾਂ ਉਸ ਦੀ ਬੰਬ ਤਿਆਰ ਕਰਨ ਵਿੱਚ ਬਹੁਤ ਮਦਦ ਕਰਦੇ ਸਨ।

"ਲੈ ਗੱਲ ਤਾਂ ਬਣ ਗਈ।" ਉਤਮ ਸਿੰਘ ਝੱਟ ਬੋਲ ਉਠਿਆ।

ਫਿਰ ਤਿੰਨਾਂ ਸਾਥੀਆਂ ਨੇ ਸੰਜੀਦਗੀ ਨਾਲ ਗੱਲ ਸਾਂਝੀ ਕੀਤੀ ਕਿ ਪਾਰਟੀ ਦੇ ਜਿਹੜੇ ਵੀ ਵੱਡੇ ਨੇਤਾ ਮਿਲ ਸਕਦੇ ਐ ਉਨ੍ਹਾਂ ਨਾਲ ਵੀ ਗੱਲ ਕਰ ਲਈ ਜਾਵੇ। ਫਿਰ ਉਨ੍ਹਾਂ ਨੇ ਚੂਹੜ ਸਿੰਘ ਲੀਲਾ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਲਿਆ। ਤਿੰਨੇ ਜਣੇ ਵਾਹਿਗੁਰੂ ਦਾ ਨਾਮ ਲੈ ਕੇ ਢੁੱਡੀਕੇ ਤੋਂ ਰੂੜ ਸਿੰਘ ਨੂੰ ਮਿਲਣ ਲਈ ਪਿੰਡ ਚੂਹੜਚੱਕ ਦੇ ਰਾਹ ਪੈ ਗਏ।

## ਦਸ

ਪਿੰਡ ਚੂਹੜਚੱਕ ਆ ਕੇ ਈਸ਼ਰ ਨੇ ਬਾਹਰੋਂ ਹੀ ਇੱਕ ਵਾਕਫ ਨੂੰ ਭੇਜ ਕੇ ਪਤਾ ਕਰ ਲਿਆ ਕਿ ਰੂੜ ਸਿੰਘ ਤਾਂ ਅੱਜ ਪਿੰਡ ਨਹੀਂ। ਫਿਰ ਉਹ ਉਥੋਂ ਸਿੱਧੇ ਹੀ ਅਜੀਤਵਾਲ ਦੇ ਰੇਲਵੇ ਸਟੇਸ਼ਨ ਵੱਲ ਹੋ ਤੁਰੇ। ਉਨ੍ਹਾਂ ਗੁਰਮੁਖ ਸਿੰਘ ਨੂੰ ਮਿਲਣ ਲਈ ਉਸ ਦੇ ਪਿੰਡ ਲਲਤੋਂ ਜਾਣ ਦਾ ਮਨ ਬਣਾ ਲਿਆ। ਦੁਪਹਿਰਾ ਹੋ ਗਿਆ। ਉਹ ਅਜੀਤਵਾਲ ਤੋਂ ਰੇਲ ਗੱਡੀ ਫੜ ਕੇ ਮੁੱਲਾਂਪੁਰ ਜਾ ਉਤਰੇ। ਉਤਮ ਸਿੰਘ ਤੇ ਈਸ਼ਰ ਤਾਂ ਇਧਰ ਪਹਿਲਾਂ ਵੀ ਕਈ ਵਾਰ ਆਏ ਸਨ ਪਰ ਤੀਜਾ ਸਾਥੀ ਨੰਦ ਸਿੰਘ ਕੈਲੇ ਅੱਜ ਪਹਿਲੀ ਵਾਰ ਮੁੱਲਾਂਪੁਰ ਤੋਂ ਲਲਤੋਂ ਨੂੰ ਜਾ ਰਿਹਾ ਸੀ। ਲਲਤੋਂ ਜਾਣ ਲਈ ਉਹ ਜਾਣ ਬੁਝ ਕੇ ਮੁੱਲਾਂਪੁਰ ਉਤਰੇ ਸਨ ਕਿਉਂਕਿ ਗਦਰੀਆਂ ਨੂੰ ਹੁਣ ਪੁਲਸ ਤੋਂ ਵਧੇਰੇ ਖਤਰਾ ਸੀ।

"ਏਥੋਂ ਵਾਟ ਕਾਫੀ ਐ। ਤੁਰ ਕੇ ਜਾਣਾ ਪਊਗਾ!" ਈਸ਼ਰ ਬੋਲਿਆ।

"ਅੱਗੇ ਕਿਹੜਾ ਆਪਣੇ ਕੋਲ ਊਠ ਘੋੜੇ ਹੁੰਦੇ ਆ। ਤੁਰੇ ਚੱਲਦੇ ਆ!" ਉਤਮ ਸਿੰਘ ਬੋਲਿਆ।

"ਯਾਰ ਜੇ ਆਪਾਂ ਨੂੰ ਭਲਾ ਪੁਲਸ ਵਾਲੇ ਮਿਲ ਜਾਣ ਤਾਂ ਫੇਰ ਆਪਾਂ ਕੀ ਕਹਾਂਗੇ।" ਨੰਦ ਸਿੰਘ ਨੇ ਐਵੇਂ ਮਜ਼ਾਕ ਨਾਲ ਕਿਹਾ।

"ਗੱਲ ਤਾਂ ਠੀਕ ਐ। ਅਗਲਿਆਂ ਕਹਿਣਾ ਕਿੱਥੇ ਚੱਲੇ ਐਂ। ਕੌਣ ਹੋ ਤੁਸੀਂ? ਫਿਰ ਮੌਕੇ 'ਤੇ ਕੋਈ ਜਵਾਬ ਵੀ ਨਹੀਂ ਸੁਝਦਾ।" ਉਤਮ ਸਿੰਘ ਹੱਸ ਪਿਆ।

"ਜੁਆਨ ਆਪਾਂ ਕਹਾਂਗੇ ਬਈ ਲਲਤੋਂ ਸਾਡੇ ਨਾਨਕ ਐ ਤੇ ਸਾਡੇ ਮਾਮੇ ਦੇ ਲੜਕੇ ਨੇ ਕੱਲ੍ਹ ਨੂੰ ਮੁਕਲਾਵਾ ਲੈਣ ਜਾਣਾ। ਅਸੀਂ ਤਾਂ ਚੱਲੇ ਆਂ।" ਈਸ਼ਰ ਨੇ ਜਵਾਬ ਦਿੱਤਾ। "ਯਾਰ, ਆਪਾਂ ਸੱਚੀ ਗੱਲ ਕਿਉਂ ਨਾ ਕਰੀਏ। ਆਪਾਂ ਕਹਾਂਗੇ ਕਿ ਆਹ ਜਾਂਦਾ ਸਾਡੇ ਮਾਮੇ ਦਾ ਪੁੱਤ। ਇਸ ਨੇ ਮੁਕਲਾਵਾਂ ਲੈਣ ਜਾਣਾ ਕੱਲ੍ਹ ਨੂੰ।" ਨੰਦ ਸਿੰਘ ਦੀ ਗੁੱਝੀ ਰਮਜ਼ ਸਮਝ ਕੇ ਸਾਰੇ ਹੱਸ ਪਏ। ਉਤਮ ਸਿੰਘ ਉਰਫ ਰਾਘੋ ਦਾ ਵਿਆਹ ਹੋ ਗਿਆ ਸੀ ਪਰ ਉਸ ਦੀ ਪਤਨੀ ਮੁਕਲਾਵੇ ਆਉਣ ਤੋਂ ਪਹਿਲਾਂ ਹੀ ਸੁਰਗਵਾਸ ਹੋ

ਗਈ ਸੀ। ਉਤਮ ਸਿੰਘ ਨੂੰ ਗਦਰ ਪਾਰਟੀ ਵਿੱਚ ਕੰਮ ਕਰਦਿਆਂ ਦੇਸ਼ ਪਰੇਮ ਦੀ ਅਜਿਹੀ ਲਗਨ ਲੱਗੀ ਕਿ ਉਸ ਨੇ ਦੁਬਾਰਾ ਵਿਆਹ ਹੀ ਨਾ ਕਰਵਾਇਆ।

ਹਾਸੇ ਮਜ਼ਾਕ ਨਾਲ ਤਿੰਨੇ ਸਾਥੀ ਤੁਰਦੇ ਗਏ। ਥਕੇਵਾਂ ਤਾਂ ਉਨ੍ਹਾਂ ਕਦੇ ਮਹਿਸੂਸ ਹੀ ਨਹੀਂ ਸੀ ਕੀਤਾ। ਪੈਦਲ ਸਫਰ ਕਰਨਾ ਤਾਂ ਉਨ੍ਹਾਂ ਦੀ ਹੋਣੀ ਬਣ ਗਿਆ ਸੀ। ਫਿਰ ਉਤਮ ਸਿੰਘ ਇੱਕ ਖੇਤ ਵਿੱਚੋਂ ਛੋਲਿਆਂ ਦੇ ਬੂਟੇ ਪੁੱਟ ਲਿਆਇਆ। ਕੁਝ ਬੂਟੇ ਉਸ ਨੇ ਦੂਜੇ ਸਾਥੀਆਂ ਨੂੰ ਦੇ ਦਿੱਤੇ। ਤਿੰਨੇ ਸਾਥੀ ਡੋਡੇ ਠੂੰਗ ਕੇ ਹਰੇ ਦਾਣੇ ਖਾਂਦੇ ਹੌਲੀ ਹੌਲੀ ਤੁਰਦੇ ਗਏ। ਈਸ਼ਰ ਨੇ ਖੇਤਾਂ ਵੱਲ ਝਾਤ ਮਾਰੀ। ਕਣਕ, ਜੌਂ ਤੇ ਛੋਲਿਆਂ ਦੀ ਫਸਲਾਂ ਲਹਿਲਹਾ ਰਹੀਆਂ ਸਨ। ਕੰਡੇਦਾਰ ਪੋਹਲੀ ਵੀ ਘੱਟੇ ਘੱਟੇ ਫੁੱਲ ਕੱਢੀ ਹੱਸ ਰਹੀ ਸੀ। ਫਿਰ ਉਸ ਨੂੰ ਆਪਣੇ ਖੇਤ ਯਾਦ ਆ ਗਏ। ਉਸ ਦੇ ਖੇਤਾਂ ਦਾ ਪਤਾ ਨਹੀਂ ਕੀ ਹਾਲ ਹੈ ਪਰ ਉਸ ਲਈ ਵੱਡੀ ਦੁਖਦਾਈ ਗੱਲ ਤਾਂ ਇਹ ਕਿ ਭਾਰਤ ਮਾਤਾ ਦਾ ਕੀ ਹਾਲ ਹੈ। ਇਸ ਦੇ ਪੈਰੀਂ ਪਈਆਂ ਬੇੜੀਆਂ ਕਿਵੇਂ ਤੋੜੀਆਂ ਜਾਣ। ਦੇਸ਼ ਅਜ਼ਾਦ ਹੋਵੇ। ਉਹ ਹਰ ਕੁਰਬਾਨੀ ਦੇਣ ਲਈ ਤਿਆਰ। ਇਸ ਤਰ੍ਹਾਂ ਦੇ ਖਿਆਲਾਂ ਵਿੱਚ ਉਲਝੇ ਉਹ ਪਿੰਡ ਲਲਤੋਂ ਪਹੁੰਚ ਗਏ।

ਉਤਮ ਸਿੰਘ ਮੂਹਰੇ ਹੋ ਤੁਰਿਆ। ਉਹ ਤੁਰਦੇ ਗਏ। ਇੱਕ ਮੋੜ ਉਤੇ ਬੈਠੇ ਕਈ ਬਜ਼ੁਰਗ ਉਪਰੇ ਨੌਜਵਾਨਾਂ ਵੱਲ ਝਾਕੇ ਪਰ ਉਹ ਚੁੱਪ ਚਾਪ ਤੁਰਦੇ ਗਏ। ਅੱਗੇ ਉਤਮ ਸਿੰਘ ਇੱਕ ਘਰ ਅੱਗੇ ਰੁਕ ਗਿਆ। ਘਰ ਦਾ ਦਰਵਾਜ਼ਾ ਬੰਦ ਸੀ। ਉਤਮ ਸਿੰਘ ਨੇ ਦਰਵਾਜ਼ਾ ਖੜਕਾਇਆ। ਕੁਝ ਚਿਰ ਬਾਅਦ ਅੰਦਰੋਂ ਇੱਕ ਔਰਤ ਆ ਗਈ।

"ਆਓ ਭਾਈ ਕੀ ਗੱਲ ਐ? " ਉਸ ਔਰਤ ਨੇ ਪਹਿਲਾਂ ਹੀ ਪੁੱਛ ਲਿਆ।

"ਅਸੀਂ ਭਾਈ ਗੁਰਮੁਖ ਸਿੰਘ ਨੂੰ ਮਿਲਣਾ। ਉਨ੍ਹਾਂ ਨੂੰ ਕਹੋ ਕਿ ਨੰਦ ਸਿੰਘ ਕੈਲੇ, ਰਾਘੋ ਤੇ ਈਸ਼ਰ ਹੋਰੀਂ ਆਏ ਐ।" ਨੰਦ ਸਿੰਘ ਹੌਲੀ ਹੌਲੀ ਬੋਲਿਆ। ਉਹ ਔਰਤ ਅੰਦਰ ਗਈ ਤੇ ਫਿਰ ਝੱਟ ਹੀ ਵਾਪਸ ਆ ਕੇ ਕਹਿਣ ਲੱਗਾ, "ਲੰਘ ਜਾਓ ਭਾਈ ਔਹ ਸਾਹਮਣੇ ਕਮਰੇ 'ਚ ਬੈਠੇ ਐ!"

ਤਿੰਨੇ ਜਣੇ ਅੰਦਰ ਲੰਘ ਕੇ ਸਾਹਮਣੇ ਕਮਰੇ ਵਿੱਚ ਗਏ ਤਾਂ ਤਿੰਨੇ ਸਾਥੀ ਇਕਦਮ ਹੈਰਾਨ ਰਹਿ ਗਏ। ਕਮਰੇ ਵਿੱਚ ਗੁਰਮੁਖ ਸਿੰਘ ਦੇ ਕੋਲ ਜਵੰਦ ਸਿੰਘ ਨੰਗਲ ਤੇ ਬੰਤਾ ਸਿੰਘ ਸੰਘਵਾਲ ਬੈਠੇ ਸਨ। ਸਾਰੇ ਜਣੇ ਇੱਕ ਦੂਜੇ ਨੂੰ ਵੇਖ ਕੇ ਖੁਸ਼ ਹੋ ਗਏ। ਸਾਰੇ ਤਪਾਕ ਨਾਲ ਮਿਲੇ।

"ਅੱਜ ਤਾਂ ਬਈ ਰੱਬ ਨੇ ਹੀ ਮਿਲਾ ਦਿੱਤੇ!" ਈਸ਼ਰ ਬੋਲਿਆ।

"ਬਿਲਕੁਲ ਏਸੇ ਤਰ੍ਹਾਂ ਲੱਗਦਾ।" ਗੁਰਮੁਖ ਸਿੰਘ ਵੀ ਖੁਸ਼ ਸੀ। ਸਾਰੇ ਜਣੇ ਮੰਜਿਆਂ ਉਤੇ ਬੈਠ ਗਏ। ਉਹੀ ਔਰਤ ਪਾਣੀ ਰੱਖ ਗਈ। ਫਿਰ ਗਰਮ ਗਰਮ ਦੁੱਧ ਆ ਗਿਆ।

"ਤੁਸੀਂ ਅੱਜ ਕਿੱਧਰੋਂ ਆ ਗਏ? " ਗੁਰਮੁਖ ਸਿੰਘ ਬੋਲਿਆ।

"ਅਸੀਂ ਤਾਂ ਅੱਜ ਢੁੱਡੀਕੇ ਤੋਂ ਸਿੱਧੇ ਆਏ ਆਂ। ਰਾਤੀਂ ਫਿਰੋਜ਼ਪੁਰ ਤੋਂ ਆ ਕੇ

ਉਥੇ ਚਲੇ ਗਏ ਸੀ।" ਉਤਮ ਸਿੰਘ ਨੇ ਕਿਹਾ।

"ਤੇ ਅਸੀਂ ਏਥੇ ਆ ਕੇ ਠਹਿਰ ਗਏ ਸੀ।" ਜਵੰਦ ਸਿੰਘ ਨੇ ਦੱਸਿਆ ਕਿ ਚਲੋ ਚੰਗਾ ਹੋਇਆ ਆਪਾਂ ਇਕੱਠੇ ਹੋ ਗਏ। ਇਕ ਤਾਂ ਕੱਲ੍ਹ ਦਾ ਮਨ ਬਹੁਤ ਦੁਖੀ ਸੀ। ਸੋਚਿਆ ਹੋਰ ਸਾਥੀਆਂ ਨਾਲ ਗੱਲਬਾਤ ਕਰਦੇ ਆਂ!" ਈਸ਼ਰ ਨੇ ਆਪਣੇ ਆਉਣ ਦਾ ਕਾਰਨ ਦੱਸਿਆ।

"ਕੱਲ੍ਹ ਵਾਲੀ ਤਾਂ ਭਰਾਵੋ ਪੁੱਛੋ ਨਾ। ਕਿਰਪਾਲ ਸਿੰਘ ਦੀ ਬੇੜੀ ਬਹਿ ਗਈ। ਸਾਰੇ ਜਣੇ ਕਿੰਨੀ ਤਿਆਰੀ ਨਾਲ ਗਏ।" ਜਵੰਦ ਸਿੰਘ ਡੂੰਘੇ ਦੁੱਖ ਵਿੱਚੋਂ ਬੋਲਿਆ।

"ਵੇਖੋ ਕੱਲ੍ਹ ਵਾਲੇ ਪ੍ਰੋਗਰਾਮ ਵਿੱਚ ਬੇਸ਼ੱਕ ਸਫਲ ਨਹੀਂ ਹੋਏ ਪਰ ਪਾਰਟੀ ਦੀਆਂ ਤਿਆਰੀਆਂ ਵਿੱਚ ਕੋਈ ਘਾਟ ਨਹੀਂ ਸੀ। ਘਾਟ ਇਕੋ ਰਹਿ ਗਈ ਕਿ ਕਿਰਪਾਲ ਗਦਾਰ ਦਾ ਪਤਾ ਨਹੀਂ ਲੱਗ ਸਕਿਆ। ਪਤਾ ਵੀ ਲੱਗਾ ਗਿਆ ਸੀ ਪਰ ਉਸ ਨੂੰ ਪਾਰ ਬੁਲਾ ਦੇਣਾ ਚਾਹੀਦਾ ਸੀ। ਭਾਈ ਰਨਧੀਰ ਸਿੰਘ ਹੋਰੀਂ ਮਿਲ ਗਏ ਸੀ। ਉਨ੍ਹਾਂ ਨੇ ਵੀ ਸਾਰੇ ਗੱਲ ਦੱਸੀ। ਕਰਤਾਰ ਸਰਾਭੇ ਹੋਰੀਂ ਜਿਹੜਾ ਸੁਨੇਹਾ ਦੇ ਕੇ ਗਏ ਐ ਉਹ ਵੀ ਦੱਸ ਦਿੱਤਾ। ਹੁਣ ਤਾਂ ਇਹ ਹੋਣਾ ਚਾਹੀਦਾ ਕਿ ਸਾਰੇ ਜਣੇ ਬੈਠੋ ਤੇ ਅਗਾਂਹ ਦੀ ਗੱਲ ਕਰੋ। ਆਹ ਚੰਗਾ ਹੋਇਆ ਕਿ ਅੱਜ ਏਥੇ ਇਕੱਠੇ ਹੋ ਗਏ।" ਗੁਰਮੁਖ ਸਿੰਘ ਦੀ ਗੱਲ ਸੁਣ ਕੇ ਸਾਰੇ ਜਣੇ ਡੂੰਘਾ ਸੋਚਣ ਵਿਚਾਰਨ ਲੱਗੇ। ਸੱਚਮੁੱਚ ਇਹ ਸੋਚਣ ਵਿਚਾਰਨ ਦੀ ਘੜੀ ਸੀ। ਪਾਰਟੀ ਨੇ ਬਿਦੇਸ਼ੀ ਧਰਤੀ ਉਤੇ ਬੈਠ ਕੇ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤੀ ਦਿਵਾਉਣ ਲਈ ਕਿੰਨੀ ਵੱਡੀ ਯੋਜਨਾ ਤਿਆਰ ਕੀਤੀ। ਪਾਰਟੀ ਦੇ ਹੁਕਮ ਅਨੁਸਾਰ ਗਦਰੀ ਲੜਨ ਮਰਨ ਲਈ ਤਿਆਰ ਹੋ ਗਏ। ਕਿਸੇ ਨੇ ਆਪਣੇ ਘਰ ਬਾਰ ਦੀ, ਆਪਣੀ ਜਾਇਦਾਦ ਦੀ ਤੇ ਆਪਣੀ ਜਾਨ ਵੀ ਪ੍ਰਵਾਹ ਨਹੀਂ ਕੀਤੀ। ਮਰ ਮਿਟਣ ਲਈ ਤਿਆਰ। ਦੇਸ਼ ਦਾ ਗਦਾਰ ਸਾਰੇ ਦੇਸ਼ ਭਗਤਾਂ ਦੇ ਸੁਪਨੇ ਨੂੰ ਚੂਰ ਚੂਰ ਕਰ ਗਿਆ।

ਬੰਤਾ ਸਿੰਘ ਸੰਘਵਾਲ ਕਹਿਣ ਲੱਗਾ, "ਜਿਹੜੀ ਗੱਲ ਕਰਤਾਰ ਸਰਾਭਾ ਜਾਂਦਾ ਹੋਇਆ ਕਹਿ ਕੇ ਗਿਆ ਸਾਨੂੰ ਉਹ ਗੱਲ ਵਿਚਾਰਨੀ ਚਾਹੀਦੀ ਐ। ਇਸ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ? "

"ਬੰਤਾ ਸਿੰਘ ਦੀ ਗੱਲ ਬਿਲਕੁਲ ਸਹੀ ਐ। ਬਾਕੀ ਹੁਣ ਪੁਲਸ ਸਾਡੇ ਪਿੱਛੇ ਤਾਂ ਹੱਥ ਧੋ ਕੇ ਪਊਗੀ। ਇਸ ਗੱਲੋਂ ਵੀ ਸਾਨੂੰ ਬਹੁਤ ਸੁਚੇਤ ਰਹਿਣਾ ਪਏਗਾ।" ਈਸ਼ਰ ਨੇ ਪੂਰੀ ਸੰਜੀਦਗੀ ਨਾਲ ਗੱਲ ਕੀਤੀ

"ਪੁਲਸ ਵਾਲੀ ਤਾਂ ਗੱਲ ਪਹਿਲਾਂ ਹੈ। ਏਥੇ ਅੰਗਰੇਜ਼ਾਂ ਦੇ ਝੋਲੀ ਚੁੱਕ ਬਥੇਰੇ ਤੁਰੇ ਫਿਰਦੇ ਐ। ਆਪਣਾ ਨਿਸ਼ਾਨਾ ਤਾਂ ਪੈਸਾ ਤੇ ਹਥਿਆਰ।" ਜਵੰਦ ਸਿੰਘ ਫੇਰ ਬੋਲਿਆ। ਸਾਰੇ ਇਸ ਗੱਲ ਉਤੇ ਸਹਿਮਤ ਹੋ ਗਏ ਕਿ ਹੁਣ ਘਰ ਬੈਠਣ ਦਾ ਕੋਈ ਫਾਇਦਾ ਨਹੀਂ। ਬੱਸ ਕੋਈ ਖਾਸ ਪ੍ਰੋਗਰਾਮ ਬਣਾਓ।

ਕੁਝ ਚਿਰ ਪਿੱਛੋਂ ਗੁਰਮੁਖ ਸਿੰਘ ਕਹਿਣ ਲੱਗਾ, "ਯਾਰੋ ਗੱਲ ਸੁਣੋ। ਦੁਰਾਹੇ ਦੇ ਰੇਲਵੇ ਪੁਲ ਉਤੇ ਗਾਰਦ ਦਾ ਪਹਿਰਾ ਲੱਗਿਆ ਹੁੰਦਾ। ਆਪਾਂ ਤਿਆਰੀ ਕਰਕੇ ਗਾਰਦ

ਕੋਲੋਂ ਰਾਈਫਲਾਂ ਖੋਹਣ ਦੀ ਸਕੀਮ ਬਣਾਈਏ!"

"ਇਹ ਹੋਈ ਨਾ ਗੱਲ। ਬੱਸ ਗੱਲ ਸ਼ੁਰੂ ਕਰੋ। ਸਕੀਮ ਅਸੀਂ ਕਿਹੜਾ ਕਿਸੇ ਤੋਂ ਪੁੱਛ ਕੇ ਬਨਾਉਣੀ ਐ !" ਈਸ਼ਰ ਨੇ ਦ੍ਰਿੜ੍ਹਤਾ ਵਿਖਾਈ।

"ਲੈ ਬਈ ਗੱਲ ਸੁਣ ਲਓ। ਮੇਰੇ ਕੋਲ ਪਏ ਐ ਪੰਜ ਛੇ ਬੰਬ। ਜਦੋਂ ਕਹੋਂਗੇ ਮੈਂ ਜਾ ਕੇ ਚੁੱਕ ਲਿਆਉਂਗਾ। ਤੁਸੀਂ ਗੱਲ ਪੱਕੀ ਕਰੋ।" ਨੰਦ ਸਿੰਘ ਬੋਲਿਆ।

"ਬੱਸ ਆਪੋ ਆਪਣੇ ਹਥਿਆਰ ਚੁੱਕੋ ਤੇ ਦੁਰਾਹੇ ਜਾਣ ਦਾ ਦਿਨ ਕਰੋ ਪੱਕਾ।" ਗੁਰਮੁਖ ਸਿੰਘ ਨੇ ਵੀ ਦਲੇਰੀ ਵਿਖਾਈ। ਜਵੰਦ ਸਿੰਘ ਝੱਟ ਕਹਿਣ ਲੱਗਾ, "ਕੁਦਰਤੀ ਆਪਾਂ ਕਿੰਨੇ ਬੰਦੇ ਇਕੱਠੇ ਹੋ ਗਏ। ਹਥਿਆਰ ਵੀ ਆਪੋ ਆਪਣੇ ਹੈ। ਕੰਮ ਜਦੋਂ ਜਾਂ ਕਦੇ। ਬੱਸ ਕੱਲ੍ਹ ਸਵੇਰੇ ਦੁਰਾਹੇ ਨੂੰ।" ਜਵੰਦ ਸਿੰਘ ਨੇ ਆਪਣਾ ਫੈਸਲਾ ਸੁਣਾ ਦਿੱਤਾ। ਫਿਰ ਸਾਰਿਆਂ ਨੇ ਇਸ ਫੈਸਲੇ ਉਤੇ ਆਪੋ ਆਪਣੀ ਸਹਿਮਤੀ ਪ੍ਰਗਟ ਕੀਤੀ।

ਪੂਰੀ ਸਕੀਮ ਘੜ ਲਈ ਗਈ। ਨੰਦ ਸਿੰਘ ਕੈਲੇ ਏਥੋਂ ਆਪਣੇ ਪਿੰਡ ਨੂੰ ਜਾਏਗਾ ਤੇ ਬੰਬ ਹਰ ਹਾਲਤ ਲੈ ਕੇ ਆਵੇਗਾ। ਆਉਂਦਾ ਹੋਇਆ ਉਹ ਬੂਟਾ ਸਿੰਘ ਅਕਾਲਗੜ੍ਹ, ਹਰਨਾਮ ਸਿੰਘ ਗੁੱਜਰਵਾਲ ਤੇ ਹੋਰ ਸਾਥੀਆਂ ਨੂੰ ਨਾਲ ਲੈ ਕੇ ਆਵੇਗਾ। ਈਸ਼ਰ ਸਿੰਘ ਤੇ ਉਤਮ ਸਿੰਘ ਹਾਂਸ ਅੱਜ ਦੀ ਰਾਤ ਚੂਹੜ ਸਿੰਘ ਕੋਲ ਉਸ ਦੇ ਪਿੰਡ ਲੀਲਾਂ ਜਾ ਕੇ ਠਹਿਰਨਗੇ। ਗੁਰਮੁਖ ਸਿੰਘ, ਬੰਤਾ ਸਿੰਘ ਸੰਘਵਾਲ ਤੇ ਜਵੰਦ ਸਿੰਘ ਨੰਗਲ ਪਿੰਡ ਲਲਤੋਂ ਤੋਂ ਕੱਲ੍ਹ ਨੂੰ ਤੁਰਨਗੇ। ਸਾਰੇ ਜਣੇ ਆਪੋ ਆਪਣੀ ਮੰਜ਼ਲ ਵੱਲ ਤੁਰ ਪਏ। ਕਿਸੇ ਨੇ ਇਹ ਨਹੀਂ ਸੋਚਿਆ ਕਿ ਦਿਨ ਕਿੰਨਾ ਕੁ ਰਹਿੰਦਾ ਹੈ। ਇਹ ਤਾਂ ਬੱਸ ਦੇਸ਼ ਦੀ ਅਜ਼ਾਦੀ ਦੇ ਦੀਵਾਨੇ ਸਨ ਜਿਨ੍ਹਾਂ ਲਈ ਅਰਾਮ ਦੀਆਂ ਘੜੀਆਂ ਕਿੱਥੇ।

## ਗਿਆਰਾਂ

ਗਦਰ ਪਾਰਟੀ ਦੇ ਵੀਹ ਕੁ ਬੰਦੇ ਦਿਨ ਢਲਦੇ ਨਾਲ ਦੁਰਾਹੇ ਪਹੁੰਚ ਗਏ। ਕਿਸੇ ਕੋਲ ਝੋਲਾ, ਕਿਸੇ ਕੋਲ ਚਾਦਰ ਤੇ ਕਿਸੇ ਕੋਲ ਸੋਟੀ ਵੇਖ ਕੇ ਲੱਗਦਾ ਸੀ ਕਿ ਉਹ ਏਥੇ ਜਿਵੇਂ ਕੋਈ ਚੀਜ਼ ਵਸਤ ਖਰੀਦਣ ਆਏ ਹੋਣ। ਨਹਿਰ ਸਰਹੰਦ ਬਣਨ ਦੇ ਨਾਲ ਦੁਰਾਹਾ ਲੱਕੜ ਮੰਡੀ ਵਜੋਂ ਮਸ਼ਹੂਰ ਹੋ ਗਿਆ ਸੀ। ਦੂਰੋਂ ਦੂਰੋਂ ਵਪਾਰੀ ਤੇ ਆਮ ਲੋਕ ਏਥੇ ਸ਼ਤੀਰੀਆਂ ਖਰੀਦਣ ਆਉਂਦੇ। ਨਹਿਰ ਰਾਹੀਂ ਤੇ ਗੱਡਿਆਂ ਰਾਹੀਂ ਵੀ ਲੋਕ ਮਾਲ ਲੈ ਜਾਂਦੇ। ਬਹੁਤ ਗਦਰੀ ਅੱਡ ਅੱਡ ਹੋ ਕੇ ਸ਼ਤੀਰੀਆਂ ਵੇਖਣ ਦੇ ਬਹਾਨੇ ਦੁਕਾਨਾਂ ਵੱਲ ਤੁਰ ਪਏ। ਈਸ਼ਰ ਸਿੰਘ, ਉਤਮ ਸਿੰਘ ਹਾਂਸ, ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਗੁਰਮੁਖ ਸਿੰਘ ਲਲਤੋਂ ਤੇ ਚੂਹੜ ਸਿੰਘ ਲੀਲਾਂ ਸਟੇਸ਼ਨ ਵੱਲ ਤੁਰ ਪਏ। ਵੇਖਣ ਨੂੰ ਸਾਰੇ ਹਮ ਉਮਰ ਤੇ ਸਿੱਧੇ ਸਾਦੇ ਪੇਂਡੂ ਬੰਦੇ ਜਾਪਦੇ। ਉਹ ਕਦੇ ਨਹਿਰ ਦੀਆਂ ਗੱਲਾਂ ਕਰਦੇ। ਕਦੇ ਸ਼ਤੀਰੀਆਂ ਦੀਆਂ ਗੱਲਾਂ ਤੋਰਦੇ ਤੇ ਕਦੇ ਗੱਡਿਆਂ ਦੀਆਂ ਗੱਲਾਂ ਤੋਰ ਲੈਂਦੇ। ਦੁਰਾਹੇ ਦੇ ਤੇ ਰਾਮਪੁਰ ਦੇ ਕਈ ਬੰਦਿਆਂ ਨੇ ਨਵੇਂ ਗੱਡੇ ਬਣਵਾ ਲਏ ਸਨ। ਉਨ੍ਹਾਂ ਨੇ ਆਸੇ ਪਾਸੇ ਦੇ ਪਿੰਡਾਂ ਵਿੱਚ ਗੱਡਿਆਂ ਰਾਹੀਂ ਸ਼ਤੀਰੀਆਂ ਢੋਣ ਦਾ ਕਾਰੋਬਾਰ

ਸ਼ੁਰੂ ਕਰ ਲਿਆ ਸੀ। ਗਦਰੀ ਆਪਸ ਵਿੱਚ ਇਸ ਤਰ੍ਹਾਂ ਗੱਲਾਂ ਕਰਦੇ ਸਨ ਕਿ ਸੁਣਨ ਵਾਲਾ ਸੋਚੇ ਕਿ ਇਹ ਬੰਦੇ ਬਾਹਰੋਂ ਸ਼ਤੀਰੀਆਂ ਮੁੱਲ ਲੈਣ ਆਏ ਹਨ। ਉਨ੍ਹਾਂ ਦੇ ਚਿਹਰਿਆਂ ਉਤੇ ਭੋਰਾ ਵੀ ਡਰ ਭੌ ਨਹੀਂ ਸੀ। ਸਾਰਿਆਂ ਨੇ ਆਪੋ ਆਪਣੇ ਪਿਸਤੌਲ ਛੁਪਾਏ ਹੋਏ ਸਨ। ਉਹ ਪੂਰੇ ਹੌਂਸਲੇ ਵਿੱਚ ਸਨ।

ਦੀਵਾਨਗੀ ਵੀ ਅਜੀਬ ਹੁੰਦੀ ਹੈ। ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ। ਗਦਰੀਆਂ ਦਾ ਅੱਜ ਖਤਰਨਾਕ ਪ੍ਰੋਗਰਾਮ ਹੈ। ਰੇਲਵੇ ਪੁਲ ਉਤੇ ਲੱਗੀ ਹੋਈ ਗਾਰਦ ਕੋਲੋਂ ਅੱਧੀ ਰਾਤ ਨੂੰ ਹਮਲਾ ਕਰਕੇ ਰਾਈਫਲਾਂ ਖੋਹਣੀਆਂ ਹਨ। ਜੇਕਰ ਉਹ ਅੱਜ ਬੰਦੂਕਾਂ ਖੋਹਣ ਵਿੱਚ ਸਫਲ ਹੋ ਗਏ ਤਾਂ ਉਨ੍ਹਾਂ ਦੀਆਂ ਅਗਲੀ ਜੰਗ ਸ਼ੁਰੂ ਹੋਵੇਗੀ। ਇਨ੍ਹਾਂ ਬੰਦੂਕਾਂ ਨਾਲ ਉਹ ਹੋਰ ਹਥਿਆਰ ਇਕੱਠੇ ਕਰਨਗੇ ਤੇ ਫਿਰ ਪੈਸੇ ਲਈ ਡਾਕੇ ਮਾਰਨਗੇ। ਗਦਰ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ। ਕਰਤਾਰ ਸਰਾਭਾ ਲਾਹੌਰ ਜਾਣ ਲੱਗਾ ਇਹੀ ਸੁਨੇਹਾ ਦੇ ਕੇ ਗਿਆ ਹੈ। ਫਿਰ ਤਕੜੇ ਹੋ ਕੇ ਇੱਕ ਦਿਨ ਉਹ ਦੇਸ਼ ਵਿੱਚ ਜ਼ਰੂਰ ਗਦਰ ਮਚਾ ਦੇਣਗੇ। ਆਪਣੇ ਪਿਆਰੇ ਦੇਸ਼ ਨੂੰ ਉਹ ਅੰਗਰੇਜ਼ਾਂ ਤੋਂ ਜ਼ਰੂਤ ਮੁਕਤ ਕਰਵਾ ਲੈਣਗੇ। ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਹੋਰ ਕੋਈ ਰਾਹ ਨਹੀਂ।

ਈਸ਼ਰ ਹੋਰੀਂ ਤੁਰੇ ਜਾਂਦੇ ਸੋਚ ਰਹੇ ਸਨ ਕਿ ਦੁਰਾਹੇ ਆ ਕੇ ਜਿਵੇਂ ਉਨ੍ਹਾਂ ਨੇ ਅੱਧਾ ਮੋਰਚਾ ਤਾਂ ਸਰ ਕਰ ਲਿਆ ਹੈ। ਕੱਲ੍ਹ ਹੀ ਗੱਲਬਾਤ ਕੀਤੀ ਤੇ ਅੱਜ ਵੀਹ ਗਦਰੀ ਦੁਰਾਹੇ ਪਹੁੰਚ ਵੀ ਗਏ। ਰੇਲਵੇ ਦਾ ਪੁਲ ਵੇਖਣ ਦੇ ਬਹਾਨੇ ਇਹ ਛੇ ਬੰਦੇ ਨਹਿਰ ਦੀ ਪਟੜੀ ਪੈ ਗਏ। ਨਹਿਰ ਵੇਖ ਕੇ ਉਨ੍ਹਾਂ ਨੂੰ ਲੱਗਾ ਕਿ ਇਹ ਤਾਂ ਉਨ੍ਹਾਂ ਦੀ ਆਪਣੀ ਨਹਿਰ ਹੈ। ਸਾਡਾ ਆਪਣਾ ਪਾਣੀ, ਵਗਦਾ ਪਾਣੀ ਜਿਵੇਂ ਉਨ੍ਹਾਂ ਨਾਲ ਅਣਖੇਲੀਆਂ ਕਰ ਰਿਹਾ ਸੀ। ਦਰੱਖਤਾਂ ਵਿੱਚੋਂ ਗੁਜ਼ਰਦੀ ਠੰਡੀ ਹਵਾ ਜਿਵੇਂ ਲੋਰੀਆਂ ਦੇ ਰਹੀ ਹੋਵੇ। ਫੱਗਣ ਮਹੀਨਾ ਕਈ ਦਿਨ ਚਲਾ ਗਿਆ ਸੀ ਤੇ ਸਿਆਲੂ ਠੰਢ ਖਤਮ ਹੋ ਗਈ ਸੀ। ਆਸੇ ਪਾਸੇ ਖੇਤਾਂ ਵਿੱਚ ਹਾੜ੍ਹੀ ਦੀਆਂ ਫਸਲਾਂ ਦਾ ਖੇੜਾ ਸੀ। ਈਸ਼ਰ ਹੋਰੀਂ ਤੁਰੇ ਜਾਂਦੇ ਆਸੇ ਪਾਸੇ ਨੂੰ ਘੋਖਵੀਂ ਨਜ਼ਰ ਨਾਲ ਵੇਖ ਰਹੇ ਸਨ। ਰਾਤ ਨੂੰ ਫਿਰ ਆਉਣਾ ਸੀ। ਨਹਿਰ ਦਾ ਭਲਾ ਕਿਹੜਾ ਪਾਸਾ ਠੀਕ ਰਹੇਗਾ। ਪੁਲ ਲਾਗਲੀ ਜਗ੍ਹਾ ਕਿਸ ਤਰ੍ਹਾਂ ਦੀ ਹੈ। ਕੋਈ ਦਰੱਖਤ, ਕੋਈ ਝਾੜੀ ਜਾਂ ਫਿਰ ਕੋਈ ਟੋਆ ਹੋਵੇ। ਜੇਕਰ ਭੱਜਣ ਦੀ ਲੋੜ ਪਈ ਤਾਂ ਕਿਹੜਾ ਪਾਸਾ ਠੀਕ ਰਹੇਗਾ। ਐਕਸ਼ਨ ਕਰਨ ਸਮੇਂ ਪੁਲ ਤੋਂ ਕਿੰਨੇ ਕੁ ਫਾਸਲੇ ਉਤੇ ਰੁਕਿਆ ਜਾਵੇ। ਪੁਲ ਤੇ ਉਸ ਦਾ ਆਸਾ ਪਾਸਾ ਦੂਰੋਂ ਹੀ ਚੰਗੀ ਤਰ੍ਹਾਂ ਵੇਖ ਕੇ ਸਾਰੇ ਗਦਰੀ ਹੌਲੀ ਹੌਲੀ ਪਿੱਛੇ ਨੂੰ ਪਰਤ ਆਏ।

ਅੱਗੇ ਆ ਕੇ ਉਨ੍ਹਾਂ ਨੇ ਹਮਲਾ ਕਰਨ ਦੀ ਯੋਜਨਾ ਉਲੀਕੀ। ਪੁਲ ਉਤੇ ਵੱਡੀ ਰਾਤ ਨੂੰ ਹਮਲਾ ਕਰਨਾ ਹੈ। ਸਭ ਤੋਂ ਅੱਗੇ ਈਸ਼ਰ ਸਿੰਘ, ਉਤਮ ਸਿਘ, ਜਵੰਦ ਸਿੰਘ, ਬੰਤਾ ਸਿੰਘ ਸੰਘਵਾਲ, ਚੂਹੜ ਸਿੰਘ ਤੇ ਗੁਰਮੁਖ ਸਿੰਘ ਹੋਣਗੇ। ਨੰਦ ਸਿੰਘ ਕੋਲ ਆਪਣੇ ਬਣਾਏ ਹੋਏ ਬੰਬ ਹਨ ਤੇ ਦੂਜਿਆਂ ਕੋਲ ਪਸਤੌਲ। ਸਭ ਤੋਂ ਪਹਿਲੇ ਵੇਖਣਾ ਹੈ ਕਿ ਪਹਿਰੇਦਾਰਾਂ ਦੀ ਗਿਣਤੀ ਕਿੰਨੀ ਹੈ। ਤੁਰਨ ਫਿਰਨ ਵੇਲੇ ਜੇ ਕੋਈ ਇਕੱਲਾ ਸੰਤਰੀ

ਇਧਰ ਉਧਰ ਜਾਵੇ ਤਾਂ ਈਸ਼ਰ ਸਿੰਘ ਤੇ ਜਵੰਦ ਸਿੰਘ ਝੱਟ ਹਮਲਾ ਕਰਨਗੇ। ਨੰਦ ਸਿੰਘ ਦੂਜੇ ਸੰਤਰੀਆਂ ਉਤੇ ਬੰਬਾਂ ਦਾ ਹਮਲਾ ਕਰੇਗਾ। ਦੂਜੇ ਸਾਥੀ ਸੋਚ ਸਮਝ ਕੇ ਗੋਲੀ ਚਲਾਉਣਗੇ। ਉਹ ਹੌਲੀ ਹੌਲੀ ਸਟੇਸ਼ਨ ਵੱਲ ਆ ਗਏ। ਚੂਹੜ ਸਿੰਘ ਇਸ ਇਲਾਕੇ ਦਾ ਚੰਗਾ ਭੇਤੀ ਸੀ। ਉਹ ਦੂਜੇ ਸਾਥੀਆਂ ਨੂੰ ਏਥੇ ਬੁਲਾਉਣ ਲਈ ਚੱਲ ਪਿਆ।

ਸਾਰੇ ਬੰਦੇ ਇਧਰ ਜੁੜਦੇ ਗਏ। ਸਾਰੇ ਅੱਡੋ ਅੱਡ ਚੁੱਪ ਬੈਠੇ ਸਨ ਪਰ ਉਨ੍ਹਾਂ ਦੇ ਦਿਲ ਕਾਹਲੇ ਸਨ ਕਿ ਕਦੋਂ ਹਨੇਰਾ ਹੋਵੇ ਤੇ ਕਦੋਂ ਉਹ ਐਕਸ਼ਨ ਕਰਨ। ਬੂਟਾ ਸਿੰਘ ਕੋਲ ਨਰੋਆ ਸੋਟਾ ਸੀ। ਜਵੰਦ ਸਿੰਘ ਨੇ ਉਸ ਨੂੰ ਛੇੜਿਆ, "ਹਨੇਰੇ ਵਿੱਚ ਕਿਤੇ ਆਪਣਿਆਂ ਦੇ ਮੌਰ ਨਾ ਸੇਕੀ ਜਾਵੀਂ।" ਜਵੰਦ ਸਿੰਘ ਦੀ ਗੱਲ ਨੇ ਨਿੱਕਾ ਜਿਹਾ ਹਾਸਾ ਖਿਲਾਰਿਆ। ਪ੍ਰੋਗਰਾਮ ਦੀ ਰੂਪ ਰੇਖਾ ਤਾਂ ਬਣ ਗਈ ਪਰ ਰਾਤ ਜਿਵੇਂ ਢਲਣ ਦਾ ਨਾਂ ਨਹੀਂ ਸੀ ਲੈ ਰਹੀ। ਸਮਾਂ ਜਿਵੇਂ ਖਲੋ ਗਿਆ ਹੋਵੇ। ਕਈ ਬੰਦੇ ਐਵੇਂ ਹੀ ਗੇੜੇ ਕੱਢਣ ਲੱਗ ਜਾਂਦੇ।

ਕਾਫੀ ਚਿਰ ਬਾਅਦ ਗਦਰੀਆਂ ਨੂੰ ਲੱਗਾ ਕਿ ਹੁਣ ਰਾਤ ਕਾਫੀ ਹੋ ਗਈ ਹੈ। ਤੁਰਨ ਦਾ ਵੇਲਾ ਹੈ ਪਟੜੀ ਜਾਣਾ ਪੈਣਾ ਸੀ। ਦਿਨ ਦੀ ਜਾਣਕਾਰੀ ਅਨੁਸਾਰ ਉਹ ਹੌਲੀ ਹੌਲੀ ਤੁਰਦੇ ਗਏ। ਹਨੇਰੀ ਰਾਤ। ਹੌਲੀ ਹੌਲੀ ਪੈਰ ਧਰਦੇ ਨਹਿਰ ਦੀ ਪਟੜੀ ਉਤੇ ਆ ਗਏ। ਨਹਿਰ ਦਾ ਪਾਣੀ ਸ਼ਾਂਤ ਵਗ ਰਿਹਾ ਸੀ। ਠੰਢੀ ਹਵਾ ਰੁਮਕ ਰਹੀ ਸੀ। ਨਿੱਕੇ ਨਿੱਕੇ ਜੀਵ ਜੰਤੂਆਂ ਦੀਆਂ ਤਿੱਖੀਆਂ ਅਵਾਜ਼ਾਂ ਆ ਰਹੀਆਂ ਸਨ ਜਿਵੇਂ ਉਹ ਕਹਿ ਰਹੇ ਹੋਣ ਕਿ ਜਾਗਦੇ ਰਹਿਣਾ ਬਈ। ਸਾਰਿਆਂ ਨੇ ਆਪਣੇ ਪਿਸਤੌਲ ਹੱਥਾਂ ਵਿੱਚ ਫੜ ਲਏ ਸਨ। ਨੰਦ ਸਿੰਘ ਦੇ ਗਲ ਵਿੱਚ ਬੰਬਾਂ ਵਾਲਾ ਝੋਲਾ ਲਟਕ ਰਿਹਾ ਸੀ ਮੂਹਰਲੇ ਸਾਥੀ ਹੁਸ਼ਿਆਰੀ ਨਾਲ ਅੱਗੇ ਵਧ ਰਹੇ ਸਨ। ਨਿਗਾਹ ਉਨ੍ਹਾਂ ਦੀ ਪੁਲ ਵੱਲ ਸੀ।

ਕੁਝ ਦੂਰ ਜਾ ਕੇ ਈਸ਼ਰ ਹੋਰੀਂ ਰੁਕ ਗਏ। ਉਨ੍ਹਾਂ ਨੇ ਧਿਆਨ ਨਾਲ ਸਾਹਮਣੇ ਵੇਖਿਆ। ਪੁਲ ਹੁਣ ਬਿਲਕੁਲ ਨੇੜੇ ਸੀ। ਫਿਰ ਸਾਰੇ ਜਣੇ ਪਟੜੀ ਦੇ ਇੱਕ ਪਾਸੇ ਹੋ ਕੇ ਬੈਠ ਗਏ। ਈਸ਼ਰ ਹੋਰੀਂ ਵੀ ਛਹਿ ਲਾ ਕੇ ਮੌਕਾ ਤਾੜਨ ਲੱਗੇ। ਜੀਵ ਜੰਤੂ ਤਾਂ ਲਗਾਤਾਰ ਅਵਾਜ਼ਾਂ ਕੱਢ ਰਹੇ ਸਨ। ਨਹਿਰ ਦਾ ਪਾਣੀ ਸ਼ਾਂਤ ਚਿਤ ਵਹਿ ਰਿਹਾ ਸੀ। ਈਸ਼ਰ ਨੇ ਅੰਦਾਜ਼ਾ ਲਾਇਆ ਕਿ ਪੁਲਸ ਦੀ ਬੰਨੀ ਉਤੇ ਛੇ ਸੱਤ ਸੰਤਰੀ ਹੋਣਗੇ। ਹੋ ਸਕਦੈ ਕਿ ਦੂਜੇ ਪਾਸੇ ਵੀ ਏਨੇ ਕੁ ਬੰਦੇ ਹੋਣ। ਨੰਦ ਸਿੰਘ ਉਸ ਦੇ ਲਾਗੇ ਆ ਗਿਆ।

"ਬੰਦੇ ਚਾਰ ਪੰਜ ਹੋਣਗੇ!" ਬੰਤਾ ਸਿੰਘ ਬੋਲਿਆ।

"ਸਾਰੇ ਸੰਤਰੀ ਇੱਕੋ ਥਾਂ ਜੰਮੇ ਬੈਠੇ ਐ। ਇਹ ਉਠ ਕੇ ਕੋਈ ਗੇੜਾ ਨਹੀਂ ਦਿੰਦਾ!" ਜਵੰਦ ਸਿੰਘ ਬੋਲਿਆ।

"ਮੈਨੂੰ ਲੱਗਦੈ ਕਿ ਦੂਜੇ ਪਾਸੇ ਵੀ ਬੰਦੇ ਹੋਣਗੇ। ਦੂਜੇ ਤਾਂ ਦੂਜੇ ਪਾਸੇ ਐ ਤੇ ਇਹ ਇਧਰ ਬੈਠੇ ਐ।" ਈਸ਼ਰ ਹੌਲੀ ਜਿਹੀ ਬੋਲਿਆ।

ਕੁਝ ਚਿਰ ਪਿੱਛੋਂ ਬੂਟਾ ਸਿੰਘ ਅਕਾਲਗੜ੍ਹ ਕੋਲ ਆ ਕੇ ਕਹਿਣ ਲੱਗਾ, "ਕੁੱਝ ਕਰੋ ਵੀ!"

"ਥੋੜ੍ਹਾ ਰੁਕ ਜਾਹ!" ਈਸ਼ਰ ਨੇ ਕਿਹਾ।

"ਮੇਰੀ ਗੱਲ ਸੁਣੋ। ਉਰਲਿਆਂ ਉਤੇ ਬੰਬ ਮਾਰੀਏ। ਨਾਲੇ ਦੂਜਿਆਂ ਦਾ ਪਤਾ ਲੱਗ ਜਾਊਗਾ!" ਨੰਦ ਸਿੰਘ ਬੋਲਿਆ।

"ਉਏ ਦੂਜੇ ਤਾਂ ਖੜਕਾ ਸੁਣ ਕੇ ਉਧਰ ਹੀ ਭੱਜ ਜਾਣਗੇ!" ਬੂਟਾ ਸਿੰਘ ਨੇ ਕਿਹਾ।

"ਗੱਲ ਇਹ ਐ ਕਿ ਪਹਿਰੇਦਾਰ ਇੱਕੋ ਥਾਂ ਜੰਮ ਕੇ ਬੈਠੇ ਐ। ਇਨ੍ਹਾਂ ਕੋਲ ਹਥਿਆਰ ਵੀ ਵਧੀਆ ਹੋਣਗੇ। ਆਪਣੇ ਬੰਬ ਤਾਂ ਸਿਰਫ ਖੜਕਾ ਕਰਦੇ ਐ। ਇਸ ਕਰਕੇ ਆਪਾਂ ਥੋੜ੍ਹਾ ਚਿਰ ਹੋਰ ਵੇਖੋ। ਤੇਜ਼ੀ ਨਾ ਕਰੀਏ!" ਈਸ਼ਰ ਨੇ ਆਪਣੀ ਰਾਏ ਦੱਸੀ।

"ਯਾਰ ਤੁਸੀਂ ਦੋ ਚਾਰ ਬੰਬ ਚਲਾਓ। ਫਰ ਵੇਖੀ ਜਾਊ!" ਬੂਟਾ ਸਿੰਘ ਤਾਂ ਕਾਹਲਾ ਸੀ। "ਬਿਲਕੁਲ ਠੀਕ ਐ। ਇੱਕ ਵਾਰੀ ਤਾਂ ਇਨ੍ਹਾਂ ਨੂੰ ਭਾਜੜਾਂ ਪੈਣ। ਹੋਰ ਆਪਾਂ ਏਥੇ ਕਰਨ ਕੀ ਆਏ ਆਂ? " ਨੰਦ ਸਿੰਘ ਤਾਂ ਬੰਬ ਸੁੱਟਣ ਨੂੰ ਤਿਆਰ ਬੈਠਾ ਸੀ। "ਵੇਖੋ ਬੰਦੂਕਾਂ ਨਹੀਂ ਮਿਲਦੀਆਂ ਨਾ ਮਿਲਣ। ਹੋਰ ਕਿਤੋਂ ਮਿਲ ਜਾਣਗੀਆਂ ਪਰ ਜੇ ਆਪਣਾ ਕੋਈ ਬੰਦਾ ਨੁਕਸਾਨਿਆ ਗਿਆ ਉਹ ਘਾਟ ਆਪਾਂ ਕਿਵੇਂ ਪੂਰੀ ਕਰਾਂਗੇ!" ਗੁਰਮੁਖ ਸਿੰਘ ਨੇ ਆਪਣੀ ਦਲੀਲ ਦਿੱਤੀ।

"ਵੇਖੋ ਗੁਰਮੁਖ ਸਿੰਘ ਦੀ ਗੱਲ ਗਲਤ ਨਹੀਂ। ਆਪਾਂ ਸੋਚ ਸਮਝ ਕੇ ਕੋਈ ਕਦਮ ਚੁੱਕਾਂਗੇ!" ਬੰਤਾ ਸਿੰਘ ਸੰਘਵਾਲ ਨੇ ਗੁਰਮੁਖ ਸਿੰਘ ਦੀ ਗੱਲ ਨੂੰ ਠੀਕ ਦੱਸਿਆ।

ਸਾਰੇ ਜਣੇ ਚੁੱਪ ਹੋ ਗਏ। ਕਈ ਤਾਂ ਭੁੰਜੇ ਹੀ ਲੇਟ ਗਏ। ਕਿਸੇ ਦਰੱਖਤ ਤੋਂ ਇੱਕ ਪੰਛੀ ਦੇ ਬੋਲਣ ਦੀ ਅਵਾਜ਼ ਆਈ।

"ਕੋਚਰੀ ਬੋਲਦੀ ਐ। ਕੋਚਰੀ ਦਾ ਬੋਲਣਾ ਚੰਗਾ ਨਹੀਂ ਹੁੰਦਾ!" ਚੂਹੜ ਸਿੰਘ ਕਿਹਾ।

"ਫੇਰ ਕੀ ਕਰੀਏ? " ਈਸ਼ਰ ਬੋਲਿਆ।

"ਮੇਰੇ ਖਿਆਲ 'ਚ ਆਪਾਂ ਮੁੜ ਚੱਲੀਏ। ਆਪਣੀ ਗੱਲ ਨਹੀਂ ਬਣਨੀ!" ਚੂਹੜ ਸਿੰਘ ਨਿਰਾਸ਼ ਹੋ ਗਿਆ।

"ਸਾਰਿਆਂ ਕੋਲ ਪਿਸਤੌਲ ਐ ਤੇ ਮੇਰੇ ਕੋਲ ਬੰਬ ਐ!" ਨੰਦ ਸਿੰਘ ਨੇ ਆਪਣੀ ਗੱਲ ਫੇਰ ਰੱਖ ਦਿੱਤੀ।

"ਗੱਲ ਤਾਂ ਇਹੀ ਐ ਕਿ ਆਪਣੇ ਹਥਿਆਰ ਬਹੁਤੀ ਦੂਰ ਮਾਰ ਕਰਨ ਵਾਲੇ ਨਹੀਂ ਤੇ ਨਾ ਹੀ ਬੰਬ ਖਤਰਨਾਕ ਐ। ਸੰਤਰੀਆਂ ਦੇ ਹਥਿਆਰ ਬਹੁਤ ਮਾਰੂ ਹੋਣਗੇ। ਫਿਰ ਆਪਾਂ ਮੁਕਾਬਲਾ ਵੀ ਬਹੁਤਾ ਚਿਰ ਨਹੀਂ ਕਰ ਸਕਦੇ!" ਈਸ਼ਰ ਫੇਰ ਆਪਣੀ ਗੱਲ ਦੁਹਰਾ ਗਿਆ।

"ਏਥੋਂ ਜਾਣ ਵਿੱਚ ਭਲਾਈ ਐ!" ਬੰਤਾ ਸਿੰਘ ਨੇ ਵੀ ਇਹੀ ਕਿਹਾ।

ਰਾਤ ਸਾਂ ਸਾਂ ਕਰ ਰਹੀ ਸੀ। ਕੁੱਝ ਚਿਰ ਸਾਰੇ ਖਾਮੋਸ਼ ਹੋ ਕੇ ਬੈਠੇ ਰਹੇ। "ਰਾਤ ਢਲ

ਗਈ ਲੱਗਦੀ ਐ। ਉਧਰ ਡਿੰਗੜ ਵੇਖੋ ਕਿਧਰ ਗਏ!" ਗੁਰਮਖ ਸਿੰਘ ਅਸਮਾਨ ਵੱਲ ਝਾਕਿਆ। ਸਾਰੇ ਚੁੱਪ ਚਾਪ ਹੀ ਬੈਠੇ ਰਹੇ। ਸਾਰਿਆਂ ਦਾ ਜਿਵੇਂ ਦਿਲ ਟੁੱਟ ਗਿਆ ਕਿੰਨੀ ਹਿੰਮਤ ਕਰਕੇ ਸਾਰੇ ਆਏ। ਜਿੱਥੇ ਆ ਕੇ ਉਹ ਰਾਤ ਨੂੰ ਬੈਠੇ ਉਥੇ ਤਾਂ ਆਮ ਬੰਦਾ ਦਿਨ ਵੇਲੇ ਵੀ ਨਾ ਬੈਠੇ। ਈਸ਼ਰ ਸੋਚ ਰਿਹਾ ਸੀ ਕਿ ਚਲੋ ਕਿਤੇ ਹੋਰ ਸਹੀ। ਐਵੇਂ ਅੰਨ੍ਹੀ ਦੇ ਥੇਹ ਹਮਲਾ ਕਰਨਾ ਕਿਵੇਂ ਵੀ ਠੀਕ ਨਹੀਂ। ਪਾਰਟੀ ਦਾ ਨੁਕਸਾਨ ਵੀ ਨਹੀਂ ਹੋਣ ਦੇਣਾ। ਫਿਰ ਸਾਰੇ ਜਣੇ ਇਕੱਠੇ ਹੋਏ। ਵਾਪਸ ਜਾਣ ਲਈ ਸਾਰਿਆਂ ਨੇ ਗੱਲ ਕਰ ਲਈ। ਫਿਰ ਉਹ ਹੌਲੀ ਹੌਲੀ ਤੁਰ ਕੇ ਕਾਫੀ ਪਿੱਛੇ ਆ ਗਏ। ਲੱਗਦਾ ਸੀ ਕਿ ਪੁਲ ਤਾਂ ਬਹੁਤ ਪਿੱਛੇ ਰਹਿ ਗਿਆ ਸੀ। ਨਹਿਰ ਦੀ ਪਟੜੀ ਉਤੇ ਹੀ ਬੈਠ ਕੇ ਸਾਰੇ ਸਲਾਹ ਨਾਲ ਆਪੋ ਆਪਣੇ ਪਿੰਡਾਂ ਨੂੰ ਜਾਣ ਲਈ ਸਹਿਮਤ ਹੋ ਗਏ। ਫਿਰ ਈਸ਼ਰ ਕਹਿਣ ਲੱਗਾ, "ਭਰਾਵੋ, ਘਬਰਾਓ ਨਾ। ਮੁਸੀਬਤਾਂ ਤਾਂ ਆਪਾਂ ਨੂੰ ਆਉਣਗੀਆਂ ਪਰ ਅਸੀਂ ਤਾਂ ਅੱਗੇ ਜਾਣ ਲਈ ਸੋਚਣਾ ਹੈ। ਅੱਜ ਆਪੋ ਆਪਣੇ ਪਿੰਡਾਂ ਨੂੰ ਜਾਓ। ਮੈਂ, ਬੰਤਾ ਸਿੰਘ ਸੰਘਵਾਲ ਤੇ ਜਵੰਦ ਸਿੰਘ ਪਿੰਡ ਨੰਗਲ ਨੂੰ ਜਾਵਾਂਗੇ। ਏਥੋਂ ਅਸੀਂ ਲੁਧਿਆਣੇ ਤੋਂ ਗੱਡੀ ਫੜਾਂਗੇ। ਕੁਝ ਦਿਨ ਤੱਕ ਉਤਮ ਸਿੰਘ ਹਾਂਸ ਤੇ ਨੰਦ ਸਿੰਘ ਕੈਲੇ ਸਾਡੇ ਕੋਲ ਪਹੁੰਚ ਜਾਣ। ਸਾਰੇ ਉਧਰ ਜਾ ਕੇ ਸਾਥੀਆਂ ਨਾਲ ਮਿਲ ਕੇ ਨਵਾਂ ਪ੍ਰੋਗਰਾਮ ਉਲੀਕਾਂਗੇ।" ਕੁਝ ਚਿਰ ਬਾਅਦ ਉਹ ਤੁਰ ਪਏ। ਉਹ ਸਾਰੇ ਚੁੱਪ ਸਨ ਪਰ ਉਨ੍ਹਾਂ ਦੀ ਪੈੜ ਚਾਲ ਸੁਣ ਰਹੀ ਸੀ।

## ਬਾਰਾਂ

ਦੁਰਾਹੇ ਤੋਂ ਆਪਣੇ ਮਿਸ਼ਨ ਵਿੱਚ ਅਸਫਲ ਰਹਿ ਕੇ ਈਸ਼ਰ ਸਿੰਘ, ਜਵੰਦ ਸਿੰਘ ਤੇ ਬੰਤਾ ਸਿੰਘ ਸੰਘਵਾਲ ਦਿਨ ਚੜ੍ਹਦੇ ਨਾਲ ਲੁਧਿਆਣਾ ਰੇਲਵੇ ਸਟੇਸ਼ਨ ਉਤੇ ਆ ਗਏ। ਦੁਰਾਹਾ ਪੁਲ ਉਤੇ ਲੱਗੀ ਗਾਰਦ ਕੋਲੋਂ ਕੋਈ ਹਥਿਆਰ ਨਾ ਖੋਹ ਸਕੇ ਪਰ ਉਨ੍ਹਾਂ ਨੇ ਦਿਲ ਨਾ ਛੱਡਿਆ। ਸਟੇਸ਼ਨ ਉਤੇ ਬੈਠ ਕੇ ਉਨ੍ਹਾਂ ਨਵਾਂ ਪ੍ਰੋਗਰਾਮ ਉਲੀਕ ਲਿਆ। ਅਸਲ ਵਿੱਚ ਗਦਰ ਪਾਰਟੀ ਨੇ ਆਪਣੇ ਮੈਂਬਰਾਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਗਦਰ ਮਚਾਉਣ ਦਾ ਜੋ ਪ੍ਰੋਗਰਾਮ ਦਿੱਤਾ ਸੀ ਉਸ ਅਨੁਸਾਰ ਸਾਰੇ ਗਦਰੀ ਆਪਣੀਆਂ ਜਾਨਾਂ ਤੱਕ ਵਾਰਨ ਲਈ ਦਿਲੋਂ ਤਿਆਰ ਹੋ ਗਏ ਸਨ। ਦਿਨ ਰਾਤ ਹਰ ਕਸ਼ਟ ਦਾ ਉਹ ਸਾਹਮਣਾ ਕਰਨ ਲਈ ਤਿਆਰ ਸਨ। ਹੁਣ ਨਵੀਂ ਸਕੀਮ ਅਨੁਸਾਰ ਬੰਤਾ ਸਿੰਘ ਤੇ ਜਵੰਦ ਸਿੰਘ ਆਪੋ ਆਪਣੇ ਪਿੰਡਾਂ ਨੂੰ ਜਾਣਗੇ। ਈਸ਼ਰ ਸਿੰਘ ਗੁਰਾਇਆ ਦੇ ਲਾਗਲੇ ਪਿੰਡ ਡੱਲੇਵਾਲ ਜਾਵੇਗਾ। ਉਹ ਡੱਲੇਵਾਲ ਦੇ ਆਪਣੇ ਪੁਰਾਣੇ ਸਾਥੀ ਹਰਦਿੱਤ ਸਿੰਘ ਨੂੰ ਨਾਲ ਲੈ ਕੇ ਬਿੰਝੋਂ ਪਿੰਡ ਵਾਲੀ ਸਾਧ ਦੀ ਕੁਟੀਆ ਵਿੱਚ ਪਹੁੰਚ ਜਾਵੇਗਾ। ਬੰਤਾ ਸਿੰਘ ਆਉਂਦਾ ਹੋਇਆ ਪਿਆਰਾ ਸਿੰਘ ਲੰਗੇਰੀ ਨੂੰ ਲੈ ਕੇ ਆਏਗਾ ਤੇ ਜਵੰਦ ਸਿੰਘ ਨੰਗਲ ਵੀਰ ਸਿੰਘ ਬਾਹੋਵਾਲ ਨੂੰ। ਬਿੰਝੋਂ ਦੀ ਕੁਟੀਆ ਵਿੱਚ ਸਭ ਇਕੱਠੇ ਹੋਣਗੇ। ਜਿਥੇ ਕਿ ਮੀਟਿੰਗ ਕੀਤੀ ਜਾਵੇਗੀ।

ਈਸ਼ਰ ਸਿੰਘ ਗੁਰਾਇਆ ਤੋਂ ਹੋ ਕੇ ਦਿਨ ਢਲਦੇ ਨਾਲ ਪਿੰਡ ਡੱਲੇਵਾਲ ਪਹੁੰਚ

ਗਿਆ ਤੇ ਹਰਦਿੱਤ ਸਿੰਘ ਨੂੰ ਜਾ ਮਿਲਿਆ। ਹਰਦਿੱਤ ਸਿੰਘ ਬਹੁਤ ਚੁਸਤ ਚਲਾਕ ਤੇ ਦਰਸ਼ਨੀ ਨੌਜਵਾਨ ਸੀ। ਉਸ ਦਾ ਬਾਪ ਘਰੋਂ ਰੱਜਿਆ ਪੁੱਜਿਆ ਬੰਦਾ ਸੀ। ਹਰਦਿੱਤ ਸਿੰਘ ਨੇ ਕੈਨੇਡਾ ਤੋਂ ਵਾਪਸ ਘਰ ਆ ਕੇ ਆਪਣੇ ਬਾਪ ਨੂੰ ਕਹਿ ਦਿੱਤਾ ਸੀ ਕਿ ਉਹ ਤਾਂ ਗਦਰ ਪਾਰਟੀ ਦਾ ਬੰਦਾ ਹੈ ਤੇ ਹੁਣ ਉਹ ਗਦਰ ਪਾਰਟੀ ਦੇ ਹੁਕਮ ਅਨੁਸਾਰ ਹੀ ਕੰਮ ਕਰੇਗਾ। ਗਦਰ ਮਚਾਉਣ ਨਾਲ ਹੀ ਸਾਡਾ ਦੇਸ਼ ਅਜ਼ਾਦ ਹੋ ਸਕੇਗਾ। ਪੁੱਤਰ ਦੀ ਬੇਬਾਕ ਗੱਲ ਸੁਣ ਕੇ ਬਾਪ ਬਹੁਤ ਖੁਸ਼ ਹੋਇਆ। ਆਪਣੇ ਪੁੱਤਰ ਨੂੰ ਥਾਪੀ ਦੇ ਕੇ ਬਾਪ ਕਹਿਣ ਲੱਗਾ, "ਜੇ ਤੂੰ ਦੇਸ਼ ਦੀ ਅਜ਼ਾਦੀ ਦੀ ਖਾਤਰ ਕੰਮ ਕਰੇਂਗਾ ਤਾਂ ਮੇਰੇ ਲਈ ਇਹ ਸਭ ਤੋਂ ਮਾਣ ਵਾਲੀ ਗੱਲ ਹੋਵੇਗੀ। ਤੂੰ ਦੇਸ਼ ਲਈ ਕੰਮ ਕਰ ਪਰ ਘਰ ਦਾ ਫਿਕਰ ਨਾ ਕਰੀਂ।" ਉਸ ਦਿਨ ਤੋਂ ਬਾਅਦ ਹਰਦਿੱਤ ਸਿੰਘ ਖੁੱਲ੍ਹੇ ਦਿਲ ਨਾਲ ਬੇਖੌਫ ਹੋ ਕੇ ਗਦਰ ਪਾਰਟੀ ਵਿੱਚ ਕੰਮ ਕਰਨ ਲੱਗਾ।

ਈਸ਼ਰ ਸਿੰਘ ਨੂੰ ਮਿਲ ਕੇ ਹਰਦਿੱਤ ਸਿੰਘ ਬਹੁਤ ਖੁਸ਼ ਹੋਇਆ। ਈਸ਼ਰ ਨੇ ਉਸ ਨੂੰ ਆਪਣੀ ਸਾਰੀ ਸਕੀਮ ਦੱਸ ਦਿੱਤੀ। ਅਗਲੇ ਦਿਨ ਉਹ ਵੀਰ ਸਿੰਘ ਦੇ ਪਿੰਡ ਬਾਹੋਵਾਲ ਪਹੁੰਚ ਗਏ। ਵੀਰ ਸਿੰਘ ਪਾਰਟੀ ਦਾ ਪੁਰਾਣਾ ਵਫਾਦਾਰ ਸਾਥੀ ਸੀ। ਢੁੱਡੀਕੇ ਪਿੰਡ ਦੇ ਗਦਰੀਆਂ ਨਾਲ ਉਸ ਦਾ ਸੰਪਰਕ ਬਣਿਆ ਰਹਿੰਦਾ ਸੀ। ਵੀਰ ਸਿੰਘ ਦੀ ਸਹਾਇਤਾ ਨਾਲ ਉਹ ਕਈ ਦਿਨ ਇਸ ਇਲਾਕੇ ਵਿੱਚ ਘੁੰਮਦੇ ਰਹੇ। ਕਈ ਫੌਜੀ ਭਰਾਵਾਂ ਨੂੰ ਮਿਲੇ। ਬਹੁਤ ਸਾਰੇ ਬਿਦੇਸ਼ਾਂ ਵਿੱਚੋਂ ਆਏ ਬੰਦੇ ਮਿਲ ਗਏ। ਉਹ ਤਿੰਨੇ ਜਿੱਥੇ ਵੀ ਜਾਂਦੇ ਦੇਸ਼ ਦੀ ਗੁਲਾਮੀ ਦੀ ਗੱਲ ਕਰਦੇ। ਲੋਕਾਂ ਦੀ ਮੰਦੀ ਹਾਲਤ ਦੀ ਗੱਲ ਕਰਦੇ। ਨਿੱਤ ਨਵੇਂ ਲੱਗ ਰਹੇ ਟੈਕਸਾਂ ਦੀ ਗੱਲ ਕਰਦੇ। ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਗੱਲ ਛੇੜਦੇ। ਕਿਤੇ ਕਾਮਾਗਾਟਾ ਮਾਰੂ ਜਹਾਜ਼ ਦੀ ਗੱਲ ਕਰਕੇ ਇਸ ਜਹਾਜ਼ ਦੇ ਮੁਸਾਫਰਾਂ ਦੀ ਦੁੱਖਾਂ ਭਰੀ ਕਹਾਣੀ ਸੁਣਾਉਂਦੇ ਕਿ ਅੰਗਰੇਜ਼ਾਂ ਨੇ ਕਿਵੇਂ ਭਾਰਤੀਆਂ ਉਤੇ ਜ਼ੁਲਮ ਕੀਤਾ ਹੈ। ਮੁਸਾਫਰ ਭੁੱਖੇ ਤਿਹਾਏ ਕਿੰਨਾ ਸਮਾਂ ਸਮੁੰਦਰ ਵਿੱਚ ਡੱਕ ਕੇ ਰੱਖੇ। ਉਨ੍ਹਾਂ ਨੂੰ ਕੈਨੇਡਾ ਦੀ ਧਰਤੀ ਉਤੇ ਪੈਰ ਨਾ ਧਰਨ ਦਿੱਤਾ ਤੇ ਉਸੇ ਤਰ੍ਹਾਂ ਕਲਕੱਤੇ ਨੂੰ ਜਹਾਜ਼ ਵਾਪਸ ਮੋੜ ਦਿੱਤਾ ਜਿਥੇ ਉਨ੍ਹਾਂ ਉਤੇ ਅੰਨ੍ਹੇਵਾਹ ਗੋਲੀ ਚਲਾਈ ਗਈ। ਹਰਦਿੱਤ ਸਿੰਘ ਸਰਹਾਲੀ ਜਿਸ ਨੇ ਜਹਾਜ਼ ਕਿਰਾਏ ਉਤੇ ਲਿਆ ਸੀ, ਉਸ ਦਾ ਹਾਲੇ ਤੱਕ ਵੀ ਪਤਾ ਨਹੀਂ ਕਿ ਉਹ ਕਿਥੇ ਹੈ। ਦੇਸ਼ ਵਿੱਚ ਬੱਸ ਥਾਂ ਥਾਂ ਗਦਰ ਮਚਾਉਣਾ ਪਏਗਾ। ਗਦਰ ਬੱਸ ਗਦਰ।

ਤਿੰਨੇ ਸਾਥੀ ਹਰ ਰੋਜ਼ ਕਈ ਕਈ ਕੋਹ ਪੈਦਲ ਸਫਰ ਕਰਦੇ। ਨਾ ਉਨ੍ਹਾਂ ਨੂੰ ਖਾਣ ਪੀਣ ਦੀ ਕੋਈ ਚਿੰਤਾ ਤੇ ਨਾ ਪਹਿਨਣ ਦੀ। ਉਨ੍ਹਾਂ ਦੇ ਕੱਪੜੇ ਮਿੱਟੀ ਘੱਟੇ ਨਾਲ ਭਰ ਜਾਂਦੇ। ਬੱਸ ਉਹ ਦਿਨ ਰਾਤ ਤੁਰੇ ਫਿਰਦੇ। ਕਣਕਾਂ ਨੇ ਰੰਗ ਵਟਾ ਲਿਆ ਸੀ। ਲੋਕਾਂ ਨੇ ਗੁੜ ਬਨਾਉਣ ਲਈ ਪਿੰਡਾਂ ਵਿੱਚ ਘੁਲਾੜੀਆਂ ਚਾਲੂ ਕਰ ਲਈਆਂ ਸਨ। ਹਰ ਕਿਰਸਾਨ ਦਾ ਯਤਨ ਹੁੰਦਾ ਹੈ ਕਿ ਹਾੜ੍ਹੀ ਲੱਗਣ ਤੋਂ ਪਹਿਲਾਂ ਗੰਨੇ ਪੀੜ ਕੇ ਗੁੜ ਬਣਾ ਲਿਆ ਜਾਵੇ। ਜਿਸ ਕਰਕੇ ਘੁਲਾੜੀਆਂ ਦਿਨ ਰਾਤ ਚੱਲਦੀਆਂ। ਈਸ਼ਰ ਹੋਰੀਂ ਬਾਹਰ ਅੰਦਰ ਤੁਰੇ ਫਿਰਦੇ ਕਿਸੇ ਘੁਲਾੜੀ ਕੋਲੋਂ ਲੰਘਦੇ ਤਾਂ ਦੋ ਚਾਰ ਗੰਨੇ ਉਥੋਂ ਲੈ ਆਉਂਦੇ। ਕਈ

ਬੰਦੇ ਤਾਂ ਮੱਲੋਮੱਲੀ ਤੱਤਾ ਤੱਤਾ ਗੁੜ ਖਵਾ ਕੇ ਤੋਰਦੇ। ਇਉਂ ਉਨ੍ਹਾਂ ਨੂੰ ਭੁੱਖ ਤੇਹ ਯਾਦ ਨਾ ਰਹਿੰਦੀ ਤੇ ਇਸੇ ਤਰ੍ਹਾਂ ਉਹ ਲੋਕਾਂ ਵਿੱਚ ਘੁੰਮਦੇ ਰਹਿੰਦੇ।

ਕਈ ਦਿਨਾਂ ਬਾਅਦ ਉਹ ਤਿੰਨੇ ਜਣੇ ਬਿੰਝੋਂ ਪਿੰਡ ਦੇ ਲਾਗਲੀ ਸਾਧ ਦੀ ਕੁਟੀਆ ਨੂੰ ਚੱਲ ਪਏ। ਈਸ਼ਰ ਸੋਚਦਾ ਸੀ ਕਿ ਬਹੁਤ ਦਿਨ ਹੋ ਗਏ ਬੰਤਾ ਸਿੰਘ ਤੇ ਜਵੰਦ ਸਿੰਘ ਹੋਰੀਂ ਨਹੀਂ ਮਿਲੇ। ਉਤਮ ਸਿੰਘ ਹਾਂਸ ਤੇ ਨੰਦ ਸਿੰਘ ਕੈਲੇ ਨੇ ਵੀ ਜਵੰਦ ਸਿੰਘ ਦੇ ਪਿੰਡ ਨੰਗਲ ਪਹੁੰਚਣਾ ਸੀ। ਇਸ ਬਾਰੇ ਵੀ ਪਤਾ ਲੱਗ ਜਾਏਗਾ। ਬਿੰਝੋਂ ਵਾਲੀ ਕੁਟੀਆ ਉਨ੍ਹਾਂ ਦਾ ਪੱਕਾ ਅੱਡਾ ਸੀ। ਦਿਨ ਢਲੇ ਉਹ ਕੁਟੀਆ ਪਹੁੰਚ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕੁਟੀਆ ਵਾਲੇ ਬਾਬੇ ਦੇ ਪੈਰੀਂ ਹੱਥ ਲਾਏ। ਇਹ ਬਾਬਾ ਬੜਾ ਭਲਾਮਾਣਸ ਤੇ ਰੱਬ ਦੀ ਭਜਨ ਬੰਦਗੀ ਕਰਨ ਵਾਲਾ ਬੰਦਾ ਸੀ। ਸਭ ਤੋਂ ਪਹਿਲਾਂ ਏਥੇ ਜਵੰਦ ਸਿੰਘ ਨੰਗਲ ਆਉਂਦਾ ਸੀ। ਉਸ ਦੀ ਕਰਕੇ ਹੋਰ ਗਦਰੀ ਵੀ ਆ ਜਾਂਦੇ। ਬਾਬਾ ਗਦਰੀ ਦੇਸ਼ ਭਗਤਾਂ ਦੀ ਬੜੀ ਕਦਰ ਕਰਦਾ ਸੀ। ਉਨ੍ਹਾਂ ਨੂੰ ਰੋਟੀ ਪਾਣੀ ਛਕਾਉਂਦਾ ਤੇ ਰਾਤ ਨੂੰ ਟਿਕਣ ਲਈ ਮੰਜਾ ਬਿਸਤਰਾ ਵੀ ਦੇ ਦਿੰਦਾ। ਇਸ ਡੇਰੇ ਨੂੰ ਸੁਰੱਖਿਅਤ ਵੇਖ ਕੇ ਗਦਰੀ ਏਥੇ ਆਪਣੀਆਂ ਗੁਪਤ ਮੀਟਿੰਗਾਂ ਵੀ ਕਰ ਲੈਂਦੇ। ਕੁਟੀਆ ਦੀ ਸੰਘਣੀ ਛਾਂ ਤੇ ਸ਼ਾਂਤ ਵਾਤਾਵਰਣ ਨੇ ਇਸ ਜਗ੍ਹਾ ਨੂੰ ਹੋਰ ਵੀ ਰਮਣੀਕ ਬਣਾ ਦਿੱਤਾ ਸੀ। ਅੱਜ ਵੀ ਬਾਬਾ ਈਸ਼ਰ ਹੋਰਾਂ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਉਸ ਦਾ ਇੱਕ ਚੇਲਾ ਝੱਟ ਪਾਣੀ ਲੈ ਆਇਆ।

ਬਾਬੇ ਨਾਲ ਗੱਲਬਾਤ ਕਰਕੇ ਈਸ਼ਰ ਹੋਰੀਂ ਪਿੱਪਲ ਹੇਠਾਂ ਆ ਕੇ ਬੈਠ ਗਏ। ਈਸ਼ਰ ਸੋਚ ਰਿਹਾ ਸੀ ਕਿ ਅੱਜ ਏਥੇ ਰਾਤ ਕੱਟ ਕੇ ਕੱਲ੍ਹ ਨੂੰ ਜਵੰਦ ਸਿੰਘ ਕੋਲ ਜਾਵਾਂਗੇ।

"ਯਾਰ ਆਪਾਂ ਨੂੰ ਬਾਬੇ ਦਾ ਬਹੁਤ ਆਸਰਾ। ਨਹੀਂ ਕਿਹੜਾ ਅਜਿਹਾ ਬੰਦਾ ਜਿਹੜਾ ਵਿਹਲਿਆਂ ਨੂੰ ਲੰਗਰ ਦਿੰਦਾ!" ਵੀਰ ਸਿੰਘ ਨੇ ਸਧਾਰਨ ਗੱਲ ਕੀਤੀ। ਤਿੰਨੇ ਸਾਥੀ ਰਾਤ ਨੂੰ ਕੁਟੀਆ ਵਿੱਚ ਹੀ ਟਿਕੇ ਰਹੇ। ਸਵੱਖਤੇ ਉਠ ਕੇ ਤਿੰਨਾਂ ਨੇ ਇਸ਼ਨਾਨ ਕੀਤਾ। ਫਿਰ ਉਨ੍ਹਾਂ ਨੇ ਜਵੰਦ ਸਿੰਘ ਨੂੰ ਮਿਲਣ ਲਈ ਉਸ ਦੇ ਪਿੰਡ ਜਾਣ ਦਾ ਮਨ ਬਣਾ ਲਿਆ। ਉਹ ਹਾਲੇ ਕੁਟੀਆ ਤੋਂ ਤੁਰਨ ਹੀ ਲੱਗੇ ਸਨ ਕਿ ਜਵੰਦ ਸਿੰਘ ਨੇ ਕੁਟੀਆ ਵਿੱਚ ਆ ਸਿਰ ਕੱਢਿਆ। ਵਾਹ! ਸਾਡੇ ਲਈ ਦਿਨ ਵੀ ਉਹੀ ਤੇ ਰਾਤ ਵੀ ਉਹੀ। ਜਵੰਦ ਸਿੰਘ ਸਾਰਿਆਂ ਨੂੰ ਮਿਲਿਆ। ਫਿਰ ਉਹ ਬਾਬੇ ਦੇ ਪੈਰੀਂ ਹੱਥ ਲਾ ਕੇ ਈਸ਼ਰ ਹੋਰਨਾਂ ਕੋਲ ਪਿੱਪਲ ਥੱਲੇ ਆ ਬੈਠਾ।

"ਮੈਂ ਤਾਂ ਭਰਾਵੋ ਉਡੀਕ ਉਡੀਕ ਕੇ ਅੱਜ ਤੁਰ ਪਿਆ। ਮੈਨੂੰ ਉਸ ਦਿਨ ਦਾ ਕੋਈ ਬੰਦਾ ਨਹੀਂ ਮਿਲਿਆ। ਕੁਟੀਆ ਵੱਲ ਤਾਂ ਮੈਂ ਜੱਕੋ ਤੱਕੀ ਵਿੱਚ ਹੀ ਆ ਗਿਆ। ਮਖ ਉਥੋਂ ਕਿਸੇ ਦਾ ਪਤਾ ਤਾਂ ਲੱਗ ਜਾਊਗਾ। ਚੰਗਾ ਹੋਇਆ ਤੁਸੀਂ ਟੱਕਰ ਪਏ !" ਜਵੰਦ ਸਿੰਘ ਨੇ ਆਪਣੀ ਗੱਲ ਦੱਸੀ। "ਭਰਾਵੋ ਅਸੀਂ ਤਾਂ ਹੁਣ ਨੰਗਲ ਵੱਲ ਚਾਲੇ ਪਾਉਣ ਲੱਗੇ ਸੀ। ਜੇ ਤੂੰ ਹੋਰ ਝੱਟ ਕੁ ਨਾ ਆਉਂਦਾ ਤਾਂ ਅਸੀਂ ਤੁਰ ਪੈਣਾ ਸੀ!" ਵੀਰ ਸਿੰਘ ਬਾਹੋਵਾਲ ਬੋਲਿਆ।

ਚਾਰੇ ਸਾਥੀਆਂ ਨੇ ਫਿਰ ਵਿਚਾਰ ਕੀਤੀ ਕੀ ਈਸ਼ਰ ਸਿੰਘ ਤੇ ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ ਕੋਲ ਜਾ ਕੇ ਉਸ ਦਾ ਪਤਾ ਕਰਨਗੇ। ਦੂਜੇ ਦੋਵੇਂ ਸਾਥੀ ਬਾਹੋਵਾਲ ਚਲੇ ਜਾਣਗੇ। ਦੋ ਦਿਨ ਬਾਅਦ ਉਹ ਫਿਰ ਇਸੇ ਕੁਟੀਆ ਵਿੱਚ ਆ ਜਾਣਗੇ ਤੇ ਉਹ ਆ ਕੇ ਪਹਿਲਾਂ ਸੁਨੇਹਾ ਭੇਜਣਗੇ। ਫਿਰ ਈਸ਼ਰ ਸਿੰਘ ਤੇ ਜਵੰਦ ਸਿੰਘ ਨੰਗਲ ਬੰਤਾ ਸਿੰਘ ਨੂੰ ਮਿਲਣ ਕੁਟੀਆ ਤੋਂ ਤੁਰ ਪਏ। ਬਿੰਝੋਂ ਤੋਂ ਉਨ੍ਹਾਂ ਨੇ ਫਗਵਾੜੇ ਤੋਂ ਹੋ ਕੇ ਜਲੰਧਰ ਪਹੁੰਚਣਾ ਸੀ। ਉਥੋਂ ਅੱਗੇ ਉਹ ਬੰਤਾ ਸਿੰਘ ਕੋਲ ਚਲੇ ਜਾਣਗੇ। ਉਹ ਤੁਰ ਤਾਂ ਪਏ ਪਰ ਈਸ਼ਰ ਦੇ ਦਿਮਾਗ ਵਿੱਚ ਇੱਕ ਹੋਰ ਗੱਲ ਆ ਰਹੀ ਸੀ ਕਿ ਉਤਮ ਸਿੰਘ ਤੇ ਨੰਦ ਸਿੰਘ ਕੈਲੇ ਨੇ ਤਾਂ ਹੁਣ ਤੱਕ ਇਧਰ ਆ ਜਾਣਾ ਸੀ। ਉਹ ਵੀ ਹੁਣ ਤੱਕ ਨਹੀਂ ਆਏ। ਇਨ੍ਹਾਂ ਸੋਚਾਂ ਵਿੱਚ ਹੀ ਉਹ ਸ਼ਾਮ ਨੂੰ ਬੰਤਾ ਸਿੰਘ ਦੇ ਪਿੰਡ ਜਾ ਪਹੁੰਚੇ। ਬੰਤਾ ਸਿੰਘ ਅੱਗੇ ਬਹੁਤ ਉਦਾਸ ਬੈਠਾ ਸੀ। ਪਾਣੀ ਪੀ ਕੇ ਉਹ ਬੰਤਾ ਸਿੰਘ ਵੱਲ ਦੇਖ ਰਹੇ ਸਨ।

"ਗੱਲ ਬਹੁਤ ਖਰਾਬ ਹੋ ਗਈ!" ਬੰਤਾ ਸਿੰਘ ਮਸਾਂ ਬੋਲਿਆ।

"ਮੈਂ ਅੱਜ ਹੀ ਜਲੰਧਰ ਗਿਆ ਸੀ, ਉਥੇ ਮੈਨੂੰ ਅਜੀਬ ਗੱਲਾਂ ਸੁਣਨ ਨੂੰ ਮਿਲੀਆਂ!"

"ਕੀ ਗੱਲ ਹੋ ਗਈ? " ਈਸ਼ਰ ਇਕਦਮ ਝੰਜੋੜਿਆ ਗਿਆ।

"ਮੈਨੂੰ ਪਤਾ ਲੱਗਾ ਕਿ ਕਰਤਾਰ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਤਿੰਨੇ ਪੁਲਸ ਨੇ ਗ੍ਰਿਫਤਾਰ ਕਰ ਲਏ!"

ਇਹ ਖਬਰ ਸੁਣ ਕੇ ਜਿਵੇਂ ਸਾਰਿਆਂ ਉਤੇ ਬਿਜਲੀ ਆ ਡਿੱਗੀ। ਸਾਰੇ ਇਕਦਮ ਹੈਰਾਨ ਪਰੇਸ਼ਾਨ ਹੋ ਗਏ। ਉਹ ਮੁੜ ਮੁੜ ਬੰਤਾ ਸਿੰਘ ਵੱਲ ਵੇਖ ਰਹੇ ਸਨ। ਈਸ਼ਰ ਨੂੰ ਪਤਾ ਸੀ ਕਿ ਬੰਤਾ ਸਿੰਘ ਜਲੰਧਰ ਪੜ੍ਹਦਾ ਰਿਹਾ ਹੈ। ਉਹ ਪੰਜਾਬੀ, ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਚੰਗੀ ਮੁਹਾਰਤ ਰੱਖਦਾ ਹੈ। ਉਹ ਬਹੁਤ ਸੁਲਝਿਆ ਹੋਇਆ ਬੰਦਾ ਹੈ। ਉਸ ਦੀ ਸੂਚਨਾ ਗਲਤ ਨਹੀਂ ਹੋ ਸਕਦੀ। ਜੇਕਰ ਕਰਤਾਰ ਸਰਾਭਾ ਵਰਗਾ ਗਦਰੀ ਆਗੂ ਗ੍ਰਿਫਤਾਰ ਹੋ ਗਿਆ ਤਾਂ ਦੂਜਿਆਂ ਦਾ ਕੀ ਬਣੇਗਾ। ਇਹ ਤਾਂ ਸਮਝੋ ਗਦਰ ਪਾਰਟੀ ਦਾ ਕਿਲ੍ਹਾ ਢਹਿ ਗਿਆ। ਸਰਾਭਾ ਤਾਂ ਪਾਰਟੀ ਦੀ ਰੂਹ ਸੀ। ਕਿੰਨਾ ਈ ਚਿਰ ਕਿਸੇ ਤੋਂ ਕੋਈ ਗੱਲ ਨਾ ਕਰ ਹੋਈ।

"ਮੇਰਾ ਤਾਂ ਅੱਗੇ ਹੀ ਮੱਥਾ ਠਣਕਦਾ ਸੀ ਕਿ ਬੰਤਾ ਸਿੰਘ ਤੇ ਪਿਆਰਾ ਸਿੰਘ ਲੰਗੇਰੀ ਨੂੰ ਕੀ ਹੋ ਗਿਆ। ਉਨ੍ਹਾਂ ਨੇ ਤਾਂ ਹੁਣ ਸਾਡੇ ਵੱਲ ਆ ਜਾਣਾ ਸੀ। ਬਹੁਤ ਹੀ ਮਾੜਾ ਹੋਇਆ!" ਜਵੰਦ ਸਿੰਘ ਬੋਲਿਆ। "ਹੁਣ ਆਪਾਂ ਕੀ ਕਰੀਏ? " ਬੰਤਾ ਸਿੰਘ ਬੋਲਿਆ। ਕਿਸੇ ਨੂੰ ਕੋਈ ਗੱਲ ਨਹੀਂ ਸੀ ਸੁੱਝ ਰਹੀ।

"ਉਤਮ ਸਿੰਘ ਹਾਂਸ ਤੇ ਨੰਦ ਸਿੰਘ ਹੋਰਾਂ ਨੇ ਵੀ ਇਧਰ ਆਉਣਾ ਸੀ। ਉਹ ਵੀ ਨਹੀਂ ਆਏ।" ਈਸ਼ਰ ਬੋਲਿਆ।

"ਤੂੰ ਇਸ ਤਰ੍ਹਾਂ ਕਰ ਕਿ ਏਥੋਂ ਸਿੱਧਾ ਜਗਰਾਓਂ ਚਲਾ ਜਾਹ। ਅੱਗੇ ਜਾ ਕੇ

ਉਤਮ ਸਿੰਘ ਹੋਰਾਂ ਦਾ ਪਤਾ ਕਰ। ਫਿਰ ਅਗਲੇ ਦਿਨ ਬਿੰਝੋਂ ਵਾਲੀ ਕੁਟੀਆ ਵਿੱਚ ਹੀ ਆ ਜਾਵੀਂ। ਅਸੀਂ ਸਾਰੇ ਜਣੇ ਉਥੇ ਪਹੁੰਚ ਜਾਵਾਂਗੇ। ਉਤਮ ਸਿੰਘ ਨੂੰ ਨਾਲ ਲੈ ਕੇ ਆਵੀਂ!" ਬੰਤਾ ਸਿੰਘ ਨੇ ਆਪਣੀ ਰਾਏ ਦਿੱਤੀ। ਫਿਰ ਈਸ਼ਰ ਜਗਰਾਓਂ ਜਾਣ ਲਈ ਤਿਆਰ ਹੋ ਗਿਆ। ਪਰ ਉਸ ਦਾ ਦਿਲ ਜਿਵੇਂ ਟੁੱਟਿਆ ਪਿਆ ਸੀ। ਉਸ ਦੀਆਂ ਅੱਖਾਂ ਅੱਗੇ ਕਰਤਾਰ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰ ਸਿੰਘ ਦੀਆਂ ਤਸਵੀਰਾਂ ਘੁੰਮ ਰਹੀਆਂ ਸਨ।

## ਤੋਰਾਂ

ਈਸ਼ਰ ਸਿੰਘ ਨੇ ਘਰ ਦਾ ਦਰਵਾਜ਼ਾ ਇਸ ਤਰ੍ਹਾਂ ਖੋਲ੍ਹਿਆ ਜਿਵੇਂ ਉਹ ਆਪਣੇ ਘਰ ਆਇਆ ਹੋਵੇ। ਦਿਨ ਢਲ ਗਿਆ ਸੀ। ਸਾਹਮਣੇ ਕੰਧ ਦੇ ਪਰਛਾਵੇਂ ਹੇਠ ਉਤਮ ਸਿੰਘ ਦੀ ਮਾਂ ਮੰਜੀ ਉਤੇ ਬੈਠੀ ਨਜ਼ਰ ਆਈ। ਇਸ ਘਰ ਵਿੱਚ ਈਸ਼ਰ ਦੀ ਕਾਫੀ ਆਉਣੀ ਜਾਣੀ ਸੀ। ਈਸ਼ਰ ਨੇ ਜਾ ਕੇ ਮਾਂ ਦੇ ਪੈਰੀਂ ਹੱਥ ਲਾਏ।

"ਮਾਂ ਸਦਕੇ। ਪੁੱਤਰ ਜਿਉਂਦਾ ਰਹੇਂ। ਜਵਾਨੀਆਂ ਮਾਣੇ !" ਮਾਂ ਨੇ ਈਸ਼ਰ ਨੂੰ ਕਿੰਨੀਆਂ ਹੀ ਅਸੀਸਾਂ ਦਿੱਤੀਆਂ।

"ਰਾਘੋ ਵੀ ਹਾਲੇ ਤੁਰਿਆ ਆਇਆ। ਸਵੇਰ ਦਾ ਕਾਲ ਗੜ੍ਹ ਨੂੰ ਗਿਆ ਸੀ!" ਮਾਂ ਨੇ ਫੇਰ ਗੱਲ ਤੋਰੀ। ਉਤਮ ਸਿੰਘ ਘਰ ਵਿੱਚ ਰਾਘੋ ਦੇ ਨਾਮ ਨਾਲ ਬਹੁਤਾ ਬੁਲਾਇਆ ਜਾਂਦਾ ਸੀ। ਉਤਮ ਸਿੰਘ ਵੀ ਅੰਦਰੋਂ ਆ ਗਿਆ। ਦੋਵੇਂ ਦੋਸਤ ਇਕ ਦੂਜੇ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਉਤਮ ਸਿੰਘ ਬਾਹਰਲਾ ਦਰਵਾਜ਼ਾ ਬੰਦ ਕਰ ਆਇਆ। ਦੋਵੇਂ ਸਾਥੀ ਅੰਦਰ ਆ ਕੇ ਬੈਠ ਗਏ। ਮਾਂ ਦੋਹਾਂ ਲਈ ਗਿਲਾਸਾਂ ਵਿੱਚ ਦੁੱਧ ਪਾ ਲਿਆਈ।

"ਤੈਨੂੰ ਕਰਤਾਰ ਸਰਾਭੇ ਦਾ ਪਤਾ ਲੱਗ ਪਿਆ? " ਈਸ਼ਰ ਬੋਲਿਆ।

"ਹਾਂ ਉਨ੍ਹਾਂ ਦਾ ਪਤਾ ਲੱਗ ਗਿਆ। ਇਹ ਤਾਂ ਪੁੱਜ ਕੇ ਮਾੜੀ ਗੱਲ ਹੋਈ।

"ਸਰਾਭੇ ਦੀ ਗ੍ਰਿਫਤਾਰੀ ਨਾਲ ਤਾਂ ਦਿਲ ਹੀ ਟੁੱਟ ਗਿਆ!"

"ਇਧਰ ਨੰਦ ਸਿੰਘ ਕੈਲੇ ਦਾ ਪਤਾ ਲੱਗ ਗਿਆ!" ਉਤਮ ਸਿੰਘ ਜ਼ਰਾ ਉਦਾਸ ਹੋ ਗਆ।

"ਉਸ ਨੂੰ ਕੀ ਹੋ ਗਿਆ? " ਈਸ਼ਰ ਇਕਦਮ ਹੈਰਾਨ ਹੋ ਗਿਆ।

"ਉਸ ਨੂੰ ਪਿੰਡ ਦੇ ਹੀ ਇੱਕ ਬੰਦੇ ਨੇ ਪਿੰਡ ਵਿੱਚ ਹੀ ਪੁਲਸ ਨੂੰ ਫੜਾ ਦਿੱਤਾ!"

"ਓ..ਹੋ...ਅ!" ਈਸ਼ਰ ਇਕਦਮ ਝੰਜੋੜਿਆ ਗਿਆ। ਉਸ ਦੇ ਸਾਹਮਣੇ ਨੰਦ ਸਿੰਘ ਕੈਲੇ ਦੀ ਤਸਵੀਰ ਘੁੰਮਣ ਲੱਗੀ। ਦੁਰਾਹੇ ਦੇ ਹੋਲਵੇ ਪੁਲ ਉਤੇ ਹਮਲਾ ਕਰਨ ਸਮੇਂ ਨੰਦ ਸਿੰਘ ਕੈਲੇ ਉਨ੍ਹਾਂ ਦੇ ਨਾਲ ਸੀ। ਝੋਲੇ ਵਿੱਚ ਆਪਣੇ ਹੱਥੀਂ ਬਣਾਏ ਬੰਬ ਲੈ ਕੇ ਗਿਆ ਸੀ। ਬੜਾ ਨਿਧੜਕ ਬੰਦਾ ਸੀ।

"ਚੁਗਲੀ ਕਰਨ ਵਾਲੇ ਬੰਦੇ ਦਾ ਪਤਾ ਨਹੀਂ ਲੱਗਾ? "

"ਪਤਾ ਤਾਂ ਲੱਗ ਗਿਆ ਪਰ ਹੁਣ ਉਹ ਕਿਤੇ ਬਾਹਰ ਅੰਦਰ ਛੁਪਿਆ ਫਿਰਦੈ। ਅੱਜ

ਵੀ ਮੈਂ ਬੂਟਾ ਸਿੰਘ ਅਕਾਲਗੜ੍ਹ ਕੋਲ ਏਸੇ ਕੰਮ ਗਿਆ ਸੀ। ਬੂਟਾ ਸਿੰਘ ਨੂੰ ਕੁਝ ਪਤਾ ਲੱਗਾ ਬਈ ਉਹ ਗਾਲਬ ਪਿੰਡ ਜਾ ਕੇ ਰਹਿਣ ਲੱਗ ਪਿਆ!"

"ਕੋਈ ਗੱਲ ਨਹੀਂ। ਉਸ ਦਾ ਪਤਾ ਜ਼ਰੂਰ ਕਰਾਂਗੇ ਤੇ ਉਸ ਨੂੰ ਕਿਸੇ ਕੀਮਤ ਉਤੇ ਬਖਸ਼ਣਾ ਨਹੀਂ।" ਈਸ਼ਰ ਗੁੱਸੇ ਨਾਲ ਭਰ ਗਿਆ।

"ਤੇ ਆਪਾਂ ਅੱਜ ਹੀ ਸ਼ੇਖ ਦੌਲਤ ਚਲੇ ਚੱਲਦੇ ਆਂ। ਉਥੋਂ ਆਪੇ ਇੰਦਰ ਸਿੰਘ ਪਤਾ ਕਰ ਲਊਗਾ!" ਉਤਮ ਸਿੰਘ ਝੱਟ ਨਵੀਂ ਗੱਲ ਕਰ ਗਿਆ। ਇੰਦਰ ਸਿੰਘ ਸ਼ੇਖ ਦੌਲਤ ਵਾਲਾ ਉਤਮ ਸਿੰਘ ਦਾ ਸਕਾ ਭਾਣਜਾ ਸੀ। ਉਹ ਆਪਣੇ ਮਾਮੇ ਦੇ ਪ੍ਰਭਾਵ ਸਦਕਾ ਗਦਰ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰਦਾ ਸੀ। ਬੜਾ ਦਰਸ਼ਨੀ ਨੌਜਵਾਨ।

ਦੋਵੇਂ ਸਾਥੀ ਸਲਾਹ ਕਰਕੇ ਹਾਂਸ ਕਲਾਂ ਤੋਂ ਤੁਰ ਪਏ। ਥਕੇਵੇਂ ਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ। ਦਿਨ ਰਾਤ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ। ਤੋਰੇ ਫੇਰੇ ਕਾਰਨ ਉਨ੍ਹਾਂ ਨੂੰ ਕਦੇ ਅਕੇਵਾਂ ਨਹੀਂ ਸੀ ਹੋਇਆ। ਜਗਰਾਵੋਂ ਦੇ ਪਾਸੇ ਪਾਸੇ ਹੋ ਕੇ ਕਲੇਰ ਪਿੰਡ ਵਿੱਚੀਂ ਕਿਤੇ ਵੱਡੀ ਰਾਤ ਸ਼ੇਖ ਦੌਲਤ ਜਾ ਪਹੁੰਚੇ। ਭੈਣ ਦੇ ਘਰ ਤਾਂ ਵੀਰ ਮਸਾਂ ਪਹੁੰਚਦਾ ਹੈ ਪਰ ਉਨ੍ਹਾਂ ਨੂੰ ਵੀ ਪਤਾ ਸੀ ਕਿ ਉਤਮ ਸਿੰਘ ਹਮੇਸ਼ਾ ਹਨੇਰੇ ਸਵੇਰੇ ਹੀ ਆਉਂਦਾ ਹੈ।

ਅਗਲੇ ਦਿਨ ਇੰਦਰ ਸਿੰਘ ਨੇ ਆਪਣੇ ਇੱਕ ਚੰਗੇ ਵਾਕਫ ਬੰਦੇ ਰਾਹੀਂ ਗਾਲਬ ਪਿੰਡ ਵਿੱਚ ਪਤਾ ਕਰ ਲਿਆ ਕਿ ਕੈਲੇ ਦਾ ਬੰਦਾ ਆਇਆ ਤਾਂ ਸੀ ਪਰ ਉਹ ਚਾਰ ਕੁ ਦਿਨ ਏਥੇ ਰਹਿ ਕੇ ਕਿਤੇ ਹੋਰ ਚਲਾ ਗਿਆ। ਆਇਆ ਜ਼ਰੂਰ ਸੀ ਉਥੋਂ ਰੋਟੀ ਪਾਣੀ ਛਕ ਕੇ ਦੋਵੇਂ ਸਾਥੀ ਪਿੰਡ ਢੁੱਡੀਕੇ ਨੂੰ ਚੱਲ ਪਏ। ਈਸ਼ਰ ਦਾ ਵਿਚਾਰ ਸੀ ਕਿ ਪਿੰਡ ਵਾਲੇ ਸਾਥੀਆਂ ਨੂੰ ਮਿਲਿਆ ਜਾਵੇ। ਦੋਵੇਂ ਜਣੇ ਗਾਲਬ ਤੋਂ ਸਿੱਧੇ ਚੂਹੜਚੱਕ ਨੂੰ ਚੱਲ ਪਏ। ਖੇਤਾਂ ਵਿੱਚ ਲੋਕਾਂ ਨੇ ਵਾਢੀ ਦਾ ਕੰਮ ਅੱਧਿਓਂ ਬਹੁਤਾ ਨਬੇੜ ਲਿਆ ਸੀ। ਤਿੱਖੀ ਧੁੱਪ ਨਾਲ ਦਿਨ ਤਪਦਾ ਜਾ ਰਿਹਾ ਸੀ। ਈਸ਼ਰ ਨੂੰ ਆਪਣੇ ਖੇਤ ਯਾਦ ਆਏ । ਪਤਾ ਨਹੀਂ ਫਸਲਵਾੜੀ ਦਾ ਕੀ ਹਾਲ ਹੋਵੇਗਾ।
"ਯਾਰ ਕਦੇ ਰੂੜ ਸਿੰਘ ਨਹੀਂ ਮਿਲਿਆ? " ਉਤਮ ਸਿੰਘ ਨੇ ਐਵੇਂ ਸਧਾਰਨ ਗੱਲ ਕੀਤੀ। ਪਿੰਡ ਚੂਹੜਚੱਕ ਨੇੜ ਹੋਣ ਕਰਕੇ ਉਸ ਨੂੰ ਰੂੜ ਸਿੰਘ ਯਾਦ ਆ ਗਿਆ। ਉਂਜ ਵੀ ਗਦਰ ਪਾਰਟੀ ਵਿੱਚ ਰੂੜ ਸਿੰਘ ਦੀ ਬਹੁਤ ਇੱਜ਼ਤ ਕਰਦੇ ਸਨ। ਉਹ ਪੜ੍ਹਿਆ ਲਿਖਿਆ ਸੂਝਬੂਝ ਨਾਲ ਗੱਲ ਕਰਨ ਵਾਲਾ ਬੰਦਾ ਸੀ।

"ਮੈਨੂੰ ਤਾਂ ਪਿੱਛੇ ਇੱਕ ਮੀਟਿੰਗ ਵਿੱਚ ਮਿਲਿਆ ਸੀ। ਉਸ ਤੋਂ ਪਿੱਛੋਂ ਸਾਡਾ ਮੇਲ ਨਹੀਂ ਹੋਇਆ!" ਤੁਰਿਆ ਜਾਂਦਾ ਈਸ਼ਰ ਬੋਲਿਆ।

"ਯਾਰ ਅੱਜ ਕੁਦਰਤੀ ਆ ਗਏ। ਰੂੜ ਸਿੰਘ ਨੂੰ ਮਿਲ ਚੱਲੀਏ । ਕੀ ਪਤਾ ਘਰ ਈ ਹੋਵੇ।" ਉਤਮ ਸਿੰਘ ਨੇ ਰੂੜ ਸਿੰਘ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ।

"ਉਹਦੇ ਪਿੰਡ ਵਿੱਚੀਂ ਲੰਘਣਾ। ਰੂੜ ਸਿੰਘ ਦਾ ਘਰੋਂ ਪਤਾ ਕਰ ਲੈਨੇ ਆਂ!" ਈਸ਼ਰ ਨੇ ਵੀ ਰੂੜ ਸਿੰਘ ਕੋਲ ਜਾਣ ਦੀ ਹਾਮੀ ਭਰੀ।

ਦੋਵੇਂ ਜਣੇ ਤੁਰਦੇ ਹੋਏ ਪਿੰਡ ਚੂਹੜਚੱਕ ਆ ਗਏ। ਘਰ ਦਾ ਤਾਂ ਦੋਹਾਂ ਨੂੰ ਪਤਾ ਸੀ। ਥੋੜ੍ਹੇ ਚਿਰ ਬਾਅਦ ਉਹ ਰੂੜ ਸਿੰਘ ਦੇ ਘਰ ਅੱਗੇ ਆ ਗਏ। ਅਵਾਜ਼ ਮਾਰ ਕੇ ਬਾਰ

ਖੁਲ੍ਹਵਾਇਆ। ਪਤਾ ਲੱਗਾ ਕਿ ਰੂੜ ਸਿੰਘ ਘਰ ਹੀ ਹੈ। ਦੋਵੇਂ ਸਾਥੀ ਖੁਸ਼ੀ ਖੁਸ਼ੀ ਰੂੜ ਸਿੰਘ ਨੂੰ ਜਾ ਮਿਲੇ। ਸਾਥੀਆਂ ਨੂੰ ਮਿਲ ਕੇ ਰੂੜ ਸਿੰਘ ਬਹੁਤ ਖੁਸ਼ ਹੋਇਆ। ਪਾਣੀ ਪੀ ਕੇ ਇੱਕ ਦੂਜੇ ਦਾ ਹਾਲ ਪੁੱਛਿਆ। ਸਭ ਤੋਂ ਪਹਿਲਾਂ ਰੂੜ ਸਿੰਘ ਨੇ ਕਰਤਾਰ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਦੀ ਗ੍ਰਿਫ਼ਤਾਰੀ ਦੀ ਗੱਲ ਛੇੜ ਲਈ। ਤਿੰਨੇ ਸਾਥੀਆਂ ਦੇ ਚਿਹਰਿਆਂ ਉਤੇ ਫਿਰ ਉਦਾਸੀ ਛਾ ਗਈ। ਉਤਮ ਸਿੰਘ ਨੇ ਦੱਸਿਆ ਕਿ ਨੰਦ ਸਿੰਘ ਕੈਲੇ ਨੂੰ ਵੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਰੂੜ ਸਿੰਘ ਹੋਰ ਵੀ ਸੋਚਾਂ ਵਿੱਚ ਪੈ ਗਿਆ। ਉਸ ਨੂੰ ਪਿਛਲੇ ਦਿਨਾਂ ਦੀਆਂ ਘਟਨਾਵਾਂ ਆਦ ਆ ਗਈਆਂ। ਗਦਰ ਪਾਰਟੀ ਉਤੇ ਕਈ ਪਾਸਿਓਂ ਤੋਂ ਹਮਲੇ ਹੋ ਰਹੇ ਸਨ। ਅੰਗਰੇਜ਼ ਸਰਕਾਰ ਬਹੁਤ ਸਖਤ ਹੋ ਕੇ ਪਾਰਟੀ ਦੇ ਪਿੱਛੇ ਪੈ ਗਈ। ਰੂੜ ਸਿੰਘ ਦਾ ਹਿਰਦਾ ਜਿਵੇਂ ਵਲੂੰਧਰਿਆ ਗਿਆ ਸੀ। ਇੱਕ ਭੈੜੀ ਖਬਰ ਉਸ ਦੇ ਸਾਹਮਣੇ ਫੈਲ ਗਈ।

ਅੰਗਰੇਜ਼ ਕੌਮ ਬਹੁਤ ਚਲਾਕ ਕੌਮ ਹੈ। ਅੰਗਰੇਜ਼ ਹੁਣ ਬੁਰੀ ਤਰ੍ਹਾਂ ਸੰਸਾਰ ਜੰਗ ਵਿੱਚ ਫਸ ਚੁੱਕੇ ਹਨ। ਉਹ ਚਾਹੁੰਦੇ ਹਨ ਕਿ ਭਾਰਤੀ ਨੌਜਵਾਨ ਫੌਜ ਵਿੱਚ ਭਰਤੀ ਹੋ ਜਾਣ ਤੇ ਸਾਡ਼ੀ ਖਾਤਰ ਜੰਗ ਵਿੱਚ ਲੜਨ। ਜੇਕਰ ਸਾਡੇ ਨੌਜਵਾਨ ਜੰਗ ਵਿੱਚ ਜਾ ਕੇ ਸ਼ਹੀਦ ਵੀ ਹੋ ਜਾਣ ਤਾਂ ਅੰਗਰੇਜ਼ ਸਰਕਾਰ ਨੂੰ ਭਲਾ ਕੀ ਦੁੱਖ! ਸਾਡੇ ਦੇਸ਼ ਦੇ ਗਦਾਰ ਤੇ ਅੰਗਰੇਜ਼ਾਂ ਦੇ ਪਿੱਠੂ ਸਾਡੇ ਨੌਜਵਾਨਾਂ ਨੂੰ ਜੰਗ ਵਿੱਚ ਭਰਤੀ ਹੋਣ ਲਈ ਜ਼ੋਰ ਪਾ ਰਹੇ ਹਨ। ਇਸ ਤਰ੍ਹਾਂ ਇਹ ਅੰਗਰੇਜ਼ਾਂ ਦੀ ਇਹ ਮਦਦ ਕਰ ਰਹੇ ਹਨ। ਅੰਗਰੇਜ਼ ਸਰਕਾਰ ਨੂੰ ਹੁਣ ਸਿਰਫ ਗਦਰ ਪਾਰਟੀ ਤੋਂ ਖਤਰਾ ਹੈ। ਅੰਗਰੇਜ਼ ਚਾਹੁੰਦੇ ਹਨ ਕਿ ਗਦਰ ਲਹਿਰ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਜਾਵੇ।

ਅੰਗਰੇਜ਼ਾਂ ਨੇ ਹੁਣ ਇਕ ਨਵੀਂ ਚਾਲ ਖੇਡੀ ਹੈ। ਸਾਡੀਆਂ ਜੁੱਤੀਆਂ ਸਾਡੇ ਸਿਰ। ਗੱਲ ਤਾਂ ਪੁਰਾਣੀ ਹੋ ਗਈ ਪਰ ਇਸ ਦਾ ਪਤਾ ਹੌਲੀ ਹੌਲੀ ਲੱਗਾ। ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੇ 27 ਫਰਵਰੀ ਨੂੰ ਗੌਰਮਿੰਟ ਹਾਊਸ ਲਹੌਰ ਵਿੱਚ ਸਿੱਖ ਸਰਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਸੀ। ਸਾਡੇ ਸਿੱਖ ਸਰਦਾਰ ਉਸ ਮੀਟਿੰਗ ਵਿੱਚ ਹੁੰਮ ਹੁੰਮਾ ਕੇ ਪਹੁੰਚੇ। ਮਾਈਕਲ ਨੇ ਸਰਦਾਰਾਂ ਅੱਗੇ ਇੱਕ ਪ੍ਰਸਤਾਵ ਰੱਖਿਆ ਸੀ ਕਿ ਗਦਰ ਪਾਰਟੀ ਦੇਸ਼ ਵਿੱਚ ਬਦਅਮਨੀ ਫੈਲਾ ਰਹੀ ਹੈ। ਕਤਲੋਗਾਰਤ ਕਰ ਰਹੀ ਐ। ਡਾਕੇ ਮਾਰ ਰਹੀ ਹੈ। ਇਸ ਪਾਰਟੀ ਨੇ ਦੇਸ਼ ਦਾ ਅਮਨ ਅਮਾਨ ਭੰਗ ਕਰ ਦਿੱਤਾ ਹੈ। ਆਮ ਆਦਮੀ ਡਰ ਦੇ ਮਾਹੌਲ ਵਿੱਚ ਜੀ ਰਿਹਾ ਹੈ। ਦੇਸ਼ ਦੀ ਜਨਤਾ ਗਦਰ ਪਾਰਟੀ ਦੀਆਂ ਗਤੀਵਿਧੀਆਂ ਤੋਂ ਤੰਗ ਆ ਚੁੱਕੀ ਹੈ। ਇਸ ਤਰ੍ਹਾਂ ਮਾਈਕਲ ਓਡਵਾਇਰ ਨੇ ਸਿੱਖ ਸਰਦਾਰਾਂ ਤੋਂ ਗਦਰ ਪਾਰਟੀ ਨੂੰ ਦਬਾਉਣ ਲਈ ਸਹਾਇਤਾ ਦੀ ਮੰਗ ਕੀਤੀ।

ਮਾਈਕਲ ਓਡਵਾਇਰ ਦੀ ਗੱਲ ਸੁਣ ਕੇ ਸਿੱਖ ਸਰਦਾਰ ਉਸ ਤੋਂ ਵੀ ਦੋ ਕਦਮ ਅੱਗੇ ਚਲੇ ਗਏ। ਸਾਰੇ ਸਰਦਾਰਾਂ ਨੇ ਮਾਈਕਲ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਤਾਂ ਅੰਗਰੇਜ਼ ਸਰਕਾਰ ਦੇ ਪੱਕੇ ਵਫਾਦਾਰ ਹਨ। ਗਦਰੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਉਹ ਪੂਰੀ ਵਾਹ ਲਾ ਦੇਣਗੇ। ਬਿਦੇਸ਼ਾਂ ਵਿੱਚੋਂ 32,00 ਦੇ ਲੱਗਭੱਗ ਗਦਰੀ ਦੇਸ਼ ਵਿੱਚ ਗਦਰ ਮਚਾਉਣ ਲਈ ਪਹੁੰਚੇ ਹਨ। ਇਨ੍ਹਾਂ ਵਿੱਚੋਂ 200 ਬੰਦੇ ਤਾਂ ਜੇਲ੍ਹਾਂ ਵਿੱਚ ਡੱਕ ਦਿੱਤੇ ਹਨ।

ਕੋਈ 700 ਦੇ ਕਰੀਬ ਬੰਦੇ ਪਿੰਡਾਂ ਵਿੱਚ ਜੂਹਬੰਦ ਕੀਤੇ ਹਨ। ਬਾਕੀ ਰਹਿੰਦੇ ਗਦਰੀ ਵੀ ਫੜ ਕੇ ਜੇਲ੍ਹਾਂ ਵਿੱਚ ਬੰਦ ਕਰ ਦਿਓ। ਇਨ੍ਹਾਂ ਨੂੰ ਮਾਫ ਨਹੀਂ ਕਰਨਾ। ਇਹ ਹੈ ਸਾਡੇ ਸਿੱਖ ਸਰਦਾਰਾਂ ਦੀ ਦੇਸ਼ ਭਗਤੀ।

ਰੂੜ ਸਿੰਘ ਦੀਆਂ ਗੱਲਾਂ ਸੁਣ ਕੇ ਈਸ਼ਰ ਸਿੰਘ ਤੇ ਉਤਮ ਸਿੰਘ ਸੁੰਨ ਹੋ ਗਏ। ਇਹ ਹੈ ਸਾਡੇ ਸਰਦਾਰਾਂ ਦੀ ਸੋਚ ਵਾਲੀ ਅਸਲੀ ਤਸਵੀਰ। ਭਾਰਤ ਦੇ ਇਹ ਗਦਾਰ ਲੋਕ ਚੰਦ ਸਿੱਕਿਆਂ ਪਿੱਛੇ ਆਪਣੇ ਭਰਾਵਾਂ ਦਾ ਕਿਵੇਂ ਘਾਣ ਕਰਵਾ ਰਹੇ ਐ। ਆਪਣੇ ਭਰਾਵਾਂ ਨੂੰ ਗ੍ਰਿਫਤਾਰ ਕਰਵਾ ਕੇ ਇਹ ਅੰਗਰੇਜ਼ਾਂ ਤੋਂ ਇਨਾਮ ਲੈ ਲੈਣਗੇ। ਮੁਰੱਬੇ ਲੈ ਲੈਣਗੇ। ਇਧਰ ਗਦਰੀ ਦੇਸ਼ ਭਗਤ ਦੇਸ਼ ਦੀ ਅਜ਼ਾਦੀ ਦੀ ਖਾਤਰ ਆਪਣੀਆਂ ਜਾਇਦਾਦਾਂ ਅਮਰੀਕਾ ਤੇ ਕੈਨੇਡਾ ਵਿੱਚ ਛੱਡ ਕੇ ਆਏ ਹਨ। ਹੁਣ ਵੀ ਦੇਸ਼ ਅਜ਼ਾਦ ਹੋ ਜਾਵੇ। ਏਥੇ ਸਾਡੇ ਲੋਕਾਂ ਦਾ ਰਾਜ ਹੋਵੇ। ਅਮਨ ਤੇ ਖੁਸ਼ਹਾਲੀ ਹੋਵੇ। ਸਭ ਨੂੰ ਲੋੜ ਅਨੁਸਾਰ ਯੋਗਤਾ ਅਨੁਸਾਰ ਕੰਮ ਮਿਲੇ। ਸਭ ਨੂੰ ਮਿਹਨਤ ਮਜ਼ਦੂਰੀ ਮਿਲੇ। ਹਰ ਕੋਈ ਰੱਜ ਕੇ ਰੋਟੀ ਖਾਵੇ। ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਸਭ ਮਿਲ ਕੇ ਰਹਿਣ। ਦੇਸ਼ ਤਰੱਕੀ ਕਰੇ। ਪਰ ਅੰਗਰੇਜ਼ੀ ਸਰਕਾਰ ਮਿੰਨਤਾਂ ਨਾਲ ਨਹੀਂ ਜਾਏਗੀ। ਇਸ ਦਾ ਇੱਕੋ ਇੱਕ ਹੱਲ ਹੈ ਗਦਰ। ਇਸ ਦੇ ਨਾਲ ਹੀ ਦੇਸ਼ ਦੇ ਗਦਾਰਾਂ ਨਾਲ ਵੀ ਸਖਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ।

ਫਿਰ ਰੂੜ ਸਿੰਘ ਕਹਿਣ ਲੱਗਾ, "ਵੇਖੋ, ਕੀ ਹੋਇਆ ਜੇ ਕਰਤਾਰ ਸਰਾਭੇ ਹੋਰੀਂ ਗ੍ਰਿਫਤਾਰ ਕਰ ਲਏ ਐ। ਅਸੀਂ ਸਭ ਨੇ ਇੱਕ ਦਿਨ ਦੁਨੀਆਂ ਤੋਂ ਚਲੇ ਜਾਣਾ ਹੈ। ਅਸੀਂ ਮਰੇ ਤਾਂ ਸੂਰਮਿਆਂ ਦੀ ਮੌਤ ਮਰਾਂਗੇ। ਇਸ ਕਰਕੇ ਦਿਲ ਨਾ ਛੱਡੋ। ਘਬਰਾਓ ਨਾ। ਬੱਸ ਆਪਣਾ ਮਿਸ਼ਨ ਲੈ ਕੇ ਚੱਲੋ!" ਰੂੜ ਸਿੰਘ ਦੀਆਂ ਗੱਲ ਨੇ ਤਾਂ ਈਸ਼ਰ ਸਿੰਘ ਤੇ ਉਦਮ ਸਿੰਘ ਦੇ ਦਿਲ ਵਿੱਚ ਨਵੀਂ ਰੂਹ ਫੂਕ ਦਿੱਤੀ। ਉਨ੍ਹਾਂ ਦੇ ਟੁੱਟੇ ਦਿਲਾਂ ਨੂੰ ਕੋਈ ਢਾਹਸ, ਮਿਲ ਗਈ ਤੇ ਪਾਰਟੀ ਵਿੱਚ ਕੰਮ ਕਰਨ ਲਈ ਉਨ੍ਹਾਂ ਵਿੱਚ ਨਵਾਂ ਜੋਸ਼ ਭਰ ਗਿਆ।

ਚੂਹੜਚੱਕ ਤੋਂ ਹੋ ਕੇ ਦੋਵੇਂ ਸਾਥੀ ਢੁੱਡੀਕੇ ਪਿੰਡ ਆ ਗਏ। ਰਾਤ ਨੂੰ ਉਹ ਪਾਖਰ ਸਿੰਘ ਦੇ ਖੂਹ ਉਤੇ ਚਲੇ ਗਏ। ਉਥੇ ਪਿੰਡ ਦੇ ਦੂਜੇ ਸਾਥੀ ਵੀ ਆ ਗਏ। ਕਈ ਬੰਦੇ ਅਗਲੇ ਦਿਨ ਮਿਲੇ। ਈਸ਼ਰ ਹੋਰੀਂ ਕਈ ਦਿਨ ਆਪਣੇ ਸਾਥੀਆਂ ਕੋਲ ਫਿਰਦੇ ਰਹੇ। ਬੱਸ ਸਭ ਨੂੰ ਇਕੋ ਸੁਨੇਹਾ ਦੇ ਰਹੇ ਸਨ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਗਦਰੀਆਂ ਦੀ ਇੱਕ ਬਹੁਤ ਵੱਡੀ ਮੀਟਿੰਗ ਹੋ ਰਹੀ ਹੈ। ਬੱਸ ਤਿਆਰ ਰਹੋ। ਆਪਣੇ ਸਾਥੀਆਂ ਨੂੰ ਸੁਨੇਹੇ ਦੇ ਕੇ ਬਹੁਤ ਦਿਨਾਂ ਬਾਅਦ ਈਸ਼ਰ ਸਿੰਘ ਤੇ ਉਤਮ ਸਿੰਘ ਇੱਕ ਦਿਨ ਅਜੀਤਵਾਲ ਤੋਂ ਹੁੰਦੇ ਹੋਏ ਰੇਲ ਗੱਡੀ ਰਾਹੀਂ ਗੁਰਾਇਆ ਜਾ ਪਹੁੰਚੇ। ਉਥੋਂ ਉਹ ਆਪਣੇ ਸਾਥੀ ਹਰਦਿੱਤ ਸਿੰਘ ਦੇ ਪਿੰਡ ਡੱਲੇਵਾਲ ਚਲੇ ਗਏ। ਹਰਦਿਤ ਸਿੰਘ ਨੇ ਜਾਣ ਸਾਰ ਉਨ੍ਹਾਂ ਨੂੰ ਇੱਕ ਬੜੀ ਭੈੜੀ ਖਬਰ ਸੁਣਾਈ ਕਿ ਪਿਆਰਾ ਸਿੰਘ ਲੰਗੇਰੀ ਨੂੰ ਪੁਲਸ ਫੜ ਕੇ ਲੈ ਗਈ। ਦੋਹਾਂ ਦਾ ਸਿਰ ਚਕਰਾ ਗਿਆ। ਹਰ ਪਾਸੇ ਤੋਂ ਭੈੜੀ ਖਬਰ ਆ ਰਹੀ ਹੈ।

"ਗੱਲ ਕੀ ਹੋ ਗਈ? " ਈਸ਼ਰ ਭਰੇ ਹੋਏ ਮਨ ਨਾਲ ਬੋਲਿਆ।

"ਜ਼ੈਲਦਾਰ ਚੰਦਾ ਸਿੰਘ ਨੇ ਪੁਲਸ ਨੂੰ ਸੂਹ ਦੇ ਕੇ ਵਿੰਝੋਂ ਵਾਲੀ ਕੁਟੀਆ ਵਿੱਚੋਂ ਪੁਲਸ

ਨੂੰ ਫੜਾ ਦਿੱਤਾ।" ਹਰਦਿੱਤ ਸਿੰਘ ਵੀ ਬਹੁਤ ਉਦਾਸ ਸੀ । ਈਸ਼ਰ ਸਿੰਘ ਦੇ ਸਾਹਮਣੇ ਪਿਆਰਾ ਸਿੰਘ ਲੰਗੇਰੀ ਦੀ ਤਸਵੀਰ ਘੁੰਮਣ ਲੱਗੀ। ਈਸ਼ਰ ਨੂੰ ਕੁਝ ਨਹੀਂ ਸੁੱਝ ਰਿਹਾ। ਉਹ ਸਿਰ ਫੜ ਕੇ ਬੈਠ ਗਿਆ।

## ਚੌਦਾਂ

ਸੂਰਜ ਕਦੋਂ ਦਾ ਪੱਛਮ ਦੀ ਬੁੱਕਲ ਵਿੱਚ ਛੁਪ ਗਿਆ ਸੀ। ਖੇਤਾਂ ਵਿੱਚ ਕਣਕ ਦੀ ਗਹਾਈ ਦਾ ਕੰਮ ਪੂਰੇ ਜ਼ੋਰਾਂ ਉਤੇ ਸੀ। ਮੂੰਹ ਹਨੇਰਾ ਹੋਣ ਕਰਕੇ ਬੰਦਾ ਦੂਰੋਂ ਪਛਾਣਿਆ ਨਹੀਂ ਸੀ ਜਾਂਦਾ। ਈਸ਼ਰ ਸਿੰਘ ਢੁੱਡੀਕੇ, ਉਤਮ ਸਿੰਘ ਹਾਂਸ, ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਵੀਰ ਸਿੰਘ ਬਾਹੋਵਾਲ, ਹਰਦਿੱਤ ਸਿੰਘ ਡੱਲੇਵਾਲ ਤੇ ਪਰਤਾਪ ਸਿੰਘ ਕੋਟ ਫਤੂਹੀ ਸੱਤ ਗਦਰੀ ਦੇਸ਼ ਭਗਤ ਖੇਤੀ ਕਾਮਿਆਂ ਦੇ ਭੇਸ ਵਿੱਚ ਖੇਤਾਂ ਵਿੱਚੀਂ ਹੁੰਦੇ ਹੋਏ ਜ਼ੈਲਦਾਰ ਚੰਦਾ ਸਿੰਘ ਦੇ ਪਿੰਡ ਵੱਲ ਜਾ ਰਹੇ ਸਨ । ਉਨ੍ਹਾਂ ਨੂੰ ਅੱਜ ਹੀ ਗੁਪਤ ਸੂਚਨਾ ਮਿਲੀ ਸੀ ਕਿ ਜ਼ੈਲਦਾਰ ਅੱਜ ਆਪਣੇ ਪਿੰਡ ਹੀ ਹੈ। ਗਦਰੀ ਇਸੇ ਮੌਕੇ ਦੀ ਤਲਾਸ਼ ਵਿੱਚ ਸਨ। ਉਹ ਬਹੁਤ ਦਿਨਾਂ ਤੋਂ ਇਸ ਇਲਾਕੇ ਵਿੱਚ ਘੁੰਮ ਰਹੇ ਸਨ। ਪਿਛਲੇ ਦਿਨਾਂ ਵਿੱਚ ਜ਼ੈਲਦਾਰ ਚੰਦਾ ਸਿੰਘ ਨੇ ਗਦਰ ਪਾਰਟੀ ਦੇ ਨਿਧੜਕ ਆਗੂ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫਤਾਰ ਕਰਵਾ ਦਿੱਤਾ ਸੀ। ਪੁਲਸ ਨੂੰ ਉਹ ਆਪ ਜਾ ਕੇ ਬੁਲਾ ਲਿਆਇਆ ਸੀ। ਪਿਆਰਾ ਸਿੰਘ ਦੀ ਗ੍ਰਿਫਤਾਰੀ ਨੇ ਸਾਰੇ ਗਦਰੀਆਂ ਦੇ ਦਿਲਾਂ ਉਤੇ ਡੂੰਘੀ ਸੱਟ ਮਾਰੀ। ਈਸ਼ਰ ਸਿੰਘ ਤੇ ਉਤਮ ਸਿੰਘ ਤਾਂ ਇਸ ਪਾਸੇ ਪਹਿਲਾਂ ਹੀ ਆ ਚੁੱਕੇ ਸਨ। ਇਲਾਕੇ ਭਰ ਦੇ ਗਦਰੀਆਂ ਇਕੱਠੇ ਹੋ ਕੇ ਸਹੁੰ ਖਾਧੀ ਕਿ ਜ਼ੈਲਦਾਰ ਚੰਦਾ ਸਿੰਘ ਨੂੰ ਕਿਸੇ ਵੀ ਕੀਮਤ ਉਤੇ ਨਹੀਂ ਬਖਸ਼ਣਾ। ਸਭ ਤੋਂ ਪਹਿਲਾਂ ਕਰਤਾਰ ਸਰਾਭੇ ਹੋਰੀਂ ਫੜੇ ਗਏ। ਨੰਦ ਸਿੰਘ ਕੈਲੋ ਨੂੰ ਗ੍ਰਿਫਤਾਰ ਕਰ ਲਿਆ ਤੇ ਹੁਣ ਪਿਆਰਾ ਸਿੰਘ ਨੂੰ ਪੁਲਸ ਫੜ ਕੇ ਲੈ ਗਈ। ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ ਭਗਤਾਂ ਨੂੰ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੇ ਪੁਲਸ ਨੂੰ ਸੂਹ ਦੇ ਕੇ ਗ੍ਰਿਫਤਾਰ ਕਰਵਾਇਆ ਹੈ। ਅੱਜ ਗਦਰੀ ਮੌਕਾ ਹੱਥ ਆਉਣ 'ਤੇ ਆਪੋ ਆਪਣੇ ਹਥਿਆਰ ਸੰਭਾਲੀ ਜ਼ੈਲਦਾਰ ਦੇ ਘਰ ਵੱਲ ਵਧ ਰਹੇ ਸਨ।

ਈਸ਼ਰ ਦੀਆਂ ਅੱਖਾਂ ਅੱਗੇ ਪਿਆਰਾ ਸਿਘ ਦੀ ਤਸਵੀਰ ਘੁੰਮਣ ਲੱਗੀ। ਉਚਾ ਲੰਮਾ ਗੱਭਰੂ। ਤਿੱਖੇ ਨਕਸ਼, ਕਾਲ੍ਹੀ ਦਾਹੜ੍ਹੀ। ਬਹੁਤ ਫੁਰਤੀਲਾ ਨੌਜਵਾਨ। ਪਿਆਰਾ ਸਿੰਘ ਵੀ ਕੈਨੇਡਾ ਤੋਂ ਗਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਦੇਸ਼ ਵਿੱਚ ਗਦਰ ਮਚਾਉਣ ਦੇ ਉਦੇਸ਼ ਨਾਲ ਆਪਣੇ ਸਾਥੀਆਂ ਸੰਗ ਭਾਰਤ ਆਇਆ ਸੀ। ਪੁਲਸ ਉਸ ਸਮੇਂ ਤੋਂ ਹੀ ਉਸ ਪਿੱਛੇ ਲੱਗੀ ਹੋਈ ਸੀ ਪਰ ਉਹ ਬੇਖੌਫ ਹੋ ਕੇ ਪਾਰਟੀ ਵਿੱਚ ਕੰਮ ਕਰਦਾ ਸੀ। ਪਿਆਰਾ ਸਿੰਘ ਇਸ ਗੱਲ ਉਤੇ ਬਹੁਤ ਖਫਾ ਸੀ ਕਿ ਪਾਰਟੀ ਦਾ ਉਨੀ ਫਰਵਰੀ ਦਾ ਪਰੋਗਰਾਮ ਇੱਕ ਗਦਾਰ ਦੇ ਕਾਰਨ ਫੇਲ ਹੋ ਗਿਆ। ਇਸੇ ਕਰਕੇ ਉਹ ਸਫੈਦ ਪੋਸ਼, ਜ਼ੈਲਦਾਰ ਤੇ ਅੰਗਰੇਜ਼ ਸਰਕਾਰ ਦੇ ਹੋਰ ਝੋਲੀ ਚੁੱਕਾਂ ਨੂੰ ਨਹੀਂ ਸੀ ਬਖਸ਼ਦਾ। ਉਸ ਦੀ

ਹਮੇਸ਼ਾ ਇਹ ਦਲੀਲ ਹੁੰਦੀ ਸੀ ਕਿ ਅੰਗਰੇਜ਼ਾਂ ਦੇ ਨਾਲ ਨਾਲ ਉਨ੍ਹਾਂ ਦੇ ਝੋਲੀ ਚੁੱਕਾਂ ਨਾਲ ਵੀ ਬਰਾਬਰ ਦੀ ਲੜਾਈ ਜਾਰੀ ਰੱਖਣੀ ਚਾਹੀਦੀ ਹੈ। ਅਜਿਹੇ ਲੋਕਾਂ ਨੂੰ ਤਾਂ ਬਿਲਕੁੱਲ ਮਾਫ ਨਹੀਂ ਕਰਨਾ ਚਾਹੀਦਾ। ਪਾਰਟੀ ਲਈ ਇਹ ਲੋਕ ਵੱਡਾ ਖਤਰਾ ਹਨ। ਇਸੇ ਕਾਰਨ ਹੀ ਉਸਦੀ ਸੋਚ ਤੋਂ ਘਬਰਾ ਕੇ ਜ਼ੈਲਦਾਰ ਚੰਦਾ ਸਿੰਘ ਉਸ ਦੇ ਪਿੱਛੋ ਹੱਥ ਧੋ ਕੇ ਪੈ ਗਿਆ ਸੀ। ਜ਼ੈਲਦਾਰ ਹਮੇਸ਼ਾ ਪਿਆਰਾ ਸਿੰਘ ਤੋਂ ਆਪਣੀ ਜਾਨ ਨੂੰ ਖਤਰਾ ਸਮਝਦਾ ਸੀ। ਜ਼ੈਲਦਾਰ ਨੇ ਪਿਆਾਰ ਸਿੰਘ ਦੇ ਪਿੱਛੇ ਆਪਣਾ ਇੱਕ ਖੁਫੀਆ ਬੰਦਾ ਲਾ ਦਿੱਤਾ। ਉਹ ਖੁਫੀਆ ਪਿਆਰਾ ਸਿੰਘ ਦੀ ਹਮੇਸ਼ਾ ਨਿਗਰਾਨੀ ਰੱਖਦਾ।

ਇੱਕ ਦਿਨ ਪਿਆਰਾ ਸਿੰਘ ਪਿੰਡ ਬਿੰਝੋਂ ਵਾਲੀ ਸਾਧ ਦੀ ਇੱਕ ਕੁਟੀਆ ਵਿੱਚ ਬੈਠਾ ਸੀ। ਜ਼ੈਲਦਾਰ ਦੇ ਬੰਦੇ ਨੂੰ ਪਤਾ ਲੱਗਾ ਗਿਆ ਤੇ ਉਸ ਨੇ ਝੱਟ ਜ਼ੈਲਦਾਰ ਨੂੰ ਇਤਲਾਹ ਦੇ ਦਿੱਤੀ। ਜ਼ੈਲਦਾਰ ਨੂੰ ਮੌਕਾ ਮਸੀਂ ਹੱਥ ਲੱਗਾ ਤੇ ਉਹ ਉਸੇ ਵੇਲੇ ਘੋੜੀ ਉਤੇ ਬੈਠ ਕੇ ਥਾਣੇ ਤੋਂ ਪੁਲਸ ਬੁਲਾ ਲਿਆਇਆ। ਪੁਲਸ ਨੇ ਆ ਕੇ ਸਾਧ ਦੀ ਕੁਟੀਆ ਨੂੰ ਚਾਰੇ ਪਾਸਿਓਂ ਘੇਰ ਲਿਆ। ਆਸੇ ਪਾਸੇ ਪੁਲਸ ਵੇਖ ਕੇ ਪਿਆਰਾ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਦਿਨ ਪਿਆਰਾ ਸਿੰਘ ਕੋਲ ਪਿਸਤੌਲ ਨਹੀਂ ਸੀ। ਉਸ ਕੋਲ ਕੇਵਲ ਇੱਕ ਟਾਕੂਆ ਸੀ। ਪਿਆਰਾ ਸਿੰਘ ਬੜਾ ਫੁਰਤੀਲਾ ਨੌਜਵਾਨ ਸੀ। ਉਹ ਟਕੂਆ ਚੁੱਕ ਕੇ ਕੁਟੀਆ ਵਿੱਚੋਂ ਇੱਕ ਪਾਸੇ ਨੂੰ ਭੱਜ ਤੁਰਿਆ। ਪੁਲਸ ਵਾਲੇ ਉਸ ਦੇ ਪਿੱਛੇ ਭੱਜੇ ਪਰ ਉਹ ਪਿਆਰਾ ਸਿੰਘ ਨੇੜੇ ਨਹੀਂ ਸਨ ਜਾਂਦੇ। ਉਨ੍ਹਾਂ ਨੂੰ ਸ਼ੱਕ ਸੀ ਕਿ ਇਸ ਦੇ ਕੋਲ ਪਿਸਤੌਲ ਹੈ। ਇਸ ਨਿੱਡਰ ਬੰਦੇ ਦਾ ਕੋਈ ਇਤਬਾਰ ਨਹੀਂ ਕਿ ਉਹ ਕਦੋਂ ਗੋਲੀ ਚਲਾ ਦੇਵੇ। ਪੁਲਸ ਵਾਲੇ ਉਸ ਨਾਲੋਂ ਫਰਕ ਰੱਖ ਕੇ ਰੌਲਾ ਪਾ ਰਹੇ ਸਨ ਜਾਵੇ ਨਾ। ਜਾਵੇ ਨਾ। ਫੜ ਲਓ ਓਏ। ਜਾਵੇ ਨਾ। ਜ਼ੈਲਦਾਰ ਚੰਦਾ ਸਿੰਘ ਵੀ ਘੋੜੀ ਉਤੇ ਬੈਠਾ ਲਲਕਾਰੇ ਮਾਰ ਰਿਹਾ ਸੀ। ਫੜ ਲਓ। ਜਾਵੇ ਨਾ। ਉਹ ਵੀ ਪਿਆਰਾ ਸਿੰਘ ਦੇ ਨੇੜੇ ਜਾਣ ਦਾ ਹੌਂਸਲਾ ਨਹੀਂ ਸੀ ਕਰਦਾ। ਇਧਰ ਗਦਰੀ ਸੂਰਮਾ ਹੱਥ ਵਿੱਚ ਟਾਕੂਆ ਚੁੱਕੀ ਪੁਲਸ ਦੇ ਬੰਦਿਆਂ ਨੂੰ ਟਿੱਚ ਸਮਝਦਾ ਭੱਜਾ ਜਾ ਰਿਹਾ ਸੀ। ਜ਼ੈਲਦਾਰ ਆਪਣੀ ਜਾਨ ਬਚਾਉਂਦਾ ਬੱਸ ਪਿੱਛੇ ਰਹਿ ਕੇ ਹੀ ਲਲਕਾਰੇ ਮਾਰ ਰਿਹਾ ਸੀ। ਪਿਆਰਾ ਸਿੰਘ ਸਰਕੂਲੀ ਪਿੰਡ ਵੱਲ ਭੱਜ ਤੁਰਿਆ ਸੀ। ਘੋੜੀ ਉਤੇ ਬੈਠੇ ਚੰਦਾ ਸਿੰਘ ਨੂੰ ਪਿਆਰਾ ਸਿੰਘ ਦੇ ਨੇੜੇ ਜਾਣ ਦੀ ਹਿੰਮਤ ਤਾਂ ਨਾ ਪਈ ਪਰ ਉਸ ਨੇ ਪਿਆਰਾ ਸਿੰਘ ਨੂੰ ਮਿਹਣਾ ਮਾਰਿਆ, "ਵੱਡਾ ਸੂਰਮਾ ਬਣਿਆ ਫਿਰਦਾ ਸੀ। ਹੁਣ ਭੱਜਾ ਜਾਂਦੇ ਹਿੰਮਤ ਹੈ ਤਾਂ ਖਲੋ ਕੇ ਵਿਖਾ!"

ਜ਼ੈਲਦਾਰ ਦੇ ਇਹ ਸ਼ਬਦ ਸੁਣ ਕੇ ਅਣਖੀ ਸੂਰਮੇ ਨੂੰ ਗੁੱਸਾ ਆ ਗਿਆ। ਉਹ ਮੌਤ ਦੀ ਪ੍ਵਾਹ ਕੀਤੇ ਬਿਨਾਂ ਟਾਕੂਆ ਲੈ ਕੇ ਉਥੇ ਹੀ ਅੜ ਕੇ ਖਲੋ ਗਿਆ।

"ਜੇ ਮਾੜੀ ਜਿਹੀ ਵੀ ਹਿੰਮਤ ਹੈ ਤਾਂ ਅਗਾਂਹ ਆ ਕੇ ਵੇਖ।" ਪਿਆਰਾ ਸਿੰਘ ਨੇ ਉਚੀ ਲਲਕਾਰਾ ਮਾਰਿਆ। ਪੁਲਸ ਵਾਲੇ ਥਾਏਂ ਖਲੋ ਗਏ। ਜ਼ੈਲਦਾਰ ਨੇ ਘੋੜੀ ਉਥੇ ਹੀ ਰੋਕ ਲਈ।

"ਜੇ ਆਪਣੀ ਮਾਂ ਦਾ ਦੁੱਧ ਚੁੰਘਿਆ ਤਾਂ ਅੱਗੇ ਆ ਕੇ ਵਿਖਾ? " ਪਿਆਰਾ ਸਿੰਘ ਦੀ ਰੋਹ ਭਰੀ ਅਵਾਜ਼ ਖੇਤਾਂ ਵਿੱਚ ਦੂਰ ਤੱਕ ਗੂੰਜੀ ਪਰ ਕਿਸੇ ਨੇ ਅਗਾਂਹ ਜਾਣ ਦਾ ਹੌਂਸਲਾ ਨਾ ਕੀਤਾ। ਪਿਆਰਾ ਸਿੰਘ ਨੇ ਉਲਟਾ ਮਿਹਣਾ ਮਾਰਿਆ, "ਅੰਗਰੇਜ਼ਾਂ ਦੀਆਂ ਜੁੱਤੀਆਂ ਚੱਟਣ ਵਾਲੇ ਸਾਡਾ ਮੁਕਾਬਲੇ ਕਰਨਗੇ। ਲਾਹਨਤ ਐ ਤੇਰੇ ਐਹੋ ਜਿਹੇ ਜੰਮਣ ਦੇ।" ਏਨੀ ਆਖ ਕੇ ਪਿਆਰਾ ਸਿੰਘ ਫਿਰ ਭੱਜ ਤੁਰਿਆ। ਏਨੇ ਵਿੱਚ ਹੀ ਉਸ ਨੂੰ ਸਾਹ ਆ ਗਿਆ ਸੀ ਤੇ ਉਹ ਪੂਰੇ ਜ਼ੋਰ ਨਾਲ ਭੱਜਿਆ। ਇਧਰ ਪੁਲਸ ਤੇ ਚੰਦਾ ਸਿੰਘ ਫਿਰ ਪਿਆਰਾ ਸਿੰਘ ਦੇ ਪਿੱਛੇ ਰੌਲਾ ਪਾਉਂਦੇ ਭੱਜ ਉਠੇ। ਥਾਣੇਦਾਰ ਤੇ ਜ਼ੈਲਦਾਰ ਤਾਂ ਪਿੱਛੇ ਸੀ। ਇੱਕ ਸਿਪਾਹੀ ਭੱਜ ਕੇ ਅੱਗੇ ਵੱਧਿਆ। "ਉਏ ਤੂੰ ਕਿਸੇ ਗਰੀਬ ਘਰ ਦਾ ਮੁੰਡਾ ਹੋਵੇਗਾ। ਐਵੇਂ ਮੁਫਤ ਵਿੱਚ ਮਾਰਿਆ ਜਾਵੇਗਾ ਜਾਹ ਮੁੜ ਜਾਹ ਤੇ ਔਹ ਜ਼ੈਲਦਰ ਨੂੰ ਭੇਜ। ਉਸ ਨੂੰ ਮੈਂ ਮੁਰੱਬੇ ਦੇਵਾਂ ਹੁਣੇ ਕੱਟ ਕੇ।" ਪਿਆਰਾ ਸਿੰਘ ਨੇ ਟਾਕੂਆ ਮੋਢੇ ਉਤੇ ਰੱਖ ਲਿਆ। ਸਿਪਾਹੀ ਝੱਟ ਪਿੱਛੇ ਮੁੜ ਗਿਆ।

ਜ਼ੈਲਦਾਰ ਅੱਗੇ ਨਾ ਵਧਿਆ ਪਰ ਉਹ "ਜਾਵੇ ਨਾ । ਜਾਵੇ ਨਾ" ਦਾ ਰੌਲਾ ਜ਼ਰੂਰ ਪਾ ਰਿਹਾ ਸੀ। ਏਨੇ ਨੂੰ ਥਾਣੇਦਾਰ ਆਪਣਾ ਘੋੜਾ ਭਜਾ ਕੇ ਪਿਆਰਾ ਸਿੰਘ ਕੋਲ ਪਹੁੰਚ ਗਿਆ। ਪਿਆਰਾ ਸਿੰਘ ਨੇ ਥਾਣੇਦਾਰ ਨੂੰ ਸੰਭਲਣ ਦਾ ਮੌਕਾ ਹੀ ਨਾ ਦਿੱਤਾ ਤੇ ਉਸ ਨੇ ਪੂਰੇ ਜ਼ੋਰ ਨਾਲ ਟਾਕੂਆ ਘੁਮਾ ਕੇ ਥਾਣੇਦਾਰ ਦੇ ਜੜ ਦਿੱਤਾ। ਟਾਕੂਆ ਸਿੱਧਾ ਵੱਜਣਸਾਰ ਥਾਣੇਦਾਰ ਘੋੜੇ ਤੋਂ ਥੱਲੇ ਡਿੱਗ ਪਿਆ।

"ਓ ਵੇਖੀਂ ਨਾ ਮਾਰੀਂ। ਮਰ ਜਾਊਂਗਾ ਉਏ !" ਦੂਜਾ ਟਾਕੂਆ ਵੱਜਣ ਤੋਂ ਪਹਿਲਾਂ ਹੀ ਥਾਣੇਦਾਰ ਨੇ ਹੱਥ ਜੋੜ ਦਿੱਤੇ। ਪਿਆਰਾ ਸਿੰਘ ਨੇ ਦੁਬਾਰਾ ਟਾਕੂਆ ਨਾ ਮਾਰਿਆ ਤੇ ਨਾ ਹੀ ਉਹ ਉਸ ਦਾ ਪਿਸਤੌਲ ਜਾਂ ਘੋੜਾ ਖੋਹ ਸਕਿਆ। ਬੱਸ ਉਹ ਚੁੱਪਚਾਪ ਥਾਣੇਦਾਰ ਨੂੰ ਡਿੱਗੇ ਪਏ ਨੂੰ ਛੱਡ ਕੇ ਸੈਲਾ ਪਿੰਡ ਵੱਲ ਭੱਜ ਤੁਰਿਆ। ਪੁਲਸ ਚੋਰ ਚੋਰ ਦਾ ਰੌਲਾ ਪਾਉਂਦੀ ਫਿਰ ਉਸ ਦੇ ਪਿੱਛੇ ਭੱਜੀ। ਪੁਲਸ ਨੂੰ ਹੁਣ ਯਕੀਨ ਹੋ ਗਿਆ ਕਿ ਪਿਆਰਾ ਸਿੰਘ ਕੋਲ ਅੱਜ ਪਸਤੌਲ ਨਹੀਂ ਹੈ, ਜਿਸ ਕਰਕੇ ਉਸ ਨੇ ਉਚੀ ਉਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਧਰ ਪਿਆਰਾ ਸਿੰਘ ਵੀ ਸਿਰਤੋੜ ਭੱਜ ਨਿਕਲਿਆ।

ਸੈਲਾ ਪਿੰਡ ਦੇ ਲੋਕਾਂ ਨੇ ਪਿਆਰਾ ਸਿੰਘ ਨੂੰ ਭੱਜੇ ਆਉਂਦਿਆਂ ਵੇਖਿਆ। ਉਸ ਦੇ ਪਿੱਛੇ ਪੁਲਸ ਰੌਲਾ ਪਾਉਂਦੀ ਆ ਰਹੀ ਸੀ। ਪਿੰਡ ਦੇ ਲੋਕਾਂ ਨੇ ਸਮਝਿਆ ਕਿ ਕੋਈ ਚੋਰ ਡਾਕੂ ਕਿਸੇ ਗੱਲੋਂ ਡਰ ਕੇ ਪੁਲਸ ਅੱਗੇ ਭੱਜਾ ਆ ਰਿਹਾ ਹੈ। ਪਿੰਡ ਦੇ ਲੋਕਾਂ ਨੇ ਉਸ ਨੂੰ ਡਾਕੂ ਸਮਝ ਕੇ ਘੇਰਾ ਪਾ ਲਿਆ। ਇਸ ਤਰ੍ਹਾਂ ਪਿਆਰਾ ਸਿੰਘ ਪੁਲਸ ਦੇ ਹੱਥ ਆ ਗਿਆ। ਪਿਆਰਾ ਸਿੰਘ ਦੀ ਗ੍ਰਿਫਤਾਰੀ ਨਾਲ ਗਦਰ ਪਾਰਟੀ ਨੂੰ ਬਹੁਤ ਦੁੱਖ ਹੋਇਆ। ਕਈ ਪਾਰਟੀ ਮੈਂਬਰਾਂ ਨੂੰ ਸ਼ੱਕ ਹੋਈ ਕਿ ਪਿਆਰਾ ਸਿੰਘ ਦੀ ਗ੍ਰਿਫਤਾਰੀ ਪਿੱਛੇ ਕਿਤੇ ਬਿੰਝੋਂ ਵਾਲੀ ਕੁਟੀਆ ਦੇ ਸਾਧ ਦਾ ਹੱਥ ਨਾ ਹੋਵੇ। ਪਰਤਾਪ ਸਿੰਘ ਕੋਟਫਤੂਹੀ ਫਰਜ਼ੀ ਰਿਪੋਰਟ ਲਿਖਵਾਉਣ ਦੇ ਬਹਾਨੇ ਮਾਹਿਲਪੁਰ ਥਾਣੇ ਚਲਾ ਗਿਆ। ਪਿਆਰਾ ਸਿੰਘ ਮਾਹਿਲਪੁਰ

ਥਾਣੇ ਵਿੱਚ ਸੀ। ਪਰਤਾਪ ਸਿੰਘ ਨੇ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ ਕਿ ਪਿਆਰਾ ਸਿੰਘ ਦੀ ਗ੍ਰਿਫਤਾਰੀ ਪਿੱਛੇ ਬਿੰਝੋਂ ਵਾਲੇ ਸਾਧ ਦਾ ਨਹੀਂ ਸਗੋਂ ਜ਼ੈਲਦਾਰ ਚੰਦਾ ਸਿੰਘ ਦਾ ਹੱਥ ਹੈ। ਜ਼ੈਲਦਾਰ ਥਾਣੇ ਵਿੱਚ ਮੁੱਛਾਂ ਨੂੰ ਵੱਟ ਦਿੰਦਾ ਫਿਰਦਾ ਸੀ ਤੇ ਹੁਣ ਗਦਰੀ ਦੇਸ਼ ਭਗਤ ਆਪਣੀਆਂ ਮੁੱਛਾਂ ਨੂੰ ਵੱਟ ਦੇ ਕੇ ਤੁਰੇ ਜਾ ਰਹੇ ਸਨ।

ਖੇਤਾਂ ਵਿੱਚੀਂ ਚੱਲਦੇ ਹੋਏ ਗਦਰੀ ਜ਼ੈਲਦਾਰ ਦੇ ਪਿੰਡ ਪਹੁੰਚ ਗਏ। ਇਹ ਪਿੰਡ ਸਾਰੇ ਗਦਰੀਆਂ ਦਾ ਜਾਣਿਆ ਪਹਿਚਾਣਿਆ ਪਿੰਡ ਸੀ। ਪਿੰਡ ਦੇ ਰਸਤਿਆਂ ਦਾ ਸਭ ਨੂੰ ਪਤਾ ਸੀ। ਘਰਾਂ ਵਿੱਚ ਦੀਵੇ ਜਗ ਰਹੇ ਸਨ। ਘਰਾਂ ਦਾ ਬੋਲਾ ਬਰਾਲਾ ਸੁਣਾਈ ਦੇ ਰਿਹਾ ਸੀ। ਗਦਰੀ ਇੱਕ ਰਸਤੇ ਜਾਂਦੇ ਹੋਏ ਇੱਕ ਵੱਡੇ ਘਰ ਅੱਗੇ ਆ ਖਲੋਤੇ। ਇਹੀ ਜ਼ੈਲਦਾਰ ਚੰਦਾ ਸਿੰਘ ਦਾ ਘਰ ਸੀ। ਬਾਹਰ ਤਾਂ ਹਨੇਰਾ ਸੀ। ਜਵੰਦ ਸਿੰਘ, ਵੀਰ ਸਿੰਘ ਤੇ ਪਰਤਾਪ ਸਿੰਘ ਬਾਹਰ ਖਲੋਤੇ ਰਹੇ ਤੇ ਦੂਜੇ ਸਾਥੀ ਘਰ ਦੇ ਅੰਦਰ ਚਲੇ ਗਏ।

"ਜ਼ੈਲਦਾਰ ਸਾਹਿਬ ਜੀ!" ਈਸ਼ਰ ਸਿੰਘ ਨੇ ਅਵਾਜ਼ ਮਾਰੀ ਪਰ ਅੰਦਰੋਂ ਕੋਈ ਅਵਾਜ਼ ਨਾ ਆਈ। ਸਾਹਮਣੇ ਵਰਾਂਡੇ ਵਿੱਚ ਦੀਵਾ ਜਗ ਰਿਹਾ ਸੀ। ਗਦਰੀ ਹੌਲੀ ਹੌਲੀ ਹੋਰ ਅੱਗੇ ਲੰਘ ਗਏ। ਘਰ ਕਾਫ਼ੀ ਵੱਡਾ ਸੀ।

"ਜ਼ੈਲਦਾਰ ਸਾਹਿਬ ਜੀ!" ਈਸ਼ਰ ਸਿੰਘ ਨੇ ਫੇਰ ਅਵਾਜ਼ ਮਾਰੀ। ਉਸ ਨੇ ਵੇਖਿਆ ਕਿ ਜ਼ੈਲਦਾਰ ਵਰਾਂਡੇ ਦੇ ਸਾਹਮਣੇ ਮੰਜੇ ਉਤੇ ਬੈਠਾ ਹੈ। ਇੱਕ ਬਾਹਾਂ ਤੇਰਾਂ ਸਾਲ ਦਾ ਲੜਕਾ ਵੀ ਉਸ ਕੋਲ ਬੈਠਾ ਹੈ। ਲੜਕਾ ਜ਼ੈਲਦਾਰ ਦੇ ਕੇਸਾਂ ਵਿੱਚ ਤੇਲ ਝੱਸ ਰਿਹਾ ਸੀ। ਇੱਕ ਔਰਤ ਲਾਗੇ ਬੈਠੀ ਕੋਈ ਕੰਮ ਕਰ ਰਹੀ ਸੀ। ਵਰਾਂਡੇ ਵਿਚਲੇ ਦੀਵੇ ਦਾ ਬਾਹਰ ਵੀ ਚਾਨਣ ਆ ਰਿਹਾ ਸੀ। ਈਸ਼ਰ ਦੀ ਅਵਾਜ਼ ਸੁਣ ਕੇ ਜ਼ੈਲਦਾਰ ਸਿਰ ਚੁੱਕ ਕੇ ਪਿੱਛੇ ਨੂੰ ਝਾਕਿਆ।

"ਕਿਹੜੇ ਐਂ ਬਈ ਉਏ!" ਜ਼ੈਲਦਾਰ ਦੀ ਭਰਵੀਂ ਤੇ ਖਰ੍ਹਵੀਂ ਅਵਾਜ਼ ਆਈ।

"ਜ਼ੈਲਦਾਰ ਸਾਹਿਬ, ਅਸੀਂ ਤਾਂ ਜੀ ਪਰਦੇਸੀ ਆਂ। ਅਸੀਂ ਜੀ ਆਪਣੇ ਊਠ ਤੇ ਹੋਰ ਡੰਗਰ ਲਈ ਜਾਂਦੇ ਸੀ। ਸਾਨੂੰ ਜੀ ਥੋਡੇ ਪਿੰਡ ਦੇ ਮੁੰਡਿਆਂ ਨੇ ਘੇਰ ਲਿਆ। ਸਾਡੇ ਪਸ਼ੂਆਂ ਦੇ ਗਲਾਂ ਵਿੱਚੋਂ ਜੋ ਕੁਝ ਪਾਇਆ ਸੀ ਉਹ ਸਭ ਕੁਝ ਲੈ ਗਏ। ਸਾਡੇ ਕੋਲ ਜਿਹੜਾ ਪੈਸਾ ਧੇਲਾ ਸੀ ਉਹ ਵੀ ਸਾਥੋਂ ਖੋਹ ਲਿਆ।" ਈਸ਼ਰ ਨੇ ਦੋਵੇਂ ਹੱਥ ਜੋੜੇ ਹੋਏ ਸਨ। "ਅਸੀਂ ਜੀ ਏਥੇ ਪਿੰਡ ਦੇ ਕਈ ਬੰਦਿਆਂ ਕੋਲ ਗੱਲ ਕੀਤੀ, ਉਹ ਸਾਰੇ ਕਹਿਣ ਲੱਗੇ ਕਿ ਤੁਸੀਂ ਜ਼ੈਲਦਾਰ ਸਾਹਿਬ ਕੋਲ ਜਾਉ। ਉਹ ਤੁਹਾਡੀ ਗੱਲ ਸੁਣਨਗੇ।" ਚੁੱਪ ਖਲੋਤਾ ਉਤਮ ਸਿੰਘ ਵੀ ਬੋਲਿਆ।

"ਤੁਸੀਂ ਉਨ੍ਹਾਂ ਨੂੰ ਪਛਾਣ ਲਉਗੇ? " ਜ਼ੈਲਦਾਰ ਬੋਲਿਆ।

"ਉਨ੍ਹਾਂ ਵਿੱਚੋਂ ਅਸੀਂ ਜੀ ਇੱਕ ਬੰਦੇ ਨੂੰ ਜ਼ਰੂਰ ਪਛਾਣ ਲਵਾਂਗੇ। ਉਹ ਬਹੁਤ ਬੋਲਦਾ ਸੀ।" ਈਸ਼ਰ ਨੇ ਹਾਲੇਂ ਵੀ ਹੱਥ ਜੋੜੇ ਹੋਏ ਸਨ।

"ਕਾਕਾ ਪਹਿਲਾਂ ਇਨ੍ਹਾਂ ਨੂੰ ਪਾਣੀ ਪਿਲਾ। ਫਿਰ ਕਰਦੇ ਆ ਗੱਲ!" ਜ਼ੈਲਦਾਰ ਨੇ ਗੱਲ ਸੁਣ ਕੇ ਜੁੱਤੀ ਪਾਉਣ ਲਈ ਜ਼ਰਾ ਕੁ ਮੰਜੇ ਤੋਂ ਸਿਰ ਨਿਵਾਇਆ। ਹੁਸ਼ਿਆਰ

ਈਸ਼ਰ ਸਿੰਘ ਨੇ ਫੁਰਤੀ ਨਾਲ ਖੀਸੇ ਵਿੱਚੋਂ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ। ਪਹਿਲੀ ਗੋਲੀ ਨਾਲ ਹੀ ਜ਼ੈਲਦਾਰ ਮੰਜੇ ਉਤੇ ਲੁਟਕ ਗਿਆ। ਫਿਰ ਕਈ ਹੋਰ ਗੋਲੀਆਂ ਚੱਲੀਆਂ ਤੇ ਜ਼ੈਲਦਾਰ ਮੰਜੇ ਉਤੇ ਹੀ ਢੇਰੀ ਹੋ ਗਿਆ। ਬੱਚਾ, ਔਰਤ ਤੇ ਘਰ ਦਾ ਕੋਈ ਹੋਰ ਜੀਅ ਕੁਸਕਿਆ ਤੱਕ ਨਾ। ਗਦਰੀ ਅਰਾਮ ਨਾਲ ਬਾਹਰ ਆ ਗਏ।

ਘਰੋਂ ਬਾਹਰ ਖਲੋਤੇ ਜਵੰਦ ਸਿੰਘ ਹੋਰਾਂ ਨੇ ਗੋਲੀ ਚੱਲਣ ਦੀ ਅਵਾਜ਼ ਸੁਣ ਲਈ ਸੀ। ਜਵੰਦ ਸਿੰਘ ਨੇ ਘਰ ਦੇ ਮੂਹਰੇ ਲੱਗੇ ਤੂੜੀ ਦੇ ਕੁੱਪ ਨੂੰ ਡੱਬੀ ਵਿੱਚੋਂ ਸੀਖ ਕੱਢ ਕੇ ਅੱਗ ਲਾ ਦਿੱਤੀ। ਸੁੱਕੇ ਕੁੱਪ ਨੂੰ ਅੱਗ ਪਲਾਂ ਵਿੱਚ ਚੜ੍ਹ ਗਈ ਤੇ ਅੱਗ ਦੀਆਂ ਲਾਟਾਂ ਉਚੀਆਂ ਹੋ ਗਈਆਂ। ਆਂਢ ਗੁਆਂਢ ਦੇ ਲੋਕ ਅੱਗ ਦੀਆਂ ਲਾਟਾਂ ਨਿਕਲ ਦੀਆਂ ਵੇਖ ਕੇ ਵਾਹੋ ਦਾਹ ਭੱਜ ਤੁਰੇ। ਜ਼ੈਲਦਾਰ ਦੇ ਘਰ ਅੱਗ ਲੱਗ ਗਈ ਦਾ ਹੌਲਾ ਪੈ ਗਿਆ। ਕੋਈ ਕਿਸੇ ਦੀ ਨਹੀਂ ਸੀ ਸੁਣ ਰਿਹਾ। ਸਭ ਦੀ ਇੱਕੋ ਗੱਲ ਸੀ ਕਿ ਜ਼ੈਲਦਾਰਾਂ ਦੇ ਅੱਗ ਲੱਗ ਗਈ। ਲੋਕ ਹੋਰ ਵੀ ਭੱਜੇ ਆ ਰਹੇ ਸਨ। ਇਸੇ ਹਫੜਾ ਤਫੜੀ ਵਿੱਚ ਗਦਰੀ ਆਪਣਾ ਕੰਮ ਕਰਕੇ ਅਰਾਮ ਨਾਲ ਹਨੇਰੇ ਵਿੱਚ ਅਲੋਪ ਹੋ ਗਏ। ਨੇੜਲੇ ਦਿਨਾਂ ਵਿੱਚ ਉਨ੍ਹਾਂ ਨੇ ਪਿੰਡ ਢੁੱਡੀਕੇ ਇੱਕ ਵੱਡੀ ਮੀਟਿੰਗ ਕਰਨ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਸੀ।

## ਪੰਦਰਾਂ

ਬਿੰਝੋਂ ਦੇ ਇਲਾਕੇ ਵਿੱਚ ਬਹੁਤ ਦਿਨ ਠਹਿਰ ਕੇ ਈਸ਼ਰ ਸਿੰਘ ਤੇ ਉਤਮ ਸਿੰਘ ਆਪੋ ਆਪਣੇ ਪਿੰਡਾਂ ਨੂੰ ਚੱਲ ਪਏ। ਇਸ ਪਾਸੇ ਦੇ ਸਾਥੀਆਂ ਨਾਲ ਸਲਾਹ ਕਰਕੇ ਪਿੰਡ ਢੁੱਡੀਕੇ ਵਿੱਚ ਇੱਕ ਵੱਡੀ ਮੀਟਿੰਗ ਕਰਨ ਦਾ ਫੈਸਲਾ ਕਰ ਲਿਆ ਸੀ। ਜ਼ੈਲਦਾਰ ਚੰਦਾ ਸਿੰਘ ਨੂੰ ਸੋਧ ਕੇ ਸਭ ਗਦਰੀ ਸੋਚਦੇ ਸਨ ਕਿ ਗਦਰ ਪਾਰਟੀ ਹੁਣ ਕੋਈ ਵੱਡੇ ਐਕਸ਼ਨ ਕਰੇ ਜਿਸ ਨਾਲ ਅੰਗਰੇਜ਼ ਸਰਕਾਰ ਨੂੰ ਵਖਤ ਪਾਇਆ ਜਾਵੇ। ਇਧਰ ਸਭ ਪਾਰਟੀ ਮੈਂਬਰ ਮੀਟਿੰਗ ਲਈ ਤਿਆਰ ਸਨ ਤੇ ਹੁਣ ਢੁੱਡੀਕੇ ਦੇ ਇਲਾਕੇ ਵਿੱਚ ਸੁਨੇਹੇ ਦੇਣੇ ਸਨ। ਉਤਮ ਸਿੰਘ ਲੁਧਿਆਣਾ ਉਤਰ ਗਿਆ ਤੇ ਈਸ਼ਰ ਰੇਲ ਗੱਡੀ ਰਾਹੀਂ ਦਿਨ ਛੁਪਣ ਤੋਂ ਬਾਅਦ ਆਪਣੇ ਪਿੰਡ ਪਹੁੰਚ ਗਿਆ। ਰੂਪੋਸ਼ ਹੋਣ ਨਾਲ ਈਸ਼ਰ ਨੂੰ ਬਾਹਰ ਅੰਦਰ ਰਹਿਣ ਦਾ ਕੁਝ ਤਜਰਬਾ ਹੋ ਗਿਆ ਸੀ। ਉਹ ਆਮ ਕਕੇ ਸਿੱਧੇ ਸਾਦੇ ਕੱਪੜੇ ਪਾਉਂਦਾ। ਵਿੰਗੀ ਟੇਢੀ ਪੱਗ ਬੰਨ੍ਹਦਾ ਸੀ। ਮੋਢੇ ਉਤੇ ਇੱਕ ਪਰਨਾ ਰੱਖਿਆ ਹੁੰਦਾ ਤੇ ਪੈਰਾਂ ਵਿੱਚ ਧੌੜੀ ਦੀ ਜੁੱਤੀ। ਵੇਖਣ ਨੂੰ ਉਹ ਬਹੁਤ ਸਧਾਰਨ ਬੰਦਾ ਲੱਗਦਾ। ਬਹੁਤ ਸਫਰ ਤਾਂ ਉਹ ਰਾਤ ਨੂੰ ਹੀ ਕਰ ਲੈਂਦਾ। ਕਈ ਵਾਰ ਉਹ ਦਿਨ ਛੁਪਦੇ ਨਾਲ ਵੀ ਕਿਤੇ ਪਹੁੰਚ ਜਾਂਦਾ। ਇਸ ਮੌਕੇ ਲੋਕ ਅਕਸਰ ਪਿੰਡਾਂ ਵਿੱਚ ਤੁਰੇ ਫਿਰਦੇ। ਵੱਡੀ ਰਾਤ ਤੱਕ ਹੱਟੀਆਂ ਖੁੱਲ੍ਹੀਆਂ ਰਹਿੰਦੀਆਂ। ਭੱਠੀਆਂ ਤਪਦੀਆਂ ਰਹਿੰਦੀਆਂ। ਈਸ਼ਰ ਇਸ ਤਰ੍ਹਾਂ ਆਮ ਲੋਕਾਂ ਵਾਂਗ ਹੀ ਫਿਰਦਾ ਰਹਿੰਦਾ। ਅੱਜ ਵੀ ਉਹ ਪਿੰਡ ਆ ਕੇ ਸਭ ਤੋਂ ਪਹਿਲਾਂ ਪਾਖਰ ਸਿੰਘ ਦੇ ਘਰ ਆ ਗਿਆ। ਈਸ਼ਰ ਨੂੰ ਘਰ ਆਇਆ ਵੇਖ ਕੇ ਪਾਖਰ ਸਿੰਘ

ਹੈਰਾਨ ਰਹਿ ਗਿਆ।

"ਯਾਰ ਤੈਨੂੰ ਡਰ ਨਹੀਂ ਲੱਗਦਾ? " ਪਾਖਰ ਸਿੰਘ ਕੁੱਝ ਘਬਰਾ ਕੇ ਬੋਲਿਆ।

"ਜ਼ਿਆਦਾ ਡਰ ਕੇ ਤਾਂ ਕੰਮ ਨਹੀਂ ਹੁੰਦੇ।" ਈਸ਼ਰ ਬੋਲਿਆ। ਫਿਰ ਪਾਖਰ ਸਿੰਘ ਪਹਿਲਾਂ ਬਾਹਰਲਾ ਦਰਵਾਜ਼ਾ ਬੰਦ ਕਰਕੇ ਆਇਆ।

ਪਾਣੀ ਦਾ ਗਿਲਾਸ ਲਿਆ ਕੇ ਪਾਖਰ ਸਿੰਘ ਨੇ ਮੰਜਾ ਹਨੇਰੇ ਵਿੱਚ ਖਿੱਚ ਲਿਆ। ਦੋਵੇਂ ਸਾਥੀ ਮੰਜੇ ਉਤੇ ਬੈਠ ਗਏ।

"ਹੋਰ ਸੁਣਾ ਕੀ ਹਾਲ ਐ? " ਪਾਖਰ ਬੋਲਿਆ।

"ਹਾਲ ਠੀਕ ਐ। ਆਪਣੇ ਪਿੰਡ ਵਿੱਚ ਹੀ ਗਦਰ ਪਾਰਟੀ ਨੇ ਇੱਕ ਵੱਡੀ ਮੀਟਿੰਗ ਕਰਨ ਦਾ ਫੈਸਲਾ ਕੀਤੈ। ਮੈਂ ਤੇ ਉਤਮ ਸਿੰਘ ਦੁਆਬੇ ਵਿੱਚ ਤਾਂ ਸੁਨੇਹੇ ਦੇ ਆਏ ਆਂ। ਹੁਣ ਇਧਰ ਸਾਰਿਆਂ ਨੂੰ ਆਖਾਂਗੇ। ਸਭ ਦਾ ਖਿਆਲ ਐ ਕਿ ਕੋਈ ਵੱਡਾ ਪ੍ਰੋਗਰਾਮ ਉਲੀਕਿਆ ਜਾਵੇ।" ਈਸ਼ਰ ਨੇ ਦੱਸਿਆ।

"ਇਹ ਹੋਣਾ ਚਾਹੀਦਾ। ਪਾਰਟੀ ਨੇ ਜੇ ਕੋਈ ਪ੍ਰੋਗਰਾਮ ਨਾ ਬਣਾਇਆ ਤੇ ਕੋਈ ਐਕਸ਼ਨ ਨਾ ਕੀਤਾ ਤਾਂ ਸਾਡੇ ਪਿਛਲੇ ਕੰਮ ਵੀ ਐਵੇਂ ਗਏ।"

"ਮੀਟਿੰਗ ਭਰਵੀਂ ਹੋ ਜਾਵੇ ਤਾਂ ਹੀ ਕੋਈ ਗੱਲ ਬਣ ਸਕਦੀ ਐ!"

"ਇਧਰ ਇੱਕ ਬਹੁਤ ਮਾੜੀ ਘਟਨਾ ਹੋ ਗਈ!"

"ਕੀ ਹੋ ਗਿਆ? " ਈਸ਼ਰ ਇਕਦਮ ਹੈਰਾਨੀ ਵਿੱਚ ਬੋਲਿਆ।

"ਰੂੜ ਸਿੰਘ ਚੂਹੜਚੱਕ ਤੇ ਨਿਧਾਨ ਸਿੰਘ ਚੁੱਘਾ ਨੂੰ ਪੁਲਸ ਫੜ ਕੇ ਲੈ ਗਈ!"

"ਇਹ ਕੀ ਗੱਲ ਹੋ ਗਈ? "

"ਬੱਸ ਕਿਸੇ ਨੇ ਪੁਲਸ ਨੂੰ ਸੂਹ ਦਿੱਤੀ ਹੋਊਗੀ। ਦੋਹਾਂ ਨੂੰ ਪਿੰਡ ਕਮਾਲਪੁਰੇ ਤੋਂ ਫੜ ਲਿਆ!" ਪਾਖਰ ਸਿੰਘ ਡੂੰਘੇ ਗਮ ਵਿੱਚ ਬੋਲਿਆ।

"ਯਾਰ ਹੁਣ ਤਾਂ ਪੁਲਸ ਪਾਰਟੀ ਦੇ ਵੱਡੇ ਵੱਡੇ ਆਗੂ ਫੜ ਰਹੀ ਐ। ਉਧਰ ਪਿਆਰਾ ਸਿੰਘ ਲੰਗੇਰੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਅਸਲ ਵਿੱਚ ਅੰਗਰੇਜ਼ਾਂ ਦੇ ਪਿੱਠੂ ਲੋਕ ਇਹ ਕੰਮ ਕਰ ਰਹੇ ਐ। ਰੂੜ ਸਿੰਘ ਤੇ ਨਿਧਾਨ ਸਿੰਘ ਚੁੱਘਾ ਵਾਲੀ ਬਹੁਤ ਮਾੜੀ ਗੱਲ ਹੋਈ। ਦੋਵੇਂ ਬੰਦੇ ਪੁੱਜ ਕੇ ਸਿਆਣੇ । ਇਹ ਬੰਦੇ ਤਾਂ ਸਾਨੂੰ ਰਾਹ ਦੱਸਣ ਵਾਲੇ ਸੀ। ਦੋਵੇਂ ਬੰਦੇ ਗਦਰ ਪਾਰਟੀ ਦੇ ਮੋਢੀਆਂ ਵਿੱਚੋਂ ਹਨ।" ਈਸ਼ਰ ਡੂੰਘੀਆਂ ਸੋਚ ਵਿੱਚ ਫਸ ਗਿਆ।

ਉਹ ਤੇ ਉਤਮ ਸਿੰਘ ਹਾਲੇ ਥੋੜ੍ਹੇ ਦਿਨ ਹੀ ਹੋਏ ਸਨ ਰੂੜ ਸਿੰਘ ਨੂੰ ਉਸ ਦੇ ਪਿੰਡ ਮਿਲ ਕੇ ਆਏ ਸਨ। ਰੂੜ ਸਿੰਘ ਨੇ ਬਹੁਤ ਗੱਲਾਂ ਕੀਤੀਆਂ। ਉਸ ਕੋਲ ਬੜਾ ਵਿਸ਼ਾਲ ਗਿਆਨ ਤੇ ਡੂੰਘੀ ਸਮਝ ਸੀ। ਰੂੜ ਸਿੰਘ ਸਿੱਖ ਸਰਦਾਰਾਂ ਦੀ ਗੱਲ ਕਰ ਰਿਹਾ ਸੀ। ਉਸ ਨੇ ਦੁਖੀ ਮਨ ਨਾਲ ਕਿਹਾ ਸੀ ਕਿ ਇਨ੍ਹਾਂ ਲੋਕਾਂ ਨੂੰ ਸਾਡੇ ਦੇਸ਼ ਨਾਲ ਕੋਈ ਹਮਦਰਦੀ ਨਹੀਂ। ਸਾਡੇ ਲੋਕਾਂ ਦੇ ਹਿੱਤਾਂ ਦਾ ਇਨ੍ਹਾਂ ਨੂੰ ਕੋਈ ਖਿਆਲ ਨਹੀਂ। ਇਹ ਲੋਕ ਗਦਰ ਪਾਰਟੀ ਦੇ ਨੇਤਾਵਾਂ ਨੂੰ ਗ੍ਰਿਫਤਾਰ ਕਰਵਾ ਕੇ ਇਨਾਮ ਹਾਸਲ ਕਰਨਾ ਚਾਹੁੰਦੇ

ਐ। ਮੁੱਰਬੇ ਭਾਲਦੇ ਐ। ਇਹ ਮੁੱਰਬੇ ਲੈ ਵੀ ਜਾਣਗੇ। ਸਰਕਾਰੇ ਦਰਬਾਰੇ ਇਨ੍ਹਾਂ ਦੀ ਚੱਲਦੀ ਐ। ਆਉਣ ਵਾਲੇ ਸਾਲਾਂ ਵਿੱਚ ਸਭ ਤੋਂ ਖਤਰਨਾਕ ਗੱਲ ਇਹ ਹੋਵੇਗੀ ਕਿ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਆਰਥਿਕ ਪੱਖੋਂ ਬਹੁਤ ਤਕੜੇ ਹੋਣਗੇ, ਜਿਸ ਕਰਕੇ ਇਨ੍ਹਾਂ ਦੀਆਂ ਔਲਾਦ ਹੀ ਚੰਗਾ ਪੜ੍ਹ ਲਿਖ ਸਕੇਗੀ। ਸਧਾਰਨ ਲੋਕ ਤਾਂ ਦੋ ਡੰਗ ਦੀ ਰੋਟੀ ਮਸੀਂ ਕਮਾ ਕੇ ਖਾਣਗੇ। ਉਨ੍ਹਾਂ ਆਪਣੇ ਬੱਚੇ ਕੀ ਪੜ੍ਹਾਉਂਣੇ ਹੋਏ। ਅਮੀਰਾਂ ਦੇ ਬੱਚੇ ਪੜ੍ਹ ਕੇ ਦੇਸ਼ ਦੇ ਵੱਡੇ ਅਫਸਰ ਬਣਨਗੇ। ਇਸ ਤਰ੍ਹਾਂ ਨੇੜ ਭਵਿੱਖ ਵਿੱਚ ਦੇਸ਼ ਦੀ ਵੱਡੀ ਅਫਸਰਸ਼ਾਹੀ ਵਿੱਚ ਭ੍ਰਿਸ਼ਟ ਬੰਦੇ ਸ਼ਾਮਲ ਹੋਣਗੇ।

ਈਸ਼ਰ ਸਿੰਘ ਨੂੰ ਰੂੜ ਸਿੰਘ ਦੀਆਂ ਡੂੰਘੀਆਂ ਗੱਲਾਂ ਯਾਦ ਆ ਰਹੀਆਂ ਸਨ। "ਸਾਨੂੰ ਲਾਜ਼ਮੀ ਕੋਈ ਵੱਡੇ ਐਕਸ਼ਨ ਕਰਨੇ ਪੈਣਗੇ।" ਈਸ਼ਰ ਸਿੰਘ ਸੋਚਾਂ ਸੋਚਦਾ ਬੋਲਿਆ ਫਿਰ ਕੁਝ ਚਿਰ ਚੁੱਪ ਛਾਈ ਰਹੀ।

"ਸੱਚ ਮੈਂ ਰੋਟੀ ਲਿਆਵਾਂ। ਰੋਟੀ ਪੱਕੀ ਪਈ ਐ!" ਪਾਖਰ ਸਿੰਘ ਬੋਲਿਆ।

"ਕੋਈ ਗੱਲ ਨਹੀਂ ਰੋਟੀ ਠਹਿਰ ਕੇ ਖਾ ਲਵਾਂਗੇ। ਪਹਿਲਾਂ ਪਿੰਡ ਦੇ ਬੰਦਿਆਂ ਨਾਲ ਜੇ ਗੱਲ ਬਾਤ ਹੋ ਜਾਵੇ ਤਾਂ ਚੰਗਾ ਹੈ।" ਈਸ਼ਰ ਨਿਰਾਸਿਆ ਵਾਂਗ ਬੋਲਿਆ।

"ਗੱਲ ਤਾਂ ਠੀਕ ਐ ਕਿ ਜੇ ਪਿੰਡ ਦੇ ਸਾਰੇ ਇਕੱਠੇ ਹੋ ਜਾਣ। ਕੋਈ ਗੱਲ ਬਾਤ ਕੀਤੀ ਜਾਵੇ। ਸਾਰੇ ਜਣੇ ਇੱਕ ਦੂਜੇ ਨੂੰ ਮਿਲ ਵੀ ਲੈਂਦੇ ਐ ਪਰ ਗੱਲ ਇੱਕ ਇਹ ਵੀ ਹੈ ਕਿ ਆਪਣੇ ਗਵਾਂਡ 'ਚ ਰੂੜ ਸਿੰਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਪੁੱਛਗਿੱਛ ਵੀ ਕੀਤੀ ਜਾਊਗੀ। ਹੁਣ ਢੁੱਡੀਕੇ ਤੇ ਚੂਹੜ ਚੱਕ ਵਿੱਚ ਭਲਾ ਕੀ ਫਰਕ ਐ। ਨੇੜੇ ਨੇੜੇ ਐ ਦੋਵੇਂ ਪਿੰਡ। ਇਸ ਕਰਕੇ ਹੁਣ ਆਪਣੇ ਪਿੰਡ ਉਤੇ ਵੀ ਪੁਲਸ ਸ਼ਿਕੰਜਾ ਕਸ ਸਕਦੀ ਐ!" ਪਾਖਰ ਨੇ ਕੁਝ ਆਉਣ ਵਾਲੇ ਦਿਨਾਂ ਬਾਰੇ ਸੋਚ ਕੇ ਕਿਹਾ।

"ਇਹ ਗੱਲ ਤੇਰੀ ਸੋਲਾਂ ਆਨੇ ਸਹੀ ਐ। ਪੁਲਸ ਹੁਣ ਏਥੇ ਵੱਧ ਆਊਗੀ। ਇੱਕ ਗੱਲ ਤਾਂ ਆਪਾਂ ਨੂੰ ਪੂਰਾ ਯਕੀਨ ਐ ਕਿ ਰੂੜ ਸਿੰਘ ਗਦਰ ਪਾਰਟੀ ਦਾ ਮੁੱਢ ਬੰਨ੍ਹਣ ਵਾਲਿਆਂ ਵਿੱਚੋਂ ਐ। ਉਹ ਪੁਲਸ ਦਾ ਹਰ ਤਸ਼ੱਦਦ ਸਹਿਣ ਕਰ ਲਊਗਾ ਪਰ ਪਾਰਟੀ ਦਾ ਭੇਦ ਨਹੀਂ ਦੇਵੇਗਾ। ਉਹ ਮਰ ਸਕਦਾ ਹੈ, ਪਰ ਕਿਸੇ ਅੱਗੇ ਝੁਕ ਨਹੀਂ ਸਕਦਾ।" ਈਸ਼ਰ ਸਿੰਘ ਨੇ ਬੜੇ ਭਰੋਸੇ ਨਾਲ ਗੱਲ ਕੀਤੀ।

"ਇਸ ਗੱਲ ਦਾ ਤਾਂ ਸਾਨੂੰ ਵੀ ਪੱਕਾ ਯਕੀਨ ਹੈ!" ਪਾਖਰ ਸਿੰਘ ਨੇ ਵੀ ਹਿੱਕ ਥਾਪੜੀ।

"ਫਿਰ ਆਪਾਂ ਪਿੰਡ ਦੀ ਮੀਟਿੰਗ ਬਾਰੇ ਕੀ ਕਰੀਏ? " ਈਸ਼ਰ ਬੋਲਿਆ।

"ਮੀਟਿੰਗ ਕਦੋਂ ਰੱਖੀ ਐ? "

"ਮੀਟਿੰਗ ਰੱਖੀ ਐ ਪੱਚੀ ਮਈ ਨੂੰ!"

"ਹਾਲੇ ਬਥੇਰੇ ਦਿਨ ਪਏ ਐ। ਤੂੰ ਇਉਂ ਕਰ। ਹੁਣ ਚੁੱਪ ਕਰਕੇ ਰੋਟੀ ਖਾਹ। ਇਕ ਦੋ ਦਿਨਾਂ ਵਿੱਚ ਮੈਂ ਤੇ ਫੇਰਾ ਸਿੰਘ ਮਿਲ ਕੇ ਪਿੰਡ ਦੀ ਮੀਟਿੰਗ ਕਰ ਲਵਾਂਗੇ। ਸਾਰਿਆਂ ਨੂੰ ਦੱਸ ਦਿਆਂਗੇ ਕਿ ਭਾਈ ਪੱਚੀ ਨੂੰ ਤਿਆਰ ਰਹਿਣਾ।"

"ਮੀਟਿੰਗ ਰੱਖਾਂਗੇ ਪਾਲਾ ਸਿੰਘ ਦੇ ਖੇਤ। ਉਹ ਸੁੰਨਾ ਜਿਹਾ ਪਾਸਾ। ਉਧਰ ਨਾਕੋਈ ਆਵੇ ਨਾ ਜਾਵੇ !"

"ਚਲੋ ਠੀਕ ਐ!"

"ਚੰਗਾ ਮੈਂ ਹੁਣ ਘਰ ਹੋ ਕੇ ਆਸੇ ਪਾਸੇ ਪਿੰਡਾਂ ਵਿੱਚ ਪੱਚੀ ਵਾਸਤੇ ਸੁਨੇਹੇ ਦੇਣ ਜਾਊਂਗਾ!"

"ਪਹਿਲਾਂ ਰੋਟੀ ਖਾ ਕੇ ਜਾਹ!" ਪਾਖਰ ਅੰਦਰੋਂ ਰੋਟੀ ਲੈਣ ਚਲਾ ਲਿਆ। ਈਸ਼ਰ ਆਪਣੇ ਪਿੰਡ ਵਿੱਚ ਬੈਠਾ ਇੱਕ ਵੱਖਰਾ ਹੀ ਆਨੰਦ ਮਹਿਸੂਸ ਕਰ ਰਿਹਾ ਸੀ। ਆਖਰ ਆਪਣਾ ਪਿੰਡ ਤਾਂ ਆਪਣਾ ਪਿੰਡ ਹੀ ਹੁੰਦਾ ਹੈ।

## ਸੋਲਾਂ

ਗਦਰ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਪਾਲਾ ਸਿੰਘ ਢੁੱਡੀਕੇ ਦੇ ਖੇਤ ਰੱਖੀ ਹੋਈ ਸੀ। ਜਗਰਾਓਂ, ਕਾਉਂਕੇ, ਅਜੀਤਵਾਲ, ਕੋਕਰੀ, ਝੰਡੇਆਣਾ, ਤਖਾਣਵੱਧ, ਦੌਧਰ, ਚੂਹੜਚੱਕ, ਵਹਿਣੀਵਾਲ ਤੇ ਰੋਡੇ ਆਦਿ ਪਿੰਡਾਂ ਵਿੱਚ ਮੀਟਿੰਗ ਦਾ ਸੁਨੇਹਾ ਦੇ ਕੇ ਈਸ਼ਰ ਸਿੰਘ ਬਹੁਤ ਦਿਨਾਂ ਬਾਅਦ ਵੱਗਾ ਵੇਲੇ ਆਪਣੇ ਪਿੰਡ ਪਹੁੰਚ ਗਿਆ। ਘਰ ਜਾਣ ਦੀ ਥਾਂ ਉਹ ਪਿੰਡ ਦੇ ਚੜ੍ਹਦੇ ਪਾਸੇ ਹੋ ਕੇ ਦੌਧਰ ਦੇ ਰਾਹ ਵੱਲ ਚੱਲ ਪਿਆ। ਅੱਗੇ ਇੱਕ ਮੋੜ ਮੁੜਦਿਆਂ ਦੋ ਸਿਪਾਹੀ ਆਉਂਦੇ ਮਿਲ ਪਏ। ਈਸ਼ਰ ਚੁੱਪ ਚਾਪ ਤੁਰਦਾ ਗਿਆ।

"ਉਏ ਗੱਲ ਸੁਣ। ਸਾਨੂੰ ਈਸ਼ਰ ਦਾ ਘਰ ਦੱਸ!" ਇੱਕ ਸਿਪਾਹੀ ਰੋਅਬ ਨਾਲ ਬੋਲਿਆ ਈਸ਼ਰ ਦੇ ਮੈਲੇ ਕੁਚੈਲੇ ਕੱਪੜੇ । ਸਿਰ ਉਤੇ ਵਿੰਗੀ ਜਿਹੀ ਪੱਗ । ਅੱਧਾ ਮੱਥਾ ਢਕਿਆ ਹੋਇਆ। ਉਹ ਵੇਖਣ ਨੂੰ ਸਿੱਧੜ ਜਿਹਾ ਕਾਮਾ ਜਾਪਦਾ ਸੀ।

"ਈਸ਼ਰ ਸਿੰਘ....ਅੱਛਾ....ਈਸ਼ਰ ਸਿੰਘ । ਹਾਂ ਬਈ ਸਾਡੇ ਪਿੰਡ ਇੱਕ ਈਸ਼ਰ ਸਿੰਘ ਹੁੰਦਾ ਤਾਂ ਸੀ ਪਰ ਉਹ ਬੁੜ੍ਹਾ ਤਾਂ ਮਰ ਗਿਆ!" ਈਸ਼ਰ ਜਿਵੇਂ ਡੂੰਘਾ ਸੋਚ ਸੋਚ ਕੇ ਬੋਲਿਆ।

"ਉਏ ਨਹੀਂ ਉਏ! ਲੱਗਦਾ ਬੁੜ੍ਹੇ ਦਾ। ਅਸੀਂ ਤਾਂ ਉਸ ਈਸ਼ਰ ਦਾ ਘਰ ਪੁੱਛਦੇ ਆ ਜਿਹੜਾ ਕੈਨੇਡਾ ਤੋਂ ਆਇਆ!" ਸਿਪਾਹੀ ਨੇ ਅੱਖਾਂ ਕੱਢੀਆਂ।

"ਸਾਡੇ ਪਿੰਡ ਤਾਂ ਜੀ ਕੈਨੇਡਾ ਤੋਂ ਕੋਈ ਈਸ਼ਰ ਆਇਆ ਨਹੀਂ। ਨਾਲੇ ਜੀ ਜਿਹੜੇ ਕੈਨੇਡਾ ਜਾਂਦੇ ਐ ਉਹ ਭਲਾ ਕਦੋਂ ਛੇਤੀ ਆਉਂਦੇ ਐ!" ਈਸ਼ਰ ਅਣਭੋਲ ਬਣ ਗਿਆ। "ਉਏ ਜਾਹ ਜਾਹ। ਤੁਰਿਆ ਜਾਹ ਚੁੱਪ ਕਰਕੇ ਆ ਜਾਂਦੇ ਐ ਸੁੱਤੇ ਪਏ ਉਠ ਕੇ।" ਸਿਪਾਹੀ ਬੁੜ ਬੁੜ ਕਰਦਾ ਤੁਰ ਗਿਆ ਤੇ ਦੂਜਾ ਸਿਪਾਹੀ ਵੀ ਤੁਰਦਾ ਬਣਿਆ। ਈਸ਼ਰ ਚੁੱਪਚਾਪ ਮੋੜ ਮੁੜ ਗਿਆ।

ਦੌਧਰ ਦੇ ਰਾਹ ਪੈ ਕੇ ਈਸ਼ਰ ਖੇਤਾਂ ਵਿੱਚੋਂ ਪਾਲਾ ਸਿੰਘ ਦੇ ਖੇਤ ਪਹੁੰਚ ਗਿਆ। ਅੱਗੇ ਪਾਲਾ ਸਿੰਘ ਟਾਹਲੀ ਦੀ ਛਾਵੇਂ ਅਰਾਮ ਨਾਲ ਬੈਠਾ ਸੀ। ਸਿਪਾਹੀ ਵਾਲੀ ਗੱਲ

ਕਰਕੇ ਦੋਵੇਂ ਸਾਥੀ ਬਹੁਤ ਹੱਸੇ।

"ਪਿੰਡ ਦਾ ਸੁਣਾ ਕੀ ਹਾਲ ਐ? " ਈਸ਼ਰ ਬੋਲਿਆ।

"ਸਭ ਠੀਕ ਐ । ਪਿੰਡ ਵਾਲੇ ਤਾਂ ਸਾਰੇ ਹੁਣੇ ਆਏ ਲੈ।"

"ਤੇ ਬਾਹਰੋਂ ਵੀ ਬੰਦੇ ਬਹੁਤ ਆ ਜਾਣਗੇ!" ਈਸ਼ਰ ਨੇ ਦੱਸਿਆ। ਫਿਰ ਉਸ ਨੇ ਉਠ ਕੇ ਟਾਹਲੀ ਦੇ ਮੁੱਢ ਪਏ ਘੜੇ ਚੋਂ ਪਾਣੀ ਦਾ ਗਿਲਾਸ ਭਰ ਕੇ ਪੀਤਾ। ਪੈਰੋਂ ਜੁੱਤੀ ਲਾਹ ਕੇ ਉਹ ਪਾਲਾ ਸਿੰਘ ਦੇ ਕੋਲ ਬੈਠ ਗਿਆ। ਉਸ ਨੇ ਆਸੇ ਪਾਸੇ ਸਰਸਰੀ ਝਾਤ ਮਾਰੀ। ਦੂਰ ਦੂਰ ਤੱਕ ਖੇਤ ਖਾਲੀ ਪਏ ਸਨ। ਕੋਈ ਕੋਈ ਖੇਤ ਵਾਹਿਆ ਹੋਇਆ ਸੀ। ਦਿਨ ਕਿਥੇ ਚਲਾ ਗਿਆ ਸੀ ਹਾਲੇ ਵੀ ਪੂਰੀ ਗਰਮੀ ਸੀ।

ਦਿਨ ਛੁਪਾਅ ਦੇ ਨਾਲ ਪਾਖਰ ਸਿੰਘ, ਪਾਲਾ ਸਿੰਘ ਵੱਡਾ, ਮਹਿੰਦਰ ਸਿੰਘ, ਰੂੜ ਸਿੰਘ, ਸ਼ਾਮ ਸਿੰਘ ਤੇ ਬਚਨ ਸਿੰਘ ਹੋਰੀਂ ਆ ਪਹੁੰਚੇ। ਮਾਸਟਰ ਫੇਰਾ ਸਿੰਘ ਨੇ ਪਿੰਡ ਰਹਿ ਕੇ ਦੌਧਰ ਵਾਲੇ ਰਸਤੇ ਉਤੇ ਨਿਗਰਾਨੀ ਰੱਖਣੀ ਸੀ। ਫਿਰ ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਵੀਰ ਸਿੰਘ ਬਾਹੋਵਾਲ, ਉਤਮ ਸਿੰਘ, ਬੂਟਾ ਸਿੰਘ ਅਕਾਲਗੜ੍ਹ, ਕਪੂਰ ਸਿੰਘ ਕਾਉਂਕੇ ਤੇ ਅਰਜਨ ਸਿੰਘ ਹੋਰੀਂ ਆ ਪਹੁੰਚੇ। ਕੋਈ ਕਿਸੇ ਪਾਸਿਓਂ ਤੇ ਕੋਈ ਕਿਸੇ ਪਾਸਿਓਂ। ਸਭ ਇਕੱਠੇ ਹੋ ਗਏ। ਸਭ ਤੋਂ ਪਹਿਲਾਂ ਬੰਤਾ ਸਿੰਘ ਸੰਘਵਾਲ ਕਹਿਣ ਲੱਗਾ, "ਭਰਾਵੋਂ, ਗਦਰ ਪਾਰਟੀ ਦੇ ਜਿਹੜੇ ਵੀ ਸਾਡੇ ਲੀਡਰ ਪੁਲਸ ਨੇ ਗ੍ਰਿਫਤਾਰ ਕੀਤੇ ਐ। ਸਾਨੂੰ ਉਨ੍ਹਾਂ ਦਾ ਬਹੁਤ ਦੁੱਖ ਐ। ਹੁਣ ਨਿਧਾਨ ਸਿੰਘ ਚੁੱਘਾ ਤੇ ਰੂੜ ਸਿੰਘ ਚੂਹੜਚੱਕ ਨੂੰ ਪੁਲਸ ਫੜ ਕੇ ਲੈ ਗਈ। ਸਾਨੂੰ ਇਨ੍ਹਾਂ ਬਾਰੇ ਜ਼ਰੂਰ ਸੋਚਣਾ ਚਾਹੀਦਾ!"

"ਜਿੰਨੇ ਵੀ ਪਾਰਟੀ ਦੇ ਬੰਦੇ ਪੁਲਸ ਨੇ ਫੜੇ ਐ ਉਹ ਸਭ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਦੀ ਸੂਹ ਨਾਲ ਫੜੇ ਐ!" ਜਵੰਦ ਸਿੰਘ ਬੋਲਿਆ।

"ਇਹ ਬੰਦੇ ਦੇਸ਼ ਦੇ ਗਦਾਰ ਐ। ਇਨ੍ਹਾਂ ਨਾਲ ਸਿੱਝਣਾ ਜ਼ਰੂਰੀ ਐ।" ਪਾਲਾ ਸਿੰਘ ਸਖਤ ਹੋ ਕੇ ਬੋਲਿਆ।

"ਸਿੱਝਣ ਲਈ ਸਾਡੇ ਕੋਲ ਹਥਿਆਰ ਹੋਣੇ ਜ਼ਰੂਰੀ ਐ।" ਉਤਮ ਨੇ ਕਿਹਾ।

"ਵੇਖੋ ਅੱਜ ਦੀ ਮੀਟਿੰਗ ਇਸ ਕਰਕੇ ਰੱਖੀ ਹੈ ਕਿ ਗਦਰ ਪਾਰਟੀ ਦੇ ਵੱਡੇ ਆਗੂ ਪੁਲਸ ਗ੍ਰਿਫਤਾਰ ਕਰ ਰਹੀ ਹੈ। ਇਸ ਤਰ੍ਹਾਂ ਤਾਂ ਪਾਰਟੀ ਦੇ ਸਭ ਆਗੂ ਹੌਲੀ ਹੌਲੀ ਅੰਦਰ ਹੋ ਜਾਣਗੇ ਤੇ ਪਾਰਟੀ ਨੇ ਜਿਸ ਕੰਮ ਦਾ ਬੀੜਾ ਚੁੱਕਿਆ ਸੀ ਉਹ ਕੰਮ ਕਿਧਰ ਗਿਆ। ਇਸ ਕਰਕੇ ਮੇਰੀ ਰਾਏ ਹੈ ਕਿ ਪਾਰਟੀ ਕੋਈ ਵੱਡਾ ਪ੍ਰੋਗਰਾਮ ਬਣਾਏ ਤੇ ਸਖਤ ਹਮਲੇ ਕਰੇ ਜਿਸ ਨਾਲ ਅੰਗਰੇਜ਼ ਨੂੰ ਵਖਤ ਪੈ ਜਾਵੇ। ਸਰਕਾਰ ਦੀ ਨੀਂਦ ਉਡ ਜਾਵੇ। ਸੋ ਭਰਾਵੋਂ ਇਸ ਕਰਕੇ ਮੇਰੀ ਰਾਏ ਹੈ ਕਿ ਆਉ ਰਲ ਕੇ ਕੋਈ ਵਿਉਂਤ ਬਣਾਈਏ ਜਿਸ ਨਾਲ ਆਪਣੇ ਹਥਿਆਰ ਇੱਕਠੇ ਹੋ ਜਾਣ। ਫਿਰ ਕਿਤੇ ਡਾਕੇ ਮਾਰੀਏ। ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੂੰ ਸੋਧੀਏ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ।" ਈਸ਼ਰ ਸਿੰਘ ਆਪਣੀ ਗੱਲ ਕਹਿ ਕੇ ਚੁੱਪ ਕਰ ਗਿਆ।

"ਪ੍ਰੋਗਰਾਮ ਲਉ ਬਣਾ ਤੇ ਐਕਸ਼ਨ ਦੀ ਕਰੋ ਤਿਆਰੀ। ਉਸ ਵੇਲੇ ਨਾ ਕੋਈ

ਪਿੱਛੇ ਹਟੇ ਤੇ ਜੇ ਅਸੀਂ ਕੁਝ ਕਰਨਾ ਨਹੀਂ ਫੇਰ ਤਾਂ ਗੱਲਾਂ ਦਾ ਵੀ ਕੋਈ ਫਾਇਦਾ ਨਹੀਂ।" ਪਾਲਾ ਸਿੰਘ ਨੇ ਕਰੜਾ ਹੋ ਕੇ ਕਿਹਾ। ਫਿਰ ਉਸ ਨੇ ਆਸੇ ਪਾਸੇ ਵੀ ਝਾਤ ਮਾਰੀ। ਖੇਤਾਂ ਵਿੱਚ ਖੇਤਾਂ ਦੇ ਰਾਣੇ ਡੂੰਘੀਆਂ ਗੱਲਾਂ ਵਿੱਚ ਰੁੱਝੇ ਹੋਏ ਸਨ।

ਕੁਝ ਚਿਰ ਬਾਅਦ ਬੰਤਾ ਸਿੰਘ ਹੌਲੀ ਜਿਹੀ ਗੱਲ ਕਰਨ ਲੱਗਾ, "ਭਰਾਵੋ ਹੁਣ ਜ਼ਰਾ ਸਾਡੀ ਇੱਕ ਹੋਰ ਗੱਲ ਸੁਣੋ ਜੇ ਸਾਰਿਆਂ ਨੂੰ ਇਹ ਮਨਜ਼ੂਰ ਹੋਵੇ। ਮੈਂ ਤਾਂ ਜਵੰਦ ਸਿੰਘ ਨੰਗਲ ਪਿਛਲੇ ਦਿਨਾਂ ਵਿੱਚ ਕਪੂਰਥਲੇ ਗਏ ਸੀ। ਉਥੇ ਸਾਡੀ ਇੱਕ ਜਾਣ ਪਛਾਣ ਵਾਲਾ ਚੰਗਾ ਦੋਸਤ ਹੈ। ਅਸੀਂ ਉਸ ਨਾਲ ਗੱਲ ਕੀਤੀ ਹੈ। ਆਪਾਂ ਜੇਕਰ ਕਿਸੇ ਰਾਤ ਕਪੂਰਥਲੇ ਦੇ ਅਸਲਾਖਾਨੇ ਉਤੇ ਹਮਲਾ ਕਰੀਏ ਤਾਂ ਉਹ ਪਹਿਰੇਦਾਰ ਆਪਾਂ ਨੂੰ ਅਸਲਾਖਾਨੇ ਦੀਆਂ ਚਾਬੀਆਂ ਦੇ ਦੇਵੇਗਾ। ਆਪਾਂ ਇਕੱਠੇ ਹੋ ਕੇ ਉਥੋਂ ਬੰਦੂਕਾਂ ਲੁੱਟ ਲਈਏ।"

"ਉਸ ਭਾਈ ਨਾਲ ਗੱਲ ਕਰ ਲਈ?" ਪਾਖਰ ਸਿੰਘ ਬੋਲਿਆ।

"ਉਸ ਭਾਈ ਦੇ ਨਾਲ ਗੱਲ ਪੱਕੀ ਕਰ ਲਈ ਐ। ਉਹ ਆਪਾਂ ਨੂੰ ਚਾਬੀਆਂ ਜ਼ਰੂਰ ਦੇਵੇਗਾ। ਪਰ ਸ਼ਰਤ ਇੱਕ ਹੈ ਕਿ ਉਥੇ ਪੰਜਾਹ ਸੱਠ ਬੰਦੇ ਜਾਣੇ ਚਾਹੀਦੇ ਐ।" ਜਵੰਦ ਸਿੰਘ ਬੜੇ ਭਰੋਸਾ ਨਾਲ ਬੋਲਿਆ।

"ਯਾਰੋ ਬੰਦੇ ਪੰਜਾਹ ਵੀ ਇਕੱਠੇ ਨਾ ਹੋਣਗੇ? ਬੱਸ ਤਿਆਰੀ ਕਰੋ।" ਬੂਟਾ ਸਿੰਘ ਅਕਾਲਗੜ੍ਹ ਜੋਸ਼ ਨਾਲ ਬੋਲਿਆ।

ਫਿਰ ਸਾਰੇ ਬੰਦਿਆਂ ਨੇ ਇਹ ਗੱਲ ਪੱਕੀ ਕਰ ਲਈ ਕਿ ਕਪੂਰਥਲਾ ਜ਼ਰੂਰ ਚੱਲਾਂਗੇ। ਸਭ ਦੀ ਰਾਏ ਨਾਲ ਪੰਜ ਜੂਨ ਦੀ ਤਰੀਕ ਬੰਨ੍ਹ ਲਈ। ਈਸ਼ਰ ਕਹਿਣ ਲੱਗਾ ਕਿ ਜਿਵੇਂ ਵੀ ਹੋ ਸਕੇ ਸਾਰੇ ਜਣੇ ਇਕੱਠੇ ਹੋ ਕੇ ਕਪੂਰਥਲੇ ਪਹੁੰਚ ਜਾਣ। ਬੰਦੇ ਵੱਧ ਤੋਂ ਵੱਧ ਲੈ ਕੇ ਜਾਣ।

"ਯਾਰੋ ਕਿਤੇ ਮੈਨੂੰ ਨਾ ਛੱਡ ਜਾਇਓ। ਮੈਨੂੰ ਕੋਈ ਤਰੀਕ ਯਾਦ ਨਹੀਂ ਰਹਿਣੀ।" ਰੂੜ ਸਿੰਘ ਨੇ ਸਿੱਧੀ ਜਿਹੀ ਗੱਲ ਕੀਤੀ।

"ਬਈ ਤੈਨੂੰ ਤਾਂ ਜ਼ਰੂਰ ਲੈ ਕੇ ਚੱਲਾਂਗੇ। ਬੱਸ ਤੂੰ ਤਿਆਰ ਰਹਿ।" ਬਚਨ ਸਿੰਘ ਹੱਸ ਕੇ ਬੋਲਿਆ।

"ਤਿਆਰ ਰਹਿਣ ਨੂੰ ਕੀ ਐ। ਮੈਨੂੰ ਤਾਂ ਇੱਕ ਨਰੋਆ ਜਿਹਾ ਸੋਟਾ ਲਿਆ ਦਿਓ। ਜਿਹਦੇ ਸੋਟਾ ਵੱਜ ਗਿਆ ਉਹਦਾ ਤਾਂ ਸਿਰ ਫੇਹ ਦੇਊਂਗਾ!" ਰੂੜ ਸਿੰਘ ਫੇਰ ਬੋਲਿਆ।

"ਕਿਤੇ ਹਨੇਰੇ ਵਿੱਚ ਸਾਡੇ ਨਾ ਮੌਰ ਸੇਕ ਦੇਵੀਂ!" ਬਚਨ ਸਿੰਘ ਹੱਸਿਆ। ਸਾਰੇ ਜਣੇ ਬਹੁਤ ਉਤਸ਼ਾਹ ਵਿੱਚ ਸਨ। ਕਪੂਰਥਲੇ ਦਾ ਪ੍ਰੋਗਰਾਮ ਤਾਂ ਜਿਵੇਂ ਉਨ੍ਹਾਂ ਲਈ ਮਸਾਂ ਬਣਿਆ ਸੀ। ਬਾਹਰਲੇ ਬੰਦਿਆਂ ਦੇ ਰਹਿਣ ਦਾ ਪ੍ਰਬੰਧ ਮਾਸਟਰ ਫੇਰਾ ਸਿੰਘ ਰਾਹੀਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਕੀਤਾ ਗਿਆ ਸੀ। ਪਾਖਰ ਸਿੰਘ ਹੋਰੀਂ ਜਵੰਦ ਸਿੰਘ ਹੋਰਾਂ ਨੂੰ ਲੈ ਕੇ ਸਕੂਲ ਨੂੰ ਤੁਰ ਪਏ। ਦੂਜੇ ਬੰਦੇ ਆਪੋ ਆਪਣੇ ਘਰਾਂ ਨੂੰ ਹੋ ਤੁਰੇ। ਹੁਣ ਤਾਂ ਸਭ ਦੇ ਦਿਲ ਵਿੱਚ ਕਪੂਰਥਲੇ ਦਾ ਨਾਂ ਹੀ ਘੁੰਮ ਰਿਹਾ ਸੀ।

ਈਸ਼ਰ ਸਿੰਘ ਨੂੰ ਪੰਜ ਜੂਨ ਮਸੀਂ ਆਈ। ਪਿੰਡ ਢੁੱਡੀਕੇ ਦੇ ਸਾਰੇ ਪਾਰਟੀ ਮੈਂਬਰ ਕਿਵੇਂ ਨਾ ਕਿਵੇਂ ਕਪੂਰਥਲੇ ਪਹੁੰਚ ਗਏ। ਸਾਰੇ ਜਣੇ ਅੱਜ ਪਹਿਲੀ ਵਾਰ ਕਪੂਰਥਲੇ ਪਹੁੰਚੇ ਸਨ ਪਰ ਈਸ਼ਰ ਸਿੰਘ ਖੁਸ਼ ਸੀ ਕਿ ਪਿੰਡ ਦਾ ਇੱਕ ਵੀ ਬੰਦਾ ਨਹੀਂ ਸੀ ਖੁੰਝਿਆ। ਹੌਲੀ ਹੌਲੀ ਤੁਰਦੇ ਇਹ ਇੱਕ ਬਾਗ ਵਿੱਚ ਆ ਕੇ ਬੈਠ ਗਏ। ਹੋਰ ਬੰਦਿਆਂ ਨੇ ਵੀ ਏਥੇ ਹੀ ਆਉਣਾ ਸੀ। ਗਦਰੀ ਦੋ ਦੋ ਤਿੰਨ ਤਿੰਨ ਦੀਆਂ ਟੋਲੀਆਂ ਵਿੱਚ ਬਾਗ ਵੇਖਦੇ ਇਧਰ ਉਧਰ ਘੁੰਮਣ ਲੱਗੇ। ਕੁਝ ਚਿਰ ਬਾਅਦ ਬੰਤਾ ਸਿੰਘ ਸੰਘਵਾਲ, ਜਵੰਦ ਸਿੰਘ ਨੰਗਲ, ਵੀਰ ਸਿੰਘ ਬਾਹੋਵਾਲ, ਰੰਗਾ ਸਿੰਘ ਖੁਰਦਪੁਰ, ਹਰਦਿੱਤ ਸਿੰਘ ਡੱਲੇਵਾਲ, ਉਤਮ ਸਿੰਘ ਹਾਂਸ, ਬੂਟਾ ਸਿੰਘ ਅਕਾਲਗੜ੍ਹ, ਅਰਜਨ ਸਿੰਘ, ਕਪੂਰ ਸਿੰਘ ਕਾਉਂਕੇ ਤੇ ਇੰਦਰ ਸਿੰਘ ਹੋਰੀਂ ਆ ਪਹੁੰਚੇ।

ਈਸ਼ਰ ਸਿੰਘ ਇੱਕ ਪਾਸੇ ਬੈਠਾ ਵੇਖ ਰਿਹਾ ਸੀ ਕਿ ਕੁੱਲ ਵੀਹ ਕੁ ਬੰਦੇ ਹੋਣਗੇ। ਉਨ੍ਹਾਂ ਦਾ ਯਤਨ ਸੀ ਕਿ ਘੱਟੋ ਘੱਟ ਪੰਜਾਹ ਬੰਦੇ ਜ਼ਰੂਰ ਪਹੁੰਚ ਜਾਣ। ਫਿਰ ਕੋਲ ਉਸ ਬੰਤਾ ਸਿੰਘ ਤੇ ਜਵੰਦ ਸਿੰਘ ਦੋਵੇਂ ਆ ਗਏ। ਉਨ੍ਹਾਂ ਦੇ ਚਿਹਰੇ ਦੱਸ ਰਹੇ ਸਨ ਕਿ ਉਹ ਪੂਰੇ ਉਦਾਸ ਸਨ। ਈਸ਼ਰ ਉਨ੍ਹਾਂ ਵੱਲ ਵੇਖ ਕੇ ਹੋਰ ਵੀ ਉਦਾਸ ਹੋ ਗਿਆ। ਉਹ ਕਿੰਨੇ ਦਿਨ ਬਾਹਰ ਪਿੰਡਾਂ ਵਿੱਚ ਘੁੰਮਦਾ ਰਿਹਾ। ਇਧਰ ਬੰਤਾ ਸਿੰਘ ਹੋਰਾਂ ਨੇ ਵੀ ਬਹੁਤ ਜ਼ੋਰ ਲਾਇਆ ਪਰ ਬੰਦੇ ਮਸਾਂ ਵੀਹ ਇਕੱਠੇ ਹੋਏ। ਅੱਜ ਕਿੰਨਾ ਵਧੀਆ ਮੌਕਾ ਸੀ। ਜਵੰਦ ਸਿੰਘ ਤੇ ਬੰਤਾ ਸਿੰਘ ਨੇ ਅਸਲਾਖਾਨੇ ਦੇ ਸੰਤਰੀ ਨਾਲ ਪੂਰੀ ਗੰਢਤੁੱਪ ਕਰ ਰੱਖੀ ਸੀ। ਅਸੀਂ ਤਾਂ ਬੰਦੇ ਲੈ ਕੇ ਹਮਲਾ ਕਰਨਾ ਸੀ ਪਰ ਉਸ ਨੇ ਸਾਨੂੰ ਚਾਬੀਆਂ ਹੀ ਫੜਾ ਦੇਣੀਆਂ ਸਨ। ਆਖਰ ਉਸ ਬੰਦੇ ਨੇ ਆਪਣੀ ਵੀ ਤਾਂ ਜਾਨ ਬਚਾਉਣੀ ਹੈ। ਪੰਜਾਹ ਬੰਦਿਆਂ ਨੇ ਹਮਲਾ ਕਰਨਾ ਸੀ। ਇਹ ਵੱਡੀ ਘਟਨਾ ਬਣ ਜਾਣੀ ਸੀ ਤੇ ਹੁਣ ਅਸੀਂ ਰਹਿ ਗਏ ਕੁੱਲ ਵੀਹ ਜਣੇ। ਈਸ਼ਰ ਦੀ ਚੁੱਪ ਹੀ ਬਹੁਤ ਕੁਝ ਕਹਿ ਰਹੀ ਸੀ।

"ਹੁਣ ਫਿਰ ਕੀ ਕਰੀਏ? " ਜਵੰਦ ਸਿੰਘ ਹੌਲੀ ਜਿਹੀ ਬੋਲਿਆ।

"ਯਾਰ, ਹੁਣ ਮੈਂ ਕੀ ਦੱਸਾਂ? " ਈਸ਼ਰ ਜਿਵੇਂ ਮਾਯੂਸ ਹੋ ਗਿਆ। ਫਿਰ ਬੰਤਾ ਸਿੰਘ ਕਹਿਣ ਲੱਗਾ, "ਅੱਜ ਦਾ ਪ੍ਰੋਗਰਾਮ ਆਪਣਾ ਸਿਰੇ ਨਹੀਂ ਚੜ੍ਹਨਾ ਤੇ ਆਪਾਂ ਚੁੱਪ ਹੀ ਰਹੀਏ!" ਈਸ਼ਰ ਨੂੰ ਵੀ ਕੁੱਝ ਅਜਿਹਾ ਹੀ ਲੱਗ ਰਿਹਾ ਸੀ। ਉਹ ਚੁੱਪ ਹੀ ਰਿਹਾ। ਉਹ ਹਾਲੇ ਵੀ ਦੁਚਿੱਤੀ ਵਿੱਚ ਸੀ ਪਰ ਬੰਤਾ ਸਿੰਘ ਫੇਰ ਹੌਲੀ ਜਿਹੀ ਬੋਲਿਆ, "ਚੰਗੀ ਗੱਲ ਤਾਂ ਇਹੀ ਐ ਬਈ ਆਪਾਂ ਚੁੱਪ ਕਰਕੇ ਮੁੜ ਚੱਲੀਏ!" ਈਸ਼ਰ ਅੰਦਰਖਾਤੇ ਸੋਚਣ ਲੱਗਾ ਕਿ ਅੱਗੇ ਇੱਕ ਵਾਰ ਕਿਸੇ ਤਰ੍ਹਾਂ ਦੁਰਾਹੇ ਦੇ ਪੁਲ ਤੋਂ ਖਾਲੀ ਹੱਥ ਮੁੜੇ ਸੀ ਤੇ ਅੱਜ ਵੀ ਉਹੀ ਹਾਲ ਹੋਇਆ। ਫਿਰ ਅਚਾਨਕ ਹੀ ਜਵੰਦ ਸਿੰਘ ਕਹਿਣ ਲੱਗਾ, "ਯਾਰੋ ਮੇਰੀ ਇੱਕ ਗੱਲ ਸੁਣੋ। ਅੱਜ ਦੀ ਗੱਲ ਤਾਂ ਛੱਡੋ। ਅੰਮ੍ਰਿਤਸਰ ਦੇ ਲਾਗੇ ਵੱਲਾ ਪੁਲ ਉਤੇ ਫੌਜੀ ਗਾਰਦ ਲੱਗੀ ਹੁੰਦੀ ਐ। ਉਨ੍ਹਾਂ ਤੋਂ ਬੰਦੂਕਾਂ ਖੋਹਣ ਦਾ ਪ੍ਰੋਗਰਾਮ ਬਣਾ ਲਉ!"

"ਵੇਖ ਲਉ!" ਈਸ਼ਰ ਬੋਲਿਆ।

"ਵੇਖ ਲਉ ਕੀ! ਚੁੱਪ ਕਰਕੇ ਦਿਨ ਪੱਕਾ ਕਰੋ। ਜਿਹੜੇ ਬੰਦੇ ਅੱਜ ਏਥੇ ਪਹੁੰਚੇ

ਹੋਏ ਐ ਉਨ੍ਹਾਂ ਨੂੰ ਅੱਜ ਹੀ ਕਹਿ ਦਿਓ!" ਜਵੰਦ ਸਿੰਘ ਨੇ ਹੌਸਲੇ ਨਾਲ ਕਿਹਾ। "ਚਲੋ ਠੀਕ ਐ!" ਈਸ਼ਰ ਵੀ ਤਿਆਰ ਹੋ ਗਿਆ। ਬੱਸ ਉਸੇ ਵੇਲੇ ਗਿਆਰਾਂ ਜੂਨ ਨੂੰ ਵੱਲਾ ਪੁਲ ਉਤੇ ਰਾਤ ਨੂੰ ਹਮਲਾ ਕਰਨ ਦੀ ਸਕੀਮ ਬਣ ਗਈ। ਉਥੇ ਫਿਰਦੇ ਸਾਰੇ ਬੰਦਿਆਂ ਨੂੰ ਗਿਆਰਾਂ ਜੂਨ ਦੀ ਸੂਚਨਾ ਦੇ ਦਿੱਤੀ ਤੇ ਫਿਰ ਸਾਰੇ ਜਣੇ ਪਿੰਡਾਂ ਨੂੰ ਮੁੜਨ ਦੀਆਂ ਗੱਲਾਂ ਕਰਨ ਲੱਗ ਪਏ।

## ਸਤਾਰਾਂ

ਅੰਮ੍ਰਿਤਸਰ ਸ਼ਹਿਰ ਦੇ ਲਾਗਲੇ ਪਿੰਡ ਵੱਲਾ ਵਾਲੀ ਨਹਿਰ। ਆਸੇ ਪਾਸੇ ਉਜਾੜ। ਸੁੰਨਸਾਨ ਜਗ੍ਹਾ। ਉਚਾ ਉਗਿਆ ਘਾਹ ਫੂਸ ਤੇ ਸਰਕੜਾ। ਘੁੱਪ ਹਨੇਰੀ ਰਾਤ। ਇਸ ਹਨੇਰੀ ਰਾਤ ਵਿੱਚ ਗਦਰ ਪਾਰਟੀ ਦੇ ਕਈ ਆਗੂ ਤੇ ਵਰਕਰ ਸਰਕੜੇ ਵਿੱਚਛੁਪੇ ਬੈਠੇ ਹਨ। ਜੀਵ ਜੰਤੂਆਂ ਦੀਆਂ ਕਿੰਨੀਆਂ ਹੀ ਅਵਾਜ਼ਾਂ ਆ ਰਹੀਆਂ ਹਨ। ਕਦੇ ਕੋਈ ਡੱਡੂ ਟਰੈਂ-ਟਰੈਂ ਦੀ ਅਵਾਜ਼ ਕੱਢਦਾ ਹੈ। ਜੇਠ ਮਹੀਨਾ ਖਤਮ ਹੋਣ ਵਾਲਾ ਹੈ। ਗਰਮੀ ਦਾ ਪੂਰਾ ਜ਼ੋਰ ਹੈ। ਗਰਮ ਮੌਸਮ ਵਿੱਚ ਕਸੁਥਰੀ ਥਾਂ ਵਿੱਚ ਸੱਪ ਜਾਂ ਕਿਸੇ ਹੋਰ ਜ਼ਹਿਰੀਲੇ ਜੀਵ ਜੰਤੂ ਦਾ ਡਰ ਹੁੰਦਾ ਹੈ ਪਰ ਗਦਰੀਆਂ ਨੂੰ ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ। ਸਾਰੇ ਪੂਰੇ ਹੌਂਸਲੇ ਵਿੱਚ ਹਨ ਤੇ ਸਭ ਦਾ ਧਿਆਨ ਪੁਲ ਉਤੇ ਲੱਗੀ ਹੋਈ ਫੌਜੀ ਗਾਰਦ ਵੱਲ ਹੈ। ਅੱਜ ਗਦਰੀਆਂ ਨੇ ਗਾਰਦ ਉਤੇ ਹਮਲਾ ਕਰਕੇ ਉਨ੍ਹਾਂ ਤੋਂ ਬੰਦੂਕਾਂ ਖੋਹਣੀਆਂ ਹਨ। ਗਦਰ ਪਾਰਟੀ ਦਾ ਮੁੱਖ ਕੰਮ ਹੁਣ ਹਥਿਆਰ ਇਕੱਠੇ ਕਰਨਾ ਹੈ। ਪਿਛਲੇ ਦਿਨੀਂ ਕਪੂਰਥਲੇ ਅਸਲਾਖਾਨੇ ਉਤੇ ਹਮਲਾ ਕਰਕੇ ਉਥੋਂ ਬੰਦੂਕਾਂ ਖੋਹਣੀਆਂ ਸਨ ਪਰ ਉਥੇ ਬੰਦੇ ਸਾਰੇ ਪਹੁੰਚ ਨਾ ਸਕੇ ਤੇ ਫਿਰ ਵੱਲਾ ਪੁਲ ਦਾ ਪ੍ਰੋਗਰਾਮ ਬਣਾ ਲਿਆ। ਈਸ਼ਰ ਅੱਜ ਖੁਸ਼ ਸੀ ਕਿ ਅੱਜ ਤਾਂ ਬਹੁਤ ਬੰਦੇ ਇਕੱਠੇ ਹੋ ਗਏ ਹਨ। ਇੱਕ ਖੁਸ਼ੀ ਉਸ ਨੂੰ ਇਹ ਵੀ ਸੀ ਕਿ ਪਿੰਡ ਢੁੱਡੀਕੇ ਦੇ ਸਾਰੇ ਪਾਰਟੀ ਮੈਂਬਰ ਪਹੁੰਚ ਗਏ ਹਨ। ਅੱਜ ਤਾਂ ਉਹ ਜ਼ਰੂਰ ਐਕਸ਼ਨ ਕਰਨਗੇ। ਫਿਰ ਉਸ ਨੂੰ ਬੂਟਾ ਸਿੰਘ ਹੋਰੀਂ ਯਾਦ ਆ ਗਏ। ਬੂਟਾ ਸਿੰਘ ਅਕਾਲਗੜ੍ਹ, ਵੀਰ ਸਿੰਘ ਬਾਹੋਵਾਲ, ਅਰਜਨ ਸਿੰਘ ਜਗਰਾਓਂ ਤੇ ਕਪੂਰ ਸਿੰਘ ਕਾਉਂਕੇ ਨੂੰ ਪਿਛਲੇ ਦਿਨੀਂ ਕਪੂਰਥਲੇ ਤੋਂ ਵਾਪਸ ਮੁੜਦਿਆਂ ਚਿੱਟੀ ਪਿੰਡ ਵਿੱਚ ਕਿਸੇ ਨੇ ਪੁਲਸ ਨੂੰ ਸੂਹ ਦੇ ਕੇ ਗ੍ਰਿਫਤਾਰ ਕਰਵਾ ਦਿੱਤਾ ਸੀ। ਬੰਤਾ ਸਿੰਘ ਸੰਘਵਾਲ ਨੇ ਸਭ ਤੋਂ ਪਹਿਲਾਂ ਇਹੀ ਗੱਲ ਸੁਣਾਈ ਸੀ। ਉਸੇ ਵੇਲੇ ਈਸ਼ਰ ਨੇ ਸੋਚਿਆ ਸੀ ਕਿ ਅੱਜ ਜੋ ਮਰਜ਼ੀ ਹੋ ਜਾਵੇ ਉਹ ਖਾਲੀ ਹੱਥ ਨਹੀਂ ਜਾਣਗੇ।

ਬੇਸ਼ੱਕ ਪਾਰਟੀ ਦੇ ਚੋਟੀ ਦੇ ਬੰਦੇ ਪੁਲਸ ਨੇ ਫੜ ਲਏ ਸਨ ਪਰ ਤਾਂ ਵੀ ਅੱਜ ਜਵੰਦ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਹਰਦਿੱਤ ਸਿੰਘ, ਉਤਮ ਸਿੰਘ ਹਾਂਸ, ਚੰਨਣ ਸਿੰਘ, ਆਤਮ ਸਿੰਘ, ਹਰਨਾਮ ਸਿੰਘ, ਲਛਮਣ ਸਿੰਘ ਤੇ ਇੰਦਰ ਸਿੰਘ ਵਰਗੇ ਨਿਧੜਕ ਬੰਦੇ ਪੁਹੰਚੇ ਹੋਏ ਸਨ।

"ਯਾਰ ਅੱਜ ਤਾਂ ਭੋਰਾ ਵੀ ਹਵਾ ਨਹੀਂ ਚੱਲਦੀ! ਮਾੜਾ ਮੋਟਾ ਤਾਂ ਸਾਹ ਆਵੇ।

ਪਤਾ ਨਹੀਂ ਅੱਜ ਗੱਦੀ ਉਤੇ ਕਿਹੜਾ ਬਹਿ ਗਿਆ।" ਉਤਮ ਸਿੰਘ ਹੌਲੀ ਜਿਹੀ ਬੋਲਿਆ। "ਕੋਈ ਗਾਂਧੀ ਵਰਗਾ ਬੰਦਾ ਬਹਿ ਗਿਆ ਹੋਣਾ!" ਜਵੰਦ ਸਿੰਘ ਬੋਲਿਆ।

ਈਸ਼ਰ ਸਿੰਘ ਦੀ ਸੁਰਤ ਝੱਟ ਕਿਸੇ ਹੋਰ ਪਾਸੇ ਚਲੀ ਗਈ। ਇਸ ਗਾਂਧੀ ਬੰਦੇ ਨੇ ਬਹੁਤ ਤੰਗ ਕੀਤਾ। ਸਾਡੇ ਵੱਡੇ ਲੀਡਰਾਂ ਨੇ ਅੱਖਾਂ ਬੰਦ ਕੀਤੀਆਂ ਹੋਈਆਂ। ਦੇਸ਼ ਸਾਡਾ ਤੇ ਰਾਜ ਕਰੇ ਕੋਈ । ਅੰਗਰੇਜ਼ਾਂ ਨੇ ਲੁੱਟ ਕੇ ਖਾ ਲਿਆ ਸਾਡੇ ਦੇਸ਼ ਨੂੰ। ਦੇਸ਼ ਦਾ ਕੱਚਾ ਮਾਲ ਸਾਰਾ ਵਲਾਇਤ ਨੂੰ ਜਾਂਦਾ ਤੇ ਉਥੋਂ ਸਮਾਨ ਬਣ ਕੇ ਏਥੇ ਮਹਿੰਗੇ ਭਾਅ ਵਿਕੀ ਜਾਂਦਾ। ਨਿੱਤ ਨਵੇਂ ਟੈਕਸ ਲੱਗੀ ਜਾਂਦੇ ਐ। ਪੁੱਛਣ ਵਾਲਾ ਕੋਈ ਨਹੀਂ। ਪੁਲਸ ਜਿਸ ਨੂੰ ਮਰਜ਼ੀ ਫੜ ਕੇ ਜੇਲ੍ਹ ਵਿੱਚ ਬੰਦ ਕਰ ਦੇਵੇ। ਕੋਈ ਸੁਣਵਾਈ ਨਹੀਂ। ਸਾਡੇ ਲੀਡਰ ਫੇਰ ਵੀ ਅੰਗਰੇਜ਼ਾਂ ਦੀ ਚਾਪਲੂਸੀ ਕਰੀ ਜਾਂਦੇ ਆ। ਅੰਗਰੇਜ਼ ਹੁਣ ਜੰਗ ਵਿੱਚ ਫਸੇ ਹੋਏ ਐ ਤੇ ਸਾਡੇ ਲੀਡਰ ਭਾਰਤੀ ਜਵਾਨਾਂ ਨੂੰ ਫੌਜ ਵਿੱਚ ਭਰਤੀ ਹੋਣ ਦੀਆਂ ਸਲਾਹਾਂ ਦੇ ਰਹੇ ਐ। ਰੋਜ਼ ਇਹੀ ਅਪੀਲਾਂ ਕਰਦੇ ਐ ਅਖੇ ਅੰਗਰੇਜ਼ ਜੰਗ ਜਿੱਤ ਕੇ ਸਾਨੂੰ ਆਪਣੇ ਆਪ ਆਜ਼ਾਦੀ ਦੇ ਦੇਣਗੇ। ਗਦਰ ਪਾਰਟੀ ਇਨ੍ਹਾਂ ਗੱਲਾਂ ਵਿੱਚ ਯਕੀਨ ਨਹੀਂ ਰੱਖਦੀ। ਪਾਰਟੀ ਦਾ ਮਤ ਹੈ ਕਿ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਸਿਰਫ ਹਥਿਆਰਬੰਦ ਘੋਲ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਮਿੰਨਤਾਂ ਨਾਲ ਸਾਨੂੰ ਆਜ਼ਾਦੀ ਨਹੀਂ ਮਿਲਣੀ। ਇਸੇ ਕਰਕੇ ਹਥਿਆਰਾਂ ਦੀ ਪ੍ਰਾਪਤੀ ਪਾਰਟੀ ਦਾ ਮੁੱਖ ਨਿਸ਼ਾਨਾ ਹੈ। ਅਸੀਂ ਫੇਰ ਹੀ ਅਜ਼ਾਦੀ ਵਾਸਤੇ ਕੋਈ ਪ੍ਰੋਗਰਾਮ ਤਿਆਰ ਕਰ ਸਕਦੇ ਹਾਂ।

"ਕੋਈ ਗੱਲ ਬਣਦੀ ਵੀ ਹੈ ਕਿ ਨਹੀਂ? " ਈਸ਼ਰ ਦੇ ਲਾਗੇ ਬੈਠਾ ਰੂੜ ਸਿੰਘ ਬੋਲ ਪਿਆ।

"ਬੱਸ ਚੁੱਪ ਰਹਿ!" ਈਸ਼ਰ ਹੌਲੀ ਹੌਲੀ ਬੋਲਿਆ।

"ਤੁਸੀਂ ਮੈਨੂੰ ਫੜਾਓ ਪਸਤੌਲ। ਮੈਂ ਨਿਸ਼ਾਨਾ ਲਾ ਕੇ ਵਿਖਾਵਾਂ।" ਰੂੜ ਸਿੰਘ ਫੇਰ ਬੋਲਿਆ।

"ਵੇਖੋ ਇਸਨੂੰ ਦਿਸਦਾ ਵੀ ਘੱਟ ਤੇ ਸੁਣਦਾ ਵੀ ਘੱਟ ਪਰ ਜੇ ਕੋਈ ਗੱਲ ਹੋਊ ਤਾਂ ਸਭ ਤੋਂ ਮੂਹਰੇ ਜਾਊਗਾ!" ਬਚਨ ਸਿੰਘ ਨੇ ਵਿਅੰਗ ਨਾਲ ਕਿਹਾ।

"ਹੌਲੀ ਗੱਲ ਕਰੋ!" ਈਸ਼ਰ ਨੇ ਕਿਹਾ।

"ਗੱਲ ਤਾਂ ਕੋਈ ਨਹੀਂ। ਇਹਦੇ ਕਾਨਿਆਂ ਦੇ ਪੱਛ ਲੜਦੇ ਐ!" ਬਚਨ ਸਿੰਘ ਨੇ ਫੇਰ ਹੌਲੀ ਜਿਹੀ ਕਿਹਾ।

"ਬੁਰਾ ਹਾਲ ਤਾਂ ਸਾਰਿਆਂ ਦਾ ਹੈ। ਨਾ ਭੋਰਾ ਹਵਾ ਲੱਗਦੀਆਂ ਐ। ਉਤੋਂ ਗਰਮੀ ਦਾ ਮੌਸਮ ਪਰ ਹੁਣ ਥੋੜ੍ਹਾ ਸਬਰ ਕਰੋ। ਹਾਲੇ ਸਾਰੇ ਸੰਤਰੀ ਹੁਸ਼ਿਆਰ ਹੋਣਗੇ। ਅੱਧੀ ਰਾਤ ਪਿੱਛੋਂ ਹਰ ਆਦਮੀ ਨੂੰ ਨੀਂਦ ਦਾ ਝੂਟਾ ਜ਼ਰੂਰ ਆਉਂਦਾ। ਉਦੋਂ ਇਹ ਸਾਰੇ ਸੁਸਤ ਹੋਣਗੇ। ਫੇਰ ਵੇਖਣਾ ਨਿਸ਼ਾਨਾ ਲੱਗਦਾ!" ਜਵੰਦ ਸਿੰਘ ਨੰਗਲ ਹੌਂਸਲੇ ਨਾਲ ਬੋਲਿਆ।

ਜੀਵ ਜੰਤੂਆਂ ਦੀਆਂ ਅਵਾਜ਼ਾਂ ਲਗਾਤਾਰ ਆ ਰਹੀਆਂ ਸਨ। ਟਿੱਡੇ ਆਦਿ

ਲਗਾਤਾਰ ਬੋਲ ਰਹੇ ਸਨ। ਇਧਰ ਗਦਰੀ ਚੁੱਪ ਸਨ ਪਰ ਉਨ੍ਹਾਂ ਦਾ ਧਿਆਨ ਪੁਲ ਉਪਰਲੀ ਗਾਰਦ ਵੱਲ ਸੀ। ਭੁੱਖ ਤੇਹ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ। "ਭਲਾ ਕੀ ਟਾਈਮ ਹੋ ਗਿਆ ਹੋਊ? " ਈਸ਼ਰ ਨੇ ਲਾਗੇ ਬੈਠੇ ਜਵੰਦ ਸਿੰਘ ਤੋਂ ਪੁੱਛਿਆ।

"ਅੱਧੀ ਰਾਤ ਟੱਪ ਚੁੱਕੀ ਐ!" ਜਵੰਦ ਸਿੰਘ ਨੇ ਤਾਰਿਆਂ ਵੱਲ ਵੇਖ ਕੇ ਕਿਹਾ। ਉਦੋਂ ਹੀ ਦੂਰੋਂ ਰੇਲ ਗੱਡੀ ਦੀ ਚੀਕ ਸੁਣਾਈ ਦਿੱਤੀ।

"ਗੱਡੀ ਆ ਗਈ!" ਈਸ਼ਰ ਕਾਹਲੀ ਨਾਲ ਬੋਲਿਆ।

"ਹੁਸ਼ਿਆਰ ਹੋ ਜਾਓ!" ਬੰਤਾ ਸਿੰਘ ਦੀ ਅਵਾਜ਼ ਆਈ।

"ਬੇਫਿਕਰ ਰਹਿ!" ਜਵੰਦ ਸਿੰਘ ਠੀਕ ਹੋ ਕੇ ਬੈਠ ਗਿਆ।

"ਬਾਕੀ ਸਾਰੇ ਲੇਟ ਜਾਓ!" ਈਸ਼ਰ ਨੇ ਦੂਜਿਆਂ ਨੂੰ ਖਬਰਦਾਰ ਕੀਤਾ।

ਗੱਡੀ ਸੀਟੀ ਮਾਰਦੀ ਨੇੜੇ ਆ ਗਈ। ਸਾਰੇ ਗਦਰੀ ਘਾਹ ਫੂਸ ਵਿੱਚ ਲੰਮੇ ਪੈ ਗਏ। ਗੱਡੀ ਦੀ ਤੇਜ਼ ਰਫਤਾਰ ਨਾਲ ਧਮਕ ਪੈਣ ਲੱਗੀ ਉੱਧਰ ਗੱਡੀ ਦੇ ਤੇਜ਼ ਚਾਨਣ ਨੇ ਪੁਲ ਉਤੇ ਦਿਨ ਚੜ੍ਹਾ ਦਿੱਤਾ। ਗਦਰੀਆਂ ਨੇ ਗਾਰਦ ਵੱਲ ਚੰਗੀ ਤਰ੍ਹਾਂ ਵੇਖਿਆ। ਸਾਰੇ ਸੰਤਰੀ ਉਠ ਕੇ ਖਲੋ ਗਏ ਤੇ ਗੱਡੀ ਵੱਲ ਵੇਖਣ ਲੱਗੇ। ਗੱਡੀ ਦਗੜ ਗਦੜ ਕਰਦੀ ਪੁਲ ਉਤੇ ਜਾ ਚੜ੍ਹੀ। ਸਾਰੇ ਸੰਤਰੀ ਗੱਡੀ ਵੱਲ ਹੀ ਵੇਖ ਰਹੇ ਸਨ। ਜਵੰਦ ਸਿੰਘ ਨੇ ਇੱਕ ਸੰਤਰੀ ਉਤੇ ਗੋਲੀ ਚਲਾ ਦਿੱਤੀ। ਉਹ ਥਾਏ ਲੁਟਕ ਗਿਆ। ਪਹਿਰਦੇਰਾਰ ਉਸ ਵੱਲ ਝਾਕੇ। ਦੂਜੇ ਪਲ ਈਸ਼ਰ ਸਿੰਘ ਨੇ ਗੋਲੀ ਚਲਾਈ। ਇੱਕ ਹੋਰ ਸੰਤਰੀ ਲੁਟਕ ਗਿਆ। ਅਚਾਨਕ ਚੱਲੀਆਂ ਗੋਲੀਆਂ ਦਾ ਫੌਜੀ ਗਾਰਦ ਨੂੰ ਕੋਈ ਪਤਾ ਹੀ ਨਾ ਲੱਗਾ। ਉਹ ਆਪਣੇ ਸਾਥੀਆਂ ਨੂੰ ਚੁੱਕਣ ਲਈ ਹਫੜਾ ਦਫੜੀ ਵਿੱਚ ਉਲਝ ਗਏ। ਗੋਲੀਆਂ ਹੋਰ ਚੱਲੀਆਂ। ਸਾਰੇ ਸੰਤਰੀ ਉਥੋਂ ਭੱਜ ਗਏ। ਗੱਡੀ ਸੂਕਾਂ ਪਾਉਂਦੀ ਪੁਲ ਪਾਰ ਕਰ ਗਈ। ਪੁਲ ਖਾਲੀ ਵੇਖ ਕੇ ਈਸ਼ਰ ਸਿੰਘ, ਜਵੰਦ ਸਿੰਘ, ਉਤਮ ਸਿੰਘ, ਬੰਤਾ ਸਿੰਘ ਤੇ ਹਰਦਿੱਤ ਸਿੰਘ ਪੁਲ ਉਤੇ ਗਏ। ਆਸੇ ਪਾਸੇ ਕੋਈ ਫੌਜੀ ਨਜ਼ਰ ਆ ਆਇਆ। ਈਸ਼ਰ ਹੋਰਾਂ ਨੇ ਛੇ ਬੰਦੂਕਾਂ ਤੇ ਬਹੁਤ ਸਾਰੇ ਕਾਰਤੂਸ ਇਕੱਠੇ ਕੀਤੇ ਤੇ ਮੁੜ ਆਪਣੇ ਸਾਥੀਆਂ ਕੋਲ ਆ ਗਏ। ਸਾਰੇ ਜਣੇ ਉਨ੍ਹਾਂ ਦੇ ਦੁਆਲੇ ਹੋ ਗਏ।

ਈਸ਼ਰ ਧੜਕਦੇ ਦਿਲ ਨਾਲ ਕਹਿਣ ਲੱਗਾ, "ਭਰਾਵੋਂ, ਅੱਜ ਆਪਾਂ ਸਫਲ ਹੋਏ ਆਂ ਪਰ ਹੁਣ ਏਥੇ ਰੁਕਣ ਦਾ ਕੋਈ ਫਾਇਦਾ ਨਹੀਂ। ਜਿਹੜੇ ਫੌਜੀ ਏਥੋਂ ਭੱਜ ਕੇ ਗਏ ਐ ਉਹ ਪੁਲਸ ਨੂੰ ਇਤਲਾਹ ਦੇਣਗੇ। ਆਪਣੇ ਅਫਸਰਾਂ ਨੂੰ ਦੱਸਣਗੇ। ਜਿਹੜੇ ਬੰਦੇ ਅੰਮ੍ਰਿਤਸਰ ਵੱਲੋਂ ਆਏ ਐ, ਉਹ ਉਸੇ ਪਾਸੇ ਮੁੜ ਜਾਣ ਪਰ ਰਸਤੇ ਵਿੱਚ ਕੋਈ ਵੀ ਗੱਲ ਨਹੀਂ ਕਰਨੀ। ਅਸੀਂ ਕਿਸੇ ਹੋਰ ਪਾਸੇ ਨੂੰ ਜਾਵਾਂਗੇ।" ਫਿਰ ਕੁਝ ਬੰਦੇ ਪਿੱਛੇ ਨੂੰ ਚੱਲ ਪਏ। ਈਸ਼ਰ ਨੇ ਬੰਦੂਕਾਂ ਵਾਲਿਆਂ ਨੂੰ ਥੋੜ੍ਹੇ ਥੋੜ੍ਹੇ ਕਾਰਤੂਸ ਵੰਡ ਕੇ ਦਿੱਤੇ ਤਾਂ ਜੋ ਉਹ ਲੋੜ ਪੈਣ ਉਤੇ ਇਨ੍ਹਾਂ ਦੀ ਵਰਤੋਂ ਕਰ ਸਕਣ। ਫਿਰ ਅਜ਼ਾਦੀ ਦੇ ਪਰਵਾਨਿਆਂ ਦਾ ਇਹ ਕਾਫਲਾ ਤਾਰਿਆਂ ਤੋਂ ਸੇਧ ਕੈ ਲੇ ਤਰਨਤਾਰਨ ਵੱਲ ਚੱਲ ਪਿਆ। ਜਵੰਦ ਸਿੰਘ ਤੇ ਬੰਤਾ ਸਿੰਘ ਇਸ ਇਲਾਕੇ ਦੇ ਭੇਤੀ ਸਨ। ਉਹ ਕਾਫਲੇ ਦੀ ਅਗਵਾਈ ਕਰਨ ਲੱਗੇ।

ਹਨੇਰੀ ਰਾਤ। ਖੇਤਾਂ ਦੀ ਉਚੀ ਨੀਵੀਂ ਥਾਂ। ਰਾਤ ਦੇ ਭੁਖੇ ਪਿਆਸੇ। ਕੋਈ ਪਤਾ ਨਾ ਲੱਗਦਾ ਕਿ ਪੈਰ ਕਿਥੇ ਰੱਖਿਆ ਜਾਂਦਾ। ਇਹ ਮਰਜੀਵੜੇ ਇੱਕ ਦੂਜੇ ਦੇ ਆਸਰੇ ਨਾਲ ਹੀ ਤੁਰੇ ਜਾ ਰਹੇ ਸਨ ਮੁੜਕੇ ਨਾਲ ਗਲ਼ ਸਭ ਦੇ ਕੱਪੜੇ ਭਿੱਜ ਗਏ ਸਨ।

ਰਸਤੇ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ ਲੱਗ ਰਿਹਾ। ਕਦੇ ਕਿਸੇ ਦਾ ਨਵੀਂ ਥਾਂ ਵਿੱਚ ਪੈਰ ਜਾ ਡਿਗਦਾ। "ਬਈ ਆਪਾਂ ਕਿਥੇ ਕੁ ਆ ਗਏ? " ਰੂੜ ਸਿੰਘ ਬੋਲਿਆ।

"ਕਿਉਂ? ਓਦਰ ਗਿਐ? " ਪਾਖਰ ਸਿੰਘ ਹੌਲੀ ਹੌਲੀ ਬੋਲਿਆ। ਇੱਕ ਦੂਜੇ ਦੇ ਆਸਰੇ ਨਾਲ ਉਹ ਪੈਰ ਪੁੱਟਦੇ ਗਏ।

"ਹੁਣ ਤਾਂ ਯਾਰੋ ਪਹਿ ਪਾਟਣ ਵਾਲੀ ਹੋਊ! " ਸ਼ਾਮ ਸਿੰਘ ਬੋਲਿਆ।

"ਆਹੋ!" ਕਿਸੇ ਹੋਰ ਦੀ ਅਵਾਜ਼ ਆਈ। ਬੱਸਉਹ ਸਾਰੇ ਚੁੱਪਚਾਪ ਤੁਰਦੇ ਗਏ।

ਜਵੰਦ ਸਿੰਘ ਤੇ ਬੰਤਾ ਸੰਘਿ ਹੀ ਇਸ ਪਾਸੇ ਦੇਵਾਕਫ ਸਨ ਤੇ ਉਹ ਮੂਹਰੇ ਹੋ ਕੇ ਤੁਰ ਰਹੇ ਸਨ। ਜਵੰਦ ਸਿੰਘ ਚਾਹੁੰਦਾ ਸੀ ਕਿ ਦਿਨ ਚੜ੍ਹਦੇ ਨਾਲ ਤਰਨ ਤਾਰਨ ਪੁੱਜਿਆ ਜਾਵੇ। ਫਿਰ ਹੀ ਠੀਕ ਹੈ। ਫਿਰ ਉਹ ਤਰਨ ਤਾਰਨ ਤੋਂ ਪਾਸੇ ਪਾਸੇ ਲੰਘ ਜਾਣਗੇ। ਫਿਰ ਉਸ ਨੂੰ ਜਾਪਿਆ ਕਿ ਉਨ੍ਹਾਂ ਦੇ ਪਿੱਛੇ ਰੌਲਾ ਪੈ ਰਿਹਾ ਹੈ। ਉਸ ਨੇ ਖਲੋ ਕੇ ਧਿਆਨ ਨਾਲ ਵੇਖਿਆ। ਬੰਦੇ ਪਿੱਛੇ ਆ ਰਹੇ ਹੈ । ਹੋ ਸਕਦੈ ਕਿ ਪੁਲਸ ਹੋਵੇ।

"ਆਪਣੇ ਪਿੱਛੇ ਬੰਦੇ ਲੱਗ ਚੁੱਕੇ ਐ!" ਜਵੰਦ ਸਿੰਘ ਨੇ ਸਾਰਿਆਂ ਨੂੰ ਸੁਣਾ ਕੇ ਆਖਿਆ। ਬੰਦਾ ਹੁਣ ਦੂਰੋਂ ਨਜ਼ਰ ਆਉਣ ਲੱਗ ਪਿਆ। ਜਵੰਦ ਸਿੰਘ ਦੀ ਗੱਲ ਠੀਕ ਹੋਈ। ਪੁਲਸ ਸੱਚੀ ਆ ਰਹੀ ਸੀ। ਸਾਰਿਆਂ ਦੇ ਭਾਅ ਦੀ ਬਣ ਗਈ।

"ਸਾਰੇ ਜਣੇ ਭੱਜ ਤੁਰੋ!" ਈਸ਼ਰ ਬੋਲਿਆ। ਬਸ ਇਕਦਮ ਸਾਰੇ ਭੱਜ ਤੁਰੇ।

"ਫੜ ਲਓ ਉਏ। ਡਾਕੂ ਉਏ। ਡਾਕੂ ਉਏ!" ਪਿੱਛੇ ਰੌਲਾ ਪੈਣ ਲੱਗਾ।

"ਘਬਰਾਓ ਨਾ। ਚੁੱਪ ਕਰਕੇ ਭੱਜੇ ਚੱਲੋ!" ਜਵੰਦ ਸਿੰਘ ਦੀ ਅਵਾਜ਼ ਆਈ। ਫਿਰ ਜਵੰਦ ਸਿੰਘ, ਬੰਤਾ ਸਿੰਘ, ਹਰਦਿੱਤ ਸਿੰਘ, ਉਤਮ ਸਿੰਘ ਤੇ ਈਸ਼ਰ ਬੰਦਿਆਂ ਦੇ ਪਿੱਛੇ ਹੋ ਕੇ ਚੱਲ ਪਏ। ਪੁਲਸ ਵਾਲੇ ਵੀ ਭੱਜ ਤੁਰੇ। ਆਸੇ ਪਾਸਿਓਂ ਕੁਝ ਪੇਂਡੂ ਬੰਦੇ ਵੀ ਉਨ੍ਹਾਂ ਦੇ ਨਾਲ ਰਲ ਗਏ। ਉਹ ਸਾਰੇ "ਡਾਕੂ ਉਏ। ਡਾਕੂ ਉਏ" ਕਹਿ ਕੇ ਰੌਲਾ ਪਾਉਣ ਲੱਗੇ।

ਪੁਲਸ ਵਾਲੇ ਭੱਜੇ ਆਉਂਦੇ ਵੇਖ ਕੇ ਈਸ਼ਰ ਤੇ ਜਵੰਦ ਸਿੰਘ ਨੇ ਪਿੱਛੇ ਵੱਲ ਗੋਲੀ ਚਲਾ ਦਿੱਤੀ। ਪੁਲਸ ਇੱਕ ਦਮ ਭੁੰਜੇ ਲੇਟ ਗਈ ਤੇ ਲੋਕ ਪਿੱਛੇ ਨੂੰ ਭੱਜ ਤੁਰੇ। ਮੌਕਾ ਵੇਖ ਕੇ ਗਦਰੀ ਤੇਜ਼ੀ ਨਾਲ ਭੱਜ ਤੁਰੇ। ਰਾਤੇ ਦੇ ਥੱਕੇ, ਭੁੱਖੇ ਪਿਆਸੇ ਤੇ ਰਸਤੇ ਤੋਂ ਅਣਜਾਣ ਇਹ ਮਰਜੀਵੜੇ ਆਪਣਾ ਸਾਰਾ ਬਲ ਇਕੱਠਾ ਕਰ ਕੇ ਭੱਜੇ ਜਾ ਰਹੇ ਸਨ। ਹੁਣ ਪੁਲਸ ਵਾਲੇ ਉਠ ਕੇ ਫਿਰ ਭੱਜ ਤੁਰੇ। ਲੋਕ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਭੱਜਣ ਲੱਗੇ। ਈਸ਼ਰ ਭੱਜਾ ਜਾਂਦਾ ਸੋਚ ਰਿਹਾ ਸੀ ਕਿ ਅੰਗਰੇਜ਼ ਸਰਕਾਰ ਦੀ ਪੁਲਸ ਤਾਂ ਸਾਡੇ ਪਿੱਛੇ ਜ਼ਰੂਰ ਆਉਗੀ, ਪਰ ਦੁਖਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਭਰਾ ਵੀ ਉਨ੍ਹਾਂ ਦਾ ਸਾਥ ਦੇ ਰਹੇ ਐ। ਅਚਾਨਕ ਪੁਲਸ ਨੇ ਗੋਲੀ ਚਲਾ ਦਿੱਤੀ। ਗਦਰੀ ਹੋਰ ਵੀ ਤੇਜ਼ੀ ਨਾਲ ਭੱਜੇ।

ਕੋਈ ਅੱਗੇ ਵੇਖਦਾ ਤੇ ਕੋਈ ਪਿੱਛੇ। ਈਸ਼ਰ ਨੇ ਅੱਗੇ ਇੱਕ ਟਾਹਲੀ ਦਾ ਸਹਾਰਾ ਲੈ ਕੇ ਕਈ ਫਾਇਰ ਕੀਤੇ। ਪੁਲਸ ਪਿੱਛੇ ਹਟ ਗਈ। ਲੱਗਦੇ ਹੱਥ ਉਤਮ ਸਿੰਘਨੇ ਵੀ ਗੋਲੀ ਚਲਾਈ। ਏਨੇ ਵਿੱਚ ਦੂਜੇ ਸਾਥੀ ਕੁਝ ਅੱਗੇ ਨਿਕਲ ਗਏ ਤੇ ਈਸ਼ਰ ਹੋਰੀਂ ਭੱਜ ਕੇ ਉਨ੍ਹਾਂ ਦੇ ਨਾਲ ਆ ਰਲੇ।

ਦੁਪਹਿਰਾ ਹੋ ਗਿਆ। ਗਦਰੀਆਂ ਵਿੱਚ ਪਤਾ ਨਹੀਂ ਕਿਥੋਂ ਬਲ ਆ ਗਿਆ ਸੀ। ਉਹ ਬਿਨਾਂ ਰੁਕੇ ਵਾਹੋ ਦਾਹ ਭੱਜ ਰਹੇ ਸਨ। ਅਚਾਨਕ ਪੁਲਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਫਿਰ ਈਸ਼ਰ ਸਿੰਘ, ਜਵੰਦ ਸਿੰਘ ਤੇ ਉਤਮ ਸਿੰਘ ਨੇ ਪੈਰ ਗੱਡ ਲਏ। ਤਿੰਨਾਂ ਨੇ ਪਿਛਾਂਹ ਵੱਲ ਕਈ ਫਾਇਰ ਕੀਤੇ। ਪੁਲਸ ਵਾਲੇ ਜ਼ਮੀਨ ਉਤੇ ਲੋਟਣੀਆਂ ਖਾਣ ਲੱਗੇ। ਲੋਕ ਚੀਕਾਂ ਮਾਰਦੇ ਫਿਰ ਪਿਛਾਂਹ ਭੱਜ ਤੁਰੇ। ਇਹ ਅਜੀਬ ਕਿਸਮ ਦਾ ਮੁਕਾਬਲਾ ਸੀ। ਗਦਰੀ ਪੁਲਸ ਨਾਲੋਂ ਫਿਰ ਫਰਕ ਪਾ ਗਏ। ਉਂਜ ਸਭ ਦਾ ਬੁਰਾ ਹਾਲ ਸੀ। ਕੱਪੜੇ ਮਿੱਟੀ ਘੱਟੇ ਨਾਲ ਭਰ ਗਏ ਸਨ। ਤੇਜ਼ ਗਰਮੀ ਤੇ ਧੁੱਪ ਨਾਲ ਮੁੜ੍ਹਕਾ ਚੋਅ ਰਿਹਾ ਸੀ। ਪਾਣੀ ਬਿਨਾਂ ਸਭ ਦੇ ਬੁੱਲ੍ਹ ਸੁੱਕ ਰਹੇ ਸਨ ਪਰ ਉਹ ਫਿਰ ਵੀ ਰੁਕਣ ਦਾ ਨਾਂ ਨਹੀਂ ਸੀ ਲੈਂਦੇ। ਬਹੁਤਿਆਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਅਸੀਂ ਕਿਥੇ ਆ ਗਏ ਹਾਂ ਤੇ ਹੁਣ ਅੱਗੇ ਕਿਥੇ ਜਾ ਰਹੇ ਹਾਂ। ਬੱਸ ਉਹ ਤਾਂ ਇੱਕ ਦੂਜੇ ਵੱਲ ਵੇਖ ਕੇ ਭੱਜ ਰਹੇ ਸਨ। ਉਨ੍ਹਾਂ ਦਾ ਤਾਂ ਜਿਵੇਂ ਪੁਲਸ ਨਾਲ ਭੱਜਣ ਦਾ ਮੁਕਾਬਲਾ ਚੱਲ ਰਿਹਾ ਸੀ।

ਜਵੰਦ ਸਿੰਘ ਸੋਚਦਾ ਜਾ ਰਿਹਾ ਸੀ ਕਿ ਤਰਨਤਾਰਨ ਦੇ ਪਾਸੇ ਜਾ ਕੇ ਅੱਗੇ ਗੋਇੰਦਵਾਲ ਨੂੰ ਚਲੇ ਜਾਵਾਂਗੇ। ਉਥੋਂ ਉਹ ਦਰਿਆ ਪਾਰ ਕਰ ਜਾਣਗੇ। ਇਧਰ ਇੱਕ ਪਾਸਿਓਂ ਕੁਝ ਹੋਰ ਬੰਦੇ ਆ ਨਿਕਲੇ। ਉਹ ਵੀ ਡਾਕੂ ਉਏ। ਡਾਕੂ ਉਏ ਆਦਿ ਕਹਿ ਕੇ ਰੌਲਾ ਪਾਉਣ ਲੱਗੇ। ਜਵੰਦ ਸਿੰਘ ਨੇ ਉਨ੍ਹਾਂ ਵੱਲ ਗੋਲੀ ਚਲਾਈ। ਲੋਕਾਂ ਵਿੱਚ ਭਾਜੜ ਪੈ ਗਈ। ਉਹ ਇੱਕ ਦੂਜੇ ਵਿੱਚ ਭੱਜਦੇ ਪਿਛਾਂਹ ਨੂੰ ਨੱਠ ਤੁਰੇ। ਇੱਧਰੋਂ ਪੁਲਸ ਨੇ ਗੋਲੀਆਂ ਚਲਾਈਆਂ। ਕਾਅੜ ਕਾਅੜ ਚੱਲਦੀ ਗੋਲੀ ਨਾਲ ਦੁਪਹਿਰੇ ਰੁੱਖਾਂ ਉਤੇ ਬੈਠੇ ਪੰਛੀ ਚੀਕ ਚਿਹਾੜਾ ਪਾਉਂਦੇ ਅਸਮਾਨ ਵਿੱਚ ਗੇੜੇ ਕੱਢ ਰਹੇ ਸਨ। ਗਦਰੀਆਂ ਕੋਲ ਕਾਰਤੂਸ ਤਾਂ ਬਹੁਤ ਸਨ ਪਰ ਉਹ ਸੰਭਾਲ ਕੇ ਗੋਲੀ ਚਲਾਉਂਦੇ। ਥੱਕੇ ਹੰਭੇ ਗਦਰੀ ਕੁਝ ਹੌਲੀ ਹੋਏ। ਸਭ ਦਾ ਸਾਹ ਚੜ੍ਹਿਆ ਹੋਇਆ ਸੀ। ਗਰਮੀ ਕਾਰਨ ਸਭ ਹਾਲੋਂ ਬੇਹਾਲ ਸਨ। ਗਦਰੀਆਂ ਨੂੰ ਢਿੱਲੇ ਹੁੰਦੇ ਵੇਖ ਕੇ ਪੁਲਸ ਨੇ ਫਿਰ ਗੋਲੀਆਂ ਚਲਾ ਦਿੱਤੀਆਂ। ਜਵੰਦ ਸਿੰਘ, ਬੰਤਾ ਸਿੰਘ ਤੇ ਈਸ਼ਰ ਸਿੰਘ ਨੂੰ ਗੁੱਸਾ ਆ ਗਿਆ। ਤਿੰਨਾਂ ਨੇ ਵਾਰੋ ਵਾਰੀ ਗੋਲੀਆਂ ਵਰਾਉਣੀਆਂ ਸ਼ੁਰੂ ਕਰ ਕਰ ਦਿੱਤੀਆਂ। ਪੁਲਸ ਵਿੱਚ ਭਾਜੜ ਪੈ ਗਈ। ਭੱਜੇ ਜਾਂਦੇ ਗਦਰੀਆਂ ਨੂੰ ਮੌਕਾ ਮਿਲ ਗਿਆ ਤੇ ਉਹ ਕਾਫੀ ਅੱਗੇ ਨਿਕਲ ਗਏ।

ਦੁਪਹਿਰਾ ਢਲ ਗਿਆ। ਪੁਲਸ ਤੇ ਗਦਰੀਆਂ ਦੇ ਭੱਜਣ ਦਾ ਮੁਕਾਬਲਾ ਹੋਰ ਵੀ ਸਖਤ ਹੋ ਗਿਆ। ਜਵੰਦ ਸਿੰਘ ਦੇ ਪਿੱਛੇ ਪਿੱਛੇ ਗਦਰੀ ਤਰਨਤਾਰਨ ਦੇ ਪਾਸਿਓਂ ਹੋ ਕੇ ਅੱਗੇ ਨਿਕਲ ਗਏ। ਪੁਲਸ ਵਾਲੇ ਹੌਲੀ ਹੋ ਗਏ ਜਿਵੇਂ ਉਹ ਥੱਕ ਗਏ ਹੋਣ ਪਰ ਧੰਨ ਸਨ ਗਦਰੀ ਉਹ ਡਿਗਦੇ ਢਹਿੰਦੇ ਭੱਜ ਰਹੇ ਸਨ। ਰੁਕਣ ਦਾ ਨਾਂ ਨਹੀਂ ਸਨ ਲੈਂਦੇ।

"ਹੁਣ ਤਾਂ ਦਰਿਆ ਮਸਾਂ ਪੰਦਰਾਂ ਵੀਹ ਮੀਲ ਰਹਿ ਗਿਆ ਹੋਊਗਾ!" ਜਵੰਦ ਸਿੰਘ ਨੇ ਦੂਜੇ ਸਾਥੀਆਂ ਨੂੰ ਕਿਹਾ ਜਿਵੇਂ ਉਹ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੋਵੇ। ਫਰਕ ਪੈਂਦਾ ਵੇਖ ਕੇ ਪੁਲਸ ਨੇ ਫਿਰ ਗੋਲੀ ਚਲਾਈ।

"ਅੱਜ ਖੈਰ ਨਹੀਂ!" ਕਿਸੇ ਦੀ ਅਵਾਜ਼ ਆਈ।

"ਭੱਜ ਲਓ ਜੇ ਭੱਜਿਆ ਜਾਂਦਾ!" ਕੋਈ ਹੋਰ ਸਾਹ ਚੜ੍ਹੇ ਬੋਲਿਆ। ਅੱਗੇ ਦਰੱਖਤਾਂ ਦਾ ਇੱਕ ਝੁੰਡ ਆ ਗਿਆ। ਈਸ਼ਰ ਸਿੰਘ ਤੇ ਜਵੰਦ ਸਿੰਘ ਨੇ ਕਾਅੜ-ਕਾਅੜ ਗੋਲੀ ਚਲਾ ਦਿੱਤੀ। ਬੰਤਾ ਸਿੰਘ ਦੂਜੇ ਸਾਥੀਆਂ ਨੂੰ ਲੈ ਕੇ ਭੱਜਦਾ ਗਿਆ। ਫਸਲਾਂ ਉਗਾਉਂਦੇ ਖੇਤ ਜੰਗ ਦਾ ਮੈਦਾਨ ਬਣ ਗਏ। ਪੁਲਸ ਵਾਲੇ ਡਰਦੇ ਪਿੱਛੇ ਹਟ ਗਏ।

ਸਾਰੇ ਗਦਰੀ ਹੁਣ ਗੋਇੰਦਵਾਲ ਦੇ ਪੱਤਣ ਵੱਲ ਵੱਧਣ ਲੱਗੇ। ਇਹ ਥਾਂ ਹੋਰ ਵੀ ਉਚੀ ਨੀਵੀਂ ਸੀ। ਸਿੱਧਾ ਰਸਤਾ ਕੋਈ ਨਹੀਂਸੀ। ਜਵੰਦ ਸਿੰਘ ਤੇ ਈਸ਼ਰ ਸਿੰਘ ਭੱਜ ਕੇ ਸਾਥੀਆਂ ਦੇ ਨਾਲ ਰਲ ਗਏ। ਦਰਿਆ ਨੇੜ ਹੋਣ ਕਰਕੇ ਸਾਰੇ ਬੰਦੇ ਹੌਂਸਲੇ ਵਿੱਚ ਹੋ ਗਏ। ਅਖੀਰ ਗਦਰੀਆਂ ਨੇ ਦਰਿਆ ਦੇ ਕਿਨਾਰੇ ਆ ਕੇ ਸਾਹ ਲਿਆ। ਪੱਤਣ ਉਤੇ ਬੇੜੀ ਉਨ੍ਹਾਂ ਵਾਲੇ ਪਾਸੇ ਖਲੋਤੀ ਸੀ। ਲਾਗੇ ਹੀ ਬੇੜੀ ਦਾ ਮਲਾਹ ਖਲੋਤਾ ਸੀ। ਅਚਾਨਕ ਪੁਲਸ ਨੇ ਫਿਰ ਗੋਲੀ ਚਲਾ ਦਿੱਤੀ। ਸਾਰੇ ਗਦਰੀ ਬੇੜੀ ਵਿੱਚ ਸਵਾਰ ਹੋ ਗਏ ਪਰ ਬੇੜੀ ਦਾ ਮਲਾਹ ਡਰਦਾ ਹੋਇਆ ਜ਼ਮੀਨ ਉਤੇ ਲੇਟ ਗਿਆ। ਪੁਲਸ ਵੱਲੋਂ ਲਗਾਤਾਰ ਗੋਲੀ ਚੱਲਣ ਲੱਗੀ। ਬੇੜੀ ਵਿੱਚ ਬੈਠੇ ਈਸ਼ਰ ਸਿੰਘ ਤੇ ਜਵੰਦ ਸਿੰਘ ਨੇ ਵੀ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਦੋਵੇਂ ਪਾਸਿਓਂ ਤੋਂ ਬਰਾਬਰ ਗੋਲੀ ਚੱਲਣ ਲੱਗੀ। ਸ਼ਾਂਤ ਵੱਗਦੇ ਬਿਆਸ ਦਾ ਸੀਨਾ ਜ਼ਖਮੀ ਹੋਣ ਲੱਗਾ। ਝੱਲ ਵਿੱਚ ਅਰਾਮ ਕਰ ਰਹੇ ਪੰਛੀ ਅਸਮਾਨ ਵੱਲ ਉਡ ਗਏ। ਵਰ੍ਹਦੀਆਂ ਗੋਲੀਆਂ ਵਿੱਚ ਗਦਰੀ ਅਖੀਰ ਬੇੜੀ ਨੂੰ ਦਰਿਆ ਦੇ ਦੂਜੇ ਕਿਨਾਰੇ ਲੈ ਗਏ। ਸਾਰੇ ਬੰਦੇ ਝੱਟ ਬੇੜੀ ਵਿੱਚੋਂ ਛਾਲਾਂ ਮਾਰ ਕੇ ਬਾਹਰ ਆ ਗਏ।

ਸਾਰੇ ਗਦਰੀ ਮੌਤ ਦੇ ਮੂੰਹ ਵਿੱਚੋਂ ਬਚ ਕੇ ਕਪੂਰਥਲਾ ਰਿਆਸਤ ਵਿੱਚ ਦਾਖਲ ਹੋ ਗਏ। ਸਨ। ਦਿਨ ਛੁਪ ਗਿਆ ਸੀ। ਸਾਰੇ ਜਣੇ ਦਰਿਆ ਦੇ ਝੱਲ ਵਿੱਚ ਆ ਬੈਠੇ। ਸਭ ਦੇ ਪੈਰ ਸੁੱਜੇ ਪਏ ਸਨ। ਕਈਆਂ ਦੇ ਪੈਰਾਂ ਵਿੱਚੋਂ ਲਹੂ ਸਿੰਮ ਰਿਹਾ ਸੀ। ਡਰਾਉਣੀ ਰਾਤ ਹੁਣ ਫਿਰ ਮਹੂਰੇ ਆ ਗਈ ਸੀ। ਰਾਤ ਦੇ ਭੁੱਖੇ ਤਿਹਾਏ ਹੁਣ ਫਿਰ ਭੁੱਖੇ ਤਿਹਾਏ ਰਹਿਣ ਲਈ ਮਜਬੂਰ ਸਨ। ਕੋਈ ਇੱਕ ਵੀ ਸ਼ਬਦ ਨਹੀਂ ਸੀ ਕਰ ਰਿਹਾ। ਕਈ ਜੁੱਤੀਆਂ ਲਾਹ ਕੇ ਉਸੇ ਤਰ੍ਹਾਂ ਕਸੁਥਰੀ ਜਗ੍ਹਾ ਉਤੇ ਲੇਟ ਗਏ। ਮਿੱਟੀ ਘੱਟੇ ਨਾਲ ਭਰੇ ਕੱਪੜਿਆਂ ਨਾਲ ਬੈਠਣਾ ਔਖਾ ਲੱਗ ਰਿਹਾ ਸੀ। ਫਿਰ ਵੀ ਗਦਰੀ ਬੈਠੇ ਸਨ। ਛੇ ਬੰਦੂਕਾਂ ਤੇ ਕੁਝ ਕਾਰਤੂਸ ਲੁੱਟ ਕੇ ਉਹ ਬਹੁਤ ਹੌਂਸਲੇ ਵਿੱਚ ਸਨ। ਹੁਣ ਉਹ ਕੋਈ ਵੱਡਾ ਪ੍ਰੋਗਰਾਮ ਬਣਾ ਸਕਦੇ ਹਨ। ਇਸ ਸੋਚ ਨਾਲ ਉਹ ਚੜ੍ਹਦੀ ਕਲਾ ਵਿੱਚ ਆ ਗਏ। ਹਵਾ ਕਿਸੇ ਪਾਸਿਓਂ ਨਹੀਂ ਸੀ ਲੱਗਦੀ। ਝੱਲ ਵਿੱਚ ਬੈਠਿਆ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਕਾਫੀ

ਹਨੇਰਾ ਹੋ ਗਿਆ ਹੋਵੇ। ਨੀਂਦ ਭਲਾ ਕਿਸੇ ਨੂੰ ਕੀ ਆਉਣੀ ਸੀ। ਸਾਰੇ ਚੁੱਪ ਚਾਪ ਬੈਠੇ ਸਨ ਤੇ ਸਭ ਦਾ ਧਿਆਨ ਚਾਰੇ ਪਾਸੇ ਲੱਗਾ ਹੋਇਆ ਸੀ ਕਿ ਕੋਈ ਪੁਲਸ ਵਾਲਾ ਜਾਂ ਕੋਈ ਹੋਰ ਬੰਦੇ ਨਾ ਆ ਜਾਣ। ਫਿਰ ਈਸ਼ਰ ਸਿੰਘ ਨੇ ਸਾਰਿਆਂ ਨਾਲ ਅਗਲਾ ਪ੍ਰੋਗਰਾਮ ਬਣਾਇਆ। ਸਾਰੀਆਂ ਬੰਦੂਕਾਂ ਜਵੰਦ ਸਿੰਘ ਤੇ ਉਨ੍ਹ ਦੇ ਸਾਥੀ ਸੰਭਾਲ ਕੇ ਰੱਖਣਗੇ। ਈਸ਼ਰ ਸਿੰਘ ਤੇ ਉਤਮ ਸਿੰਘ ਵੱਡੇ ਤੜਕੇ ਬੇੜੀ ਪਾਰ ਕੇ ਸੁਲਤਾਨਪੁਰ ਲੋਧੀ ਵੱਲ ਜਾਣਗੇ। ਇਸ ਤੋਂ ਅੱਗੇ ਉਹ ਨਕੋਦਰ ਨੂੰ ਜਾਂ ਫਿਰ ਸਿੱਧੇ ਫਿਰੋਜ਼ਪੁਰ ਨੂੰ ਚਲੇ ਜਾਣਗੇ।

ਅਜ਼ਾਦੀ ਦੇ ਦੀਵਾਨੇ ਬੜੀ ਕਸੁਥਰੀ ਤੇ ਭੈੜੀ ਥਾਂ ਵਿੱਚ ਸਾਰੀ ਰਾਤ ਜਾਗਦੇ ਰਹੇ ਟਿੱਡੇ, ਟਿੱਡੀਆਂ ਤੇ ਹੋਰ ਜੀਵ ਜੰਤੂਆਂ ਦੀਆਂ ਅਵਾਜ਼ਾਂ ਸੁਣਦੇ ਉਹ ਅਜ਼ਾਦੀ ਦੇ ਸੁਪਨੇ ਵੇਖਦੇ ਰਹੇ। ਵੱਡਾ ਤੜਕਾ ਹੋਇਆ। ਈਸ਼ਰ ਸਿੰਘ ਤੇ ਉਤਮ ਸਿੰਘ ਸਾਥੀਆਂ ਨੂੰ ਬੁਲਾ ਕੇ ਝੱਲ ਵਿੱਚੋਂ ਬਾਹਰ ਆਏ। ਬਾਹਰ ਠੰਢੀ ਹਵਾ ਵਗ ਰਹੀ ਸੀ। ਈਸ਼ਰ ਦੇ ਪਿੰਡ ਵਾਲੇ ਦੂਜੇ ਸਾਥੀ ਅੰਮ੍ਰਿਤਸਰ ਵੱਲ ਮੁੜ ਗਏ ਸਨ ਤੇ ਹੁਣ ਇਹ ਦੋਵੇਂ ਸਾਥੀ ਬਿਆਸ ਦੇ ਕਿਨਾਰੇ ਉਤੇ ਆ ਗਏ। ਦਰਿਆ ਦਾ ਪਾਣੀ ਤਾਰਿਆਂ ਦੀ ਲੋਅ ਵਿੱਚ ਡਲ੍ਹਕਾਂ ਮਾਰ ਰਿਹਾ ਸੀ। ਠੰਢੀ ਹਵਾ ਨਾਲ ਈਸ਼ਰ ਹੋਰਾਂ ਨੂੰ ਕੁਝ ਸੁਰਤ ਆ ਗਈ। ਇੱਕ ਵਾਰ ਉਹ ਸੁਲਤਾਨਪੁਰ ਲੋਧੀ ਪਹੁੰਚ ਜਾਣ ਫਿਰ ਤਾਂ ਉਹ ਆਪਣੇ ਇਲਾਕੇ ਵਿੱਚ ਪਹੁੰਚ ਜਾਣਗੇ। ਇਸੇ ਆਸ ਨਾਲ ਦੋਹਾਂ ਸਾਥੀਆਂ ਨੇ ਬੇੜੀ ਦਰਿਆ ਵਿੱਚ ਠੇਲ੍ਹ ਦਿੱਤੀ।

## ਅਠਾਰਾਂ

ਵੱਲਾ ਪੁਲ ਵਾਲੀ ਘਟਨਾ ਪਿੱਛੋਂ ਈਸ਼ਰ ਸਿੰਘ ਕੋਈ ਦਸ ਕੁ ਦਿਨ ਬਾਅਦ ਆਪਣੇ ਪਿੰਡ ਆਇਆ। ਦਿਨ ਤਾਂ ਉਸ ਨੂੰ ਅਜੀਤਵਾਲ ਹੀ ਛੁਪ ਗਿਆ ਸੀ। ਅੱਗੇ ਵਿੰਗਾ ਤੇ ਕੱਚਾ ਰਾਹ। ਜਦੋਂ ਉਹ ਆਪਣੇ ਪਿੰਡ ਦੀ ਜੂਹ ਵਿੱਚ ਦਾਖਲ ਹੋਇਆ ਤਾਂ ਉਸ ਨੂੰ ਆਪਣੇ ਪਿੰਡ ਦਾ ਅਜੀਬ ਅਹਿਸਾਸ ਹੋਇਆ। ਆਪਣੇ ਪਿੰਡ ਦੀ ਮਿੱਟੀ। ਪਾਲਣ ਵਾਲੀ। ਰਾਖੀ ਕਰਨ ਵਾਲੀ। ਈਸ਼ਰ ਨੂੰ ਮਾਂ ਦੀ ਗੋਦ ਦੇ ਨਿੱਘ ਵਰਗਾ ਅਹਿਸਾਸ ਹੋ ਰਿਹਾ ਸੀ। ਲੱਗਦਾ ਸੀ ਕਿ ਬੜੇ ਚਿਰ ਬਾਅਦ ਪਿੰਡ ਨੂੰ ਚੱਲਿਆ ਹੈ। ਖੇਤਾਂ ਦੀ ਠੰਢੀ ਹਵਾ ਨਾਲ ਉਹ ਸਰੂਰਿਆ ਗਿਆ ਸੀ ਪਰ ਦਿਲ ਦੇ ਕਿਸੇ ਹੋਰ ਕੋਨੇ ਵਿੱਚ ਇਹ ਖਿਆਲ ਵੀ ਉਠ ਰਿਹਾ ਸੀ ਕਿ ਪਤਾ ਨਹੀਂ ਇਹ ਠੰਢੀ ਹਵਾ ਕਦੋਂ ਗਰਮ ਲੂਅ ਬਣ ਜਾਵੇ। ਆਪਣਾ ਪਿੰਡ, ਪਿਆਰਾ ਪਿੰਡ। ਹੁਣ ਓਪਰਾ ਵੀ ਲੱਗ ਦਾ ਸੀ। ਕੀ ਪਤਾ ਪੁਲਸ ਨੇ ਕਿਸੇ ਪਾਸਿਓਂ ਆ ਘੇਰਨਾ ਹੈ। ਫਿਰ ਵੀ ਉਹ ਆਪਣੇ ਪਿੰਡ ਜਾਣਾ ਲੋਚਦਾ ਸੀ। ਘਰ ਵਿੱਚ ਬੁੱਢੇ ਮਾਂ ਬਾਪ ਉਸ ਦੀ ਹਰ ਪਲ ਉਡੀਕ ਰੱਖਦੇ ਹਨ। ਉਸ ਦੇ ਘਰ ਦੀ ਰੌਣਕ ਯਾਨੀ ਉਸ ਦੀ ਪਤਨੀ ਰਾਮ ਕੌਰ ਉਸ ਦੇ ਸਾਹੀਂ ਜਿਊਂਦੀ ਹੈ। ਹੁਣ ਤਾਂ ਹਨੇਰੇ ਸਵੇਰੇ ਹੀ ਛੁਪ ਕੇ ਆਪਣੇ ਘਰ ਜਾ ਹੁੰਦਾ ਹੈ । ਹੌਲੀ ਹੌਲੀ ਕਦਮ ਪੁੱਟਦਾ ਪਿੰਡ ਦੇ ਨੇੜ ਆ ਜਾਂਦਾ ਹੈ । ਵੱਸਦੇ ਰੱਸਦੇ ਘਰਾਂ ਦਾ ਰੌਲਾ ਰੱਪਾ ਸੁਣਦਾ ਹੈ। ਕਿਧਰੋਂ

ਕੁੱਤਿਆਂ ਦਾ ਭੌਂਕਣ ਦੀਆਂ ਅਵਾਜ਼ਾਂ ਆਉਂਦੀਆਂ ਹਨ।

ਆਪਣੇ ਹੀ ਪਿੰਡ ਵਿੱਚ ਉਹ ਓਪਰਿਆਂ ਵਾਂਗ ਦਾਖਲ ਹੁੰਦਾ ਹੈ। ਸੱਚਮੁੱਚ ਜਿਵੇਂ ਚਿਰ ਬਾਅਦ ਏਥੇ ਆਇਆ ਹੋਵੇ। ਵੱਲਾ ਪੁਲ ਵਾਲੀ ਘਟਨਾ ਤੋਂ ਪਿੱਛੋਂ ਉਹ ਤੇ ਉਤਮ ਸਿੰਘ ਲੁਕ ਛੁਪ ਕੇ ਰਾਤਾਂ ਕੱਟਦੇ ਰਹੇ। ਫੌਜੀ ਗਾਰਦ ਤੋਂ ਛੇ ਬੰਦੂਕਾਂ ਤੇ ਕਾਰਤੂਸ ਖੋਹ ਕੇ ਭੱਜਣਾ ਕੋਈ ਸਾਧਾਰਨ ਗੱਲ ਤਾਂ ਨਹੀਂ। ਇਹ ਤਾਂ ਉਸ ਦੇ ਜੀਵਨ ਦਾ ਇੱਕ ਨਾ ਭੁੱਲਣ ਵਾਲਾ ਕਾਂਡ ਸੀ। ਵੱਲਾ ਪੁਲ ਤੋਂ ਉਹ ਰਾਤ ਦੇ ਹਨੇਰੇ ਵਿੱਚ ਭੱਜ ਤੁਰੇ। ਦਿਨ ਚੜ੍ਹਦੇ ਨਾਲ ਪੁਲਸ ਦੇ ਨਾਲ ਮੁਕਾਬਲਾ ਸ਼ੁਰੂ ਹੋ ਗਿਆ। ਅੰਨ੍ਹੇਵਾਹ ਗੋਲੀ ਚੱਲਦੀ ਰਹੀ। ਗਦਰੀ ਗੋਲੀ ਵੀ ਚਲਾਉਂਦੇ ਤੇ ਭੱਜੇ ਵੀ ਜਾਂਦੇ। ਪਤਾ ਨਹੀਂ ਉਨ੍ਹਾਂ ਵਿੱਚ ਏਨਾ ਜ਼ੋਰ ਕਿੱਥੋਂ ਆ ਗਿਆ ਸੀ। ਦਿਨ ਛੁਪਦੇ ਨਾਲ ਦਰਿਆ ਪਾਰ ਕਰ ਗਏ। ਅੱਗੇ ਕਿਹੜਾ ਬਿਸਤਰੇ ਵਿੱਛੇ ਹੋਏ ਸਨ। ਝੱਲ ਵਿੱਚ ਬੈਠੇ ਰਹੇ ਤੇ ਵੱਡੇ ਤੜਕੇ ਦੋਵੇਂ ਸਾਥੀ ਸੁਲਤਾਨਪੁਰ ਲੋਧੀ ਵੱਲ ਤੁਰ ਪਏ। ਏਥੇ ਆ ਕੇ ਉਹ ਮਸਾਂ ਡਿੱਗੇ। ਪੈਰਾਂ ਵਿੱਚੋਂ ਤਾਂ ਖੂਨ ਸਿੰਮ ਰਿਹਾ ਸੀ। ਸੁਲਤਾਨਪੁਰ ਲੋਧੀ ਦੇ ਇੱਕ ਗੁਰਦੁਆਰੇ ਵਿੱਚ ਰਾਤ ਕੱਟੀ। ਦਿਨ ਚੜ੍ਹੇ ਨਕੋਦਰ ਵੱਲ ਤੁਰ ਪਏ। ਜਗਰਾਓਂ ਪਹੁੰਚ ਕੇ ਦੋਵੇਂ ਜਣੇ ਪਿੰਡ ਸ਼ੇਖ ਦੌਲਤ ਪਹੁੰਚ ਗਏ ਸਨ। ਇਸ ਪਿੰਡ ਵਿੱਚ ਉਤਮ ਸਿੰਘ ਹਾਂਸ ਦੀ ਭੈਣ ਵਿਆਹੀ ਹੋਈ ਸੀ।

ਦੋਵੇਂ ਸਾਥੀ ਦੋ ਦਿਨ ਪਿੰਡ ਸ਼ੇਖ ਦੌਲਤ ਵਿੱਚ ਠਹਿਰੇ। ਭੈਣ ਨੇ ਦੋਹਾਂ ਦੇ ਕੱਪੜੇ ਸਾਫ ਕੀਤੇ। ਇਸ਼ਨਾਨ ਕਰਕੇ ਉਹ ਖੇਤ ਚਲੇ ਗਏ। ਦੋ ਦਿਨ ਉਨ੍ਹਾਂ ਨੇ ਅਰਾਮ ਕੀਤਾ। ਏਥੋਂ ਉਹ ਇੱਕ ਦਿਨ ਵੱਡੇ ਤੜਕੇ ਹਾਂਸ ਕਲਾ ਜਾ ਪੁੱਜੇ। ਏਥੇ ਉਹ ਘਰ ਦੀ ਜਗ੍ਹਾ ਨਹਿਰੋਂ ਪਾਰ ਇੱਕ ਲੁਕਵੀਂ ਥਾਂ ਠਹਿਰ ਗਏ। ਉਨ੍ਹਾਂ ਦੇ ਸਰੀਰ ਬਹੁਤ ਥੱਕ ਟੁੱਟ ਗਏ ਸਨ। ਕਈ ਦਿਨਾਂ ਦੇ ਅਰਾਮ ਪਿੱਛੋਂ ਉਹ ਠੀਕ ਹੋਏ। ਉਨ੍ਹਾਂ ਦੇ ਪੈਰ ਤਾਂ ਅਸਲੋਂ ਹੀ ਸੁੱਜ ਗਏ ਸਨ। ਇੱਕ ਕਦਮ ਵੀ ਪੁੱਟਣਾ ਮੁਸ਼ਕਲ ਲੱਗਦਾ ਸੀ। ਸਰੀਰ ਕੁਝ ਠੀਕ ਹੋਇਆ ਤਾਂ ਈਸ਼ਰ ਨੇ ਆਪਣੇ ਪਿੰਡ ਨੂੰ ਜਾਣ ਬਾਰੇ ਉਤਮ ਸਿੰਘ ਨੂੰ ਦੱਸ ਦਿੱਤਾ। ਇੱਕ ਦੋ ਦਿਨ ਪਿੱਛੋਂ ਉਥੇ ਮੁੜਨ ਦਾ ਵਾਅਦਾ ਕਰਕੇ ਤੜਕੇ ਹੀ ਚਾਲੇ ਪਾ ਦਿੱਤੇ।

ਈਸ਼ਰ ਜਦੋਂ ਆਪਣੇ ਘਰ ਅੱਗੇ ਆਇਆ ਤਾਂ ਦਰਵਾਜ਼ਾ ਬੰਦ ਸੀ। ਅੰਦਰੋਂ ਕੋਈ ਅਵਾਜ਼ ਨਹੀਂ ਸੀ ਆ ਰਹੀ। ਈਸ਼ਰ ਨੇ ਪਹਿਲਾਂ ਵਾਂਗ ਦਰਵਾਜ਼ੇ ਦੇ ਹੇਠਲੇ ਪਾਸੇ ਠੱਕ ਠੱਕ ਕੀਤੀ ਪਰ ਅੰਦਰੋਂ ਕੋਈ ਅਵਾਜ਼ ਨਾ ਆਈ। ਫਿਰ ਉਸ ਨੇ ਆਸੇ ਪਾਸੇ ਵੇਖ ਕੇ ਮੁੜ ਖੜਕਾ ਕੀਤਾ। ਦੋ ਵਾਰ ਖੜਕਾ ਕਰਨ 'ਤੇ ਅੰਦਰੋਂ ਅਵਾਜ਼ ਆਈ "ਹੂੰ....ਅ!" ਈਸ਼ਰ ਨੇ ਅਵਾਜ਼ ਸੁਣ ਕੇ ਸੋਚਿਆ ਕਿ ਇਹ ਰਾਮ ਕੌਰ ਹੀ ਹੈ।

"ਹਾਂ...ਹਾਂ? " ਈਸ਼ਰ ਬੋਲਿਆ। ਫਿਰ ਦਰਵਾਜ਼ਾ ਖੁੱਲ੍ਹ ਗਿਆ। ਈਸ਼ਰ ਅੰਦਰ ਲੰਘ ਆਇਆ। ਅੱਗੇ ਵਿਹੜੇ ਵਿੱਚ ਮੰਜਿਆਂ ਉਤੇ ਮਾਂ ਬਾਪ ਬੈਠੇ ਸਨ ਜਿਵੇਂ ਉਨ੍ਹਾਂ ਨੂੰ ਵੀ ਈਸ਼ਰ ਦੇ ਆਉਣ ਦਾ ਪਤਾ ਲੱਗ ਗਿਆ ਸੀ। ਈਸ਼ਰ ਮਾਂ ਬਾਪ ਦੇ ਪੈਰੀਂ ਹੱਥ ਲਾ ਕੇ ਮਾਂ ਦੇ ਕੋਲ ਬੈਠ ਗਿਆ। ਮਾਂ ਨੇ ਕੰਬਦੀਆਂ ਬਾਹਵਾਂ ਨਾਲ ਪੁੱਤਰ ਨੂੰ ਗਲਵੱਕੜੀ ਵਿੱਚ ਲੈ ਲਿਆ। ਕਿੰਨਾ ਈ ਚਿਰ ਉਸ ਕੋਲੋਂ ਕੋਈ ਗੱਲ ਨਾ ਕਰ ਹੋਈ। ਉਸ ਦਾ ਗੱਚ

ਭਰ ਆਇਆ ਸੀ।

"ਤੂੰ ਪੁੱਤ ਠੀਕ ਐ? " ਕਿੰਨਾ ਹੀ ਚਿਰ ਬਾਅਦ ਮਾਂ ਦੀ ਅਵਾਜ਼ ਆਈ।

"ਬੇਬੇ ਮੈਂ ਤਾਂ ਬਿਲਕੁਲ ਠੀਕ ਆਂ, ਤੂੰ ਫਿਕਰ ਨਾ ਕਰ!" ਈਸ਼ਰ ਹੌਂਸਲੇ ਵਿੱਚ ਬੋਲਿਆ। ਏਨੇ ਵਿੱਚ ਰਾਮ ਕੌਰ ਨੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਵਰਾਂਡੇ ਦੇ ਇੱਕ ਪਾਸੇ ਰੱਖ ਦਿੱਤਾ। ਜਿੱਥੋਂ ਬਾਹਰ ਚਾਨਣ ਘੱਟ ਆ ਰਿਹਾ ਸੀ।

"ਤੈਨੂੰ ਕਿਸੇ ਗੱਲ ਦਾ ਪਤਾ ਲੱਗਾ? " ਮਾਂ ਨੇ ਹੌਲੀ ਜਿਹੀ ਕਿਹਾ।

"ਕਾਹਦਾ? " ਈਸ਼ਰ ਹੈਰਾਨ ਹੋ ਗਿਆ।

"ਪਾਖਰ ਸਿੰਘ ਨੂੰ ਪੁਲਸ ਫੜ ਕੇ ਲੈ ਗਈ!" ਮਾਂ ਨੇ ਮਸਾਂ ਗੱਲ ਕੀਤੀ।

"ਕੀ ਗੱਲ ਹੋ ਗਈ? " ਈਸ਼ਰ ਸਾਰੇ ਦਾ ਸਾਰਾ ਝੰਜੋੜਿਆ ਗਿਆ। ਇਹ ਕੀ ਹੋ ਗਿਆ ! ਉਸ ਦੀ ਜਿਵੇਂ ਸੁਰਤ ਘੁੰਮ ਗਈ। ਫਿਰ ਸੱਜਣ ਸਿੰਘ ਕਹਿਣ ਲੱਗਾ, "ਮੈਨੂੰ ਤਾਂ ਪੁੱਤ ਸ਼ਾਮ ਸਿੰਘ ਦੱਸ ਕੇ ਗਿਆ ਕਹਿੰਦੇ ਪਰਸੋਂ ਦੀ ਗੱਲ ਐ ਬਹੁਤ ਪੁਲਸ ਆਈ ਸੀ। ਸਾਰੇ ਪਿੰਡ ਵਿੱਚ ਹਾਹਾਕਾਰ ਮੱਚੀ ਪਈ ਐ। ਮੈਨੂੰ ਅੱਜ ਪਤਾ ਲੱਗਾ ਅਖੇ ਬਚਨ ਸਿੰਘ ਨੂੰ ਵੀ ਪੁਲਸ ਲੈ ਗਈ। ਹੁਣ ਤਾਂ ਸਾਰੇ ਬੰਦੇ ਭੱਜੇ ਫਿਰਦੇ ਐ!"

ਈਸ਼ਰ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਉਸ ਦੇ ਸਾਹਮਣੇ ਪਾਖਰ ਸਿੰਘ ਦਾ ਚਿਹਰਾ ਘੁੰਮਣ ਲੱਗਾ। ਬਹੁਤ ਚੁਸਤ ਤੇ ਸਿਆਣਾ ਬੰਦਾ। ਮਧਰਾ ਜਿਹਾ ਕੱਦ ਪਰ ਤੁਰਨ ਫਿਰ ਨੂੰ ਬੇਹੱਦ ਤਕੜਾ। ਉਹ ਤਾਂ ਕਪੂਰਥਲੇ ਵੀ ਨਾਲ ਗਿਆ ਸੀ ਤੇ ਹੁਣ ਵੱਲਾ ਪੁਲ ਦੇ ਹਮਲੇ ਵੇਲੇ ਵੀ ਨਾਲ ਸੀ। ਕਿਸੇ ਗੱਲੋਂ ਵੀ ਉਹ ਘਬਰਾਉਂਦਾ ਨਹੀਂ ਸੀ। ਬਾਹਰ ਅੰਦਰ ਜਾਣ ਵੇਲੇ ਉਹ ਕਿਰਾਇਆ ਭਾੜਾ ਵੀ ਇਕੱਠਾ ਕਰਕੇ ਦੇ ਜਾਂਦਾ ਸੀ।

"ਆਪਣੇ ਘਰ ਵੀ ਪੁਲਸ ਕਈ ਗੇੜੇ ਮਾਰ ਚੁੱਕੀ ਐ!" ਸੱਜਣ ਸਿੰਘ ਫੇਰ ਬੋਲਿਆ।

"ਲਿਆ ਪਹਿਲਾਂ ਮੈਂ ਆਪਣੇ ਪੁੱਤ ਨੂੰ ਰੋਟੀ ਪਕਾ ਕੇ ਦੇਵਾਂ!" ਮਾਂ ਮੰਜੇ ਤੋਂ ਉਠੀ।

"ਨਹੀਂ ਬੇਬੇ ਤੂੰ ਬੈਠੀ ਰਹਿ। ਮੈਂ ਰੋਟੀ ਲਾਹੁਨੀ ਆਂ!" ਰਾਮ ਕੌਰ ਨੇ ਕਿਹਾ।

"ਮੈਨੂੰ ਕੀ ਹੋਇਆ। ਤੁਸੀਂ ਗੱਲਾਂ ਬਾਤਾਂ ਕਰੋ ਚੁੱਪ ਕਰੋ!" ਮਾਂ ਝੱਟ ਵਰਾਂਡੇ ਵਿੱਚ ਜਾ ਕੇ ਰੋਟੀ ਟੁੱਕ ਦੇ ਆਹਰ ਵਿੱਚ ਜੁਟ ਗਈ।

"ਬਾਪੂ ਪੁਲਸ ਵਾਲੇ ਆ ਕੇ ਕੀ ਕਹਿੰਦੇ ਸੀ? " ਮੈਂ ਕਿਹਾ ਭਾਈ ਸਾਨੂੰ ਤਾਂ ਕੋਈ ਪਤਾ ਨਹੀਂ ਉਹ ਕਿਥੇ ਰਹਿੰਦਾ। ਘਰ ਤਾਂ ਕਦੇ ਆਇਆ ਨਹੀਂ। ਤੂੰ ਪੁੱਤ ਹੁਣ ਬਿੜਕ ਨਾਲ ਰਿਹਾ ਕਰ!" ਬਾਪੂ ਨੇ ਨਸੀਹਤ ਵੀ ਕੀਤੀ।

ਕੁਝ ਚਿਰ ਬਾਅਦ ਮਾਂ ਰੋਟੀ ਲੈ ਕੇ ਆ ਗਈ। ਈਸਰ ਨੇ ਮੂੰਹ ਹੱਥ ਧੋ ਕੇ ਰੋਟੀ ਖਾਧੀ। ਅੱਜ ਈਸ਼ਰ ਨੇ ਚਿਰ ਬਾਅਦ ਮਾਂ ਦੇ ਹੱਥਾਂ ਦੀ ਪੱਕੀ ਹੋਈ ਰੋਟੀ ਖਾਧੀ ਸੀ। ਫਿਰ ਉਹ ਕੋਠੇ ਉਪਰ ਆ ਗਿਆ। ਰਾਮ ਕੌਰ ਦੁੱਧ ਗਰਮ ਕਰਕੇ ਲੈ ਆਈ। ਈਸ਼ਰ ਨੇ ਆਪਣੇ ਮੰਜੇ ਰਸਤੇ ਵੱਲ ਕਰ ਲਏ ਤਾਂ ਕਿ ਥੱਲਿਓਂ ਕੋਈ ਬਿੜਕ ਆਉਂਦੀ ਰਹੇ।

ਰਾਮ ਕੌਰ ਆ ਕੇ ਈਸ਼ਰ ਦੇ ਕੋਲ ਬੈਠ ਗਈ। ਆਸੇ ਪਾਸੇ ਕਿਸੇ ਦੀ ਵੀ ਕੋਈ ਅਵਾਜ਼ ਨਹੀਂ ਸੀ ਆ ਰਹੀ। ਕਦੇ ਕਿਸੇ ਕੁੱਤੇ ਦੇ ਭੌਂਕਣ ਦੀ ਅਵਾਜ਼ ਆਉਂਦੀ।

ਰਾਮ ਕੌਰ ਨੇ ਈਸ਼ਰ ਦੇ ਮੋਢੇ ਉਤੇ ਹੱਥ ਰੱਖ ਕੇ ਕਿਹਾ, "ਤੂੰ ਬਾਹਰ ਰੋਟੀ ਕਿੱਥੋਂ ਖਾਨੈ।"

"ਰੋਟੀ ਦਾ ਕੀ ਐ! ਜਿੱਥੋਂ ਕਿਤੇ ਮਿਲ ਗਈ ਬੱਸ ਛਕ ਲਈ। ਆਪਾਂ ਨੂੰ ਤਾਂ ਹੁਣ ਨਾ ਖਾਣ ਦਾ ਤੇ ਨਾ ਪਹਿਨਣ ਦਾ। ਬੱਸ ਸਾਡੀ ਤਾਂ ਇੱਕ ਗੱਲ ਐ ਬਈ ਦੇਸ਼ ਅਜ਼ਾਦ ਹੋ ਜਾਵੇ। ਅਸੀਂ ਤਾਂ ਉਸ ਦਿਨ ਰੱਜ ਕੇ ਰੋਟੀ ਖਾਵਾਂਗੇ।"

"ਮੇਰਾ ਤਾਂ ਘਰ ਵਿੱਚ ਹੁਣ ਜੀਅ ਨਹੀਂ ਲੱਗਦਾ। ਸੱਚੀ ਗੱਲ ਐ। ਇੱਕ ਹੁਣ ਪੁਲਸ ਵੱਧ ਗੇੜੇ ਮਾਰਦੀ ਐ। ਮੈਨੂੰ ਤਾਂ ਬਹੁਤ ਡਰ ਲੱਗਦਾ। ਸਾਰੀ ਸਾਰੀ ਰਾਤ ਨੀਂਦ ਨਹੀਂ ਆਉਂਦੀ!" ਰਾਮ ਕੌਰ ਨੇ ਆਪਣੀ ਵੇਦਨਾ ਸੁਣਾਈ।

"ਤੈਨੂੰ ਫਿਕਰ ਕਰਨ ਦੀ ਕੀ ਜ਼ਰੂਰਤ ਐ। ਰੋਟੀ ਪਾਣੀ ਖਾ ਕੇ ਚੁੱਪ ਕਰਕੇ ਸੌਂ ਜਾਇਆ ਕਰ। ਵੇਖ ਹੁਣਮੇਰੀ ਜ਼ਿੰਦਗੀ ਮੇਰੇ ਦੇਸ਼ ਦੀ ਅਮਾਨਤ ਐ। ਪਾਰਟੀ ਦਾ ਫੈਸਲਾ ਹੈ ਕਿ ਅਸੀਂ ਆਖਰੀ ਸਾਹ ਤੱਕ ਅੰਗਰੇਜ਼ਾਂ ਨਾਲ ਟੱਕਰ ਲਵਾਂਗੇ ਤੇ ਇੱਕ ਦਿਨ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਛੱਡਾਂਗੇ। ਸਾਡੀ ਭਲਾ ਜਾਨ ਚਲੀ ਜਾਵੇ!" ਈਸ਼ਰ ਦੀਆਂ ਗਰਮ ਗੱਲਾਂ ਸੁਣ ਕੇ ਰਾਮ ਕੌਰ ਜਿਵੇਂ ਘਬਰਾ ਗਈ। ਉਸ ਨੇ ਡਰਦਿਆਂ ਦੋਵੇਂ ਬਾਹਾਂ ਈਸ਼ਰ ਦੇ ਗਲ ਦੁਆਲੇ ਵਲ ਲਈਆਂ। ਉਸ ਕੋਲੋਂ ਫਿਰ ਗੱਲ ਨਾ ਕਰ ਹੋਈ। ਈਸ਼ਰ ਨੇ ਵੀ ਉਸ ਨੂੰ ਗਲ ਨਾਲ ਲਾ ਲਿਆ। ਉਸ ਨੂੰ ਪਤਾ ਸੀ ਕਿ ਇਹ ਇਕੱਲੀ ਸਾਰ ਦਿਨ ਘਰ ਵਿੱਚ ਕੰਮ ਵੀ ਕਰਦੀ ਹੈ ਤੇ ਇਸ ਨੂੰ ਸਹਾਰਾ ਵੀ ਕੋਈ ਨਹੀਂ। ਚਿੰਤਾ ਹਰ ਵੇਲੇ ਦੀ।

ਈਸ਼ਰ ਫੇਰ ਹੌਲੀ ਜਿਹੀ ਗੱਲ ਕਰਨ ਲੱਗਾ, "ਵੇਖ ਤੂੰ ਬਹੁਤਾ ਨਾ ਸੋਚਿਆ ਕਰੇ। ਜੇ ਪੁਲਸ ਘਰ ਆਵੇ ਕਹਿ ਮੈਨੂੰ ਉਹਦਾ ਕੋਈ ਪਤਾ ਨਹੀਂ ਤੇ ਗੱਲ ਖਤਮ। ਤੈਨੂੰ ਫਿਕਰ ਕਰਨ ਕੋਈ ਲੋੜ ਨਹੀਂ।"

"ਬਾਹਰ ਹੁਣ ਕਿਹੜਾ ਮਾਂ ਬੈਠੀ ਐ। ਜਿਥੇ ਜੀਅ ਕੀਤਾ ਪੈ ਗਏ!" ਫਿਰ ਈਸ਼ਰ ਨੂੰ ਉਹ ਦੋ ਰਾਤਾਂ ਯਾਦ ਆਈਆਂ ਜਦੋਂ ਉਹ ਝੱਲ ਵਿੱਚ ਹੀ ਬੈਠੇ ਰਹੇ। ਪੀਣ ਲਈ ਪਾਣੀ ਵੀ ਨਹੀਂ ਸੀ। ਉਸ ਨੂੰ ਪਾਖਰ ਸਿੰਘ ਦੀ ਯਾਦ ਆ ਗਈ। ਕਿਹੋ ਜਿਹਾ ਹਿੰਮਤੀ ਬੰਦਾ। ਡਰ ਡੁੱਕਰ ਤਾਂ ਉਸ ਦੇ ਨੇੜੇ ਤੇੜੇ ਨਹੀਂ। ਪੁਲਸ ਉਸ ਤੋਂ ਖਵਰੇ ਕੀ ਕੁਝ ਪੁੱਛਗੇ! ਫਿਰ ਉਸ ਦੇ ਦਿਲ ਵਿੱਚ ਆਈ ਕਿ ਹੁਣੇ ਉਹ ਕਿਸੇ ਦੇ ਘਰ ਜਾਵੇ ਤੇ ਸਾਰੀ ਗੱਲ ਚੰਗੀ ਤਰ੍ਹਾਂ ਸੁਣ ਕੇ ਆਵੇ। ਉਸ ਦੇ ਘਰ ਤੋਂ ਸ਼ਾਮ ਸਿੰਘ ਦਾ ਘਰ ਤੇ ਪਾਲਾ ਸਿੰਘ ਦਾ ਘਰ ਨੇੜੇ ਸੀ। ਉਸ ਦਾ ਦਿਲ ਕਰੇ ਕਿ ਉਹ ਦੋਹਾਂ ਨੂੰ ਮਿਲ ਕੇ ਆਵੇ। ਉਨ੍ਹਾਂ ਨੂੰ ਮਿਲਣਾ ਤਾਂ ਜ਼ਰੂਰੀ ਹੈ। ਉਹ ਪਤਾ ਨਹੀਂ ਕਿਸ ਹਾਲ ਹੋਣਗੇ।

"ਰਾਤ ਭਲਾ ਕਿੰਨੀ ਕੁ ਚਲੀ ਗਈ? " ਈਸ਼ਰ ਅਸਮਾਨ ਵੱਲ ਝਾਕਿਆ।

"ਲੈ ਰਾਤ ਤਾਂ ਅੱਧੀਓਂ ਟੱਪ ਗਈ ਹੋਊਗੀ।" ਰਾਮ ਕੌਰ ਨੇ ਐਵੇਂ ਸਧਾਰਨ ਹੀ

ਜਵਾਬ ਦਿੱਤਾ।

"ਮੇਰਾ ਜੀਅ ਕਰਦੈ ਕਿ ਪਾਲਾ ਸਿੰਘ ਹੋਰਾਂ ਨੂੰ ਮਿਲ ਆਵਾਂ? "

"ਵਾਖਰੂ ! ਏਸ ਮੌਕੇ !" ਰਾਮ ਕੌਰ ਹੈਰਾਨ ਹੋ ਗਈ।

"ਸਾਡਾ ਤਾਂ ਦਿਨ ਉਦੋਂ ਚੜ੍ਹਦੈ ਜਦੋਂ ਲੋਕ ਸੌਂ ਜਾਂਦੇ ਐ !" ਈਸ਼ਰ ਬੋਲਿਆ।

"ਬਾਬਾ ਬੱਸ ਕਰ। ਮੈਨੂੰ ਤਾਂ ਡਰ ਲੱਗਣ ਲੱਗ ਜਾਂਦੈ।"

ਉਦੋਂ ਹੀ ਮੁੱਲਾਂ ਨੇ ਮਸੀਤ ਵਿੱਚੋਂ ਬਾਂਗ ਦੇ ਦਿੱਤੀ।

"ਵਾਖਰੂ! ਆਹ ਤਾਂ ਤੜਕਾ ਹੋ ਗਿਆ।" ਰਾਮ ਕੌਰ ਨੇ ਬਾਂਗ ਸੁਣ ਕੇ ਕਿਹਾ।

"ਮੇਰਾ ਤਾਂ ਜਾਣ ਦਾ ਵੇਲਾ ਹੋ ਗਿਐ!" ਈਸ਼ਰ ਇੱਕ ਤਰ੍ਹਾਂ ਸਾਵਧਾਨ ਹੋ ਗਿਆ।

"ਮੈਂ ਨਹੀਂ ਜਾਣ ਦੇਣਾ!" ਰਾਮ ਕੌਰ ਨੇ ਈਸ਼ਰ ਦੇ ਗਲ ਦੁਆਲੇ ਬਾਹਾਂ ਕਸ ਲਈਆਂ।

"ਜੇ ਭਲਾ ਪੁਲਸ ਆ ਗਈ ਫੇਰ ਤੂੰ ਕੀ ਕਰੇਂਗੀਂ।"

"ਠੱਕ...ਠੱਕ...!" ਏਨੇ ਨੂੰ ਘਰ ਦਾ ਬਾਹਰਲਾ ਦਰਵਾਜ਼ਾ ਖੜਕਿਆ। ਈਸ਼ਰ ਉਠਿਆ ਤੇ ਬਨੇਰੇ ਨਾਲ ਲੰਮਾ ਪੈ ਕੇ ਥੱਲੇ ਝਾਕਿਆ। ਕਿੰਨੇ ਹੀ ਬੰਦੇ ਖਲੋਤੇ ਸਨ। ਹਨੇਰੇ ਵਿੱਚ ਸਾਫ ਵਿਖਾਈ ਨਹੀਂ ਸੀ ਦੇ ਰਿਹਾ। ਈਸ਼ਰ ਝੱਟ ਸਮਝ ਗਿਆ ਕਿ ਇਹ ਪੁਲਸ ਹੈ। ਈਸ਼ਰ ਨੇ ਝੱਟ ਦੋਵੇਂ ਬਿਸਤਰੇ ਤੇ ਇੱਕ ਮੰਜਾ ਚੁੱਕ ਕੇ ਚੁਬਾਰੇ ਕੋਲ ਲਿਆ ਰੱਖਿਆ। ਦਰਵਾਜ਼ਾ ਜ਼ੋਰ ਨਾਲ ਖੜਕਿਆ।

"ਤੂੰ ਥੱਲੇ ਉਤਰ ਜਾਹ। ਪੁਲਸ ਆ ਗਈ!" ਈਸ਼ਰ ਏਨੀ ਆਖਕੇ ਹੌਲੀ ਹੌਲੀ ਘਰਾਂ ਦੇ ਉਪਰੋਂ ਹੋ ਕੇ ਇੱਕ ਘਰ ਦੀ ਛੱਤ ਉਤੋਂ ਥੱਲੇ ਛਾਲ ਮਾਰ ਗਿਆ। ਉਹ ਘਰ ਵਿੱਚ ਹਨੇਰੇ ਹੋਏ ਆਇਆ ਸੀ ਤੇ ਹਨੇਰੇ ਵਿੱਚ ਹੀ ਫਿਰ ਘਰੋਂ ਚੱਲ ਪਿਆ।

ਵੱਡਾ ਰਸਤਾ ਟੱਪ ਕੇ ਉਹ ਨਿਆਈਂ ਵਾਲਾ ਖੂਹ ਵੀ ਟੱਪ ਗਿਆ। ਹੁਣ ਪਿੰਡ ਵਾਲੇ ਬੰਦਿਆਂ ਨੂੰ ਕਿਵੇਂ ਮਿਲਿਆ ਜਾਵੇ। ਉਹ ਤੁਰਿਆ ਜਾਂਦਾ ਸੋਚਣ ਲੱਗਾ। ਕੀ ਪਤਾ ਹੋਰ ਕਿਸੇ ਦੇ ਘਰ ਵੀ ਪੁਲਸ ਚਲੀ ਜਾਵੇ। ਇਹ ਤਾਂ ਪੁਲਸ ਦਾ ਅਜੀਬ ਚੱਕਰ ਚੱਲ ਪਿਆ। ਗਦਰ ਪਾਰਟੀ ਦੇ ਵੱਡੇ ਲੀਡਰ ਫੜੇ ਜਾ ਚੁੱਕੇ ਐ। ਅਸਲ ਵਿੱਚ ਥਾਂ ਥਾਂ ਅੰਗਰੇਜ਼ ਸਰਕਾਰ ਦੇ ਪਿੱਠੂ ਬਹੁਤ ਤੁਰੇ ਫਿਰਦੇ ਐ। ਜਿੰਨੇ ਵੀ ਪਾਰਟੀ ਆਗੂ ਗ੍ਰਿਫਤਾਰ ਹੋਏ ਐ ਸਭ ਇਨ੍ਹਾਂ ਦੀ ਹੀ ਮਿਹਰਬਾਨੀ ਹੈ। ਕਰਤਾਰ ਸਰਾਭਾ ਫੜਿਆ ਗਿਆ। ਪਿਆਰਾ ਸਿੰਘ, ਨੰਦ ਸਿੰਘ, ਬੂਟਾ ਸਿੰਘ ਤੇ ਰੂੜ ਸਿੰਘ ਹੋਰੀਂ ਫੜੇ ਗਏ। ਹੁਣ ਪਾਖਰ ਸਿੰਘ ਨੂੰ ਪੁਲਸ ਲੈ ਗਈ। ਸਮਝ ਨਹੀਂ ਪੈਂਦੀ ਕਿ ਗਦਰ ਪਾਰਟੀ ਦਾ ਕੀ ਬਣੇਗਾ। ਕਾਸ਼ ! ਗਦਰ ਪਾਰਟੀ ਦਾ ਪ੍ਰੋਗਰਾਮ ਸਫਲ ਹੋ ਜਾਂਦਾ। ਅਸੀਂ ਪਾਰਟੀ ਦਾ ਝੰਡਾ ਝੁਲਦਾ ਵੇਖਦੇ!

ਈਸ਼ਰ ਪਿੰਡ ਦੇ ਬਾਹਰ ਆ ਕੇ ਦੌਧਰ ਵਾਲੇ ਪਾਸੇ ਖੇਤਾਂ ਵਿੱਚ ਬੈਠ ਗਿਆ। ਉਸ ਦਾ ਦਿਲ ਕਰੇ ਕਿ ਉਹ ਪਾਲਾ ਸਿੰਘ, ਸ਼ਾਮ ਸਿੰਘ ਤੇ ਮਾਸਟਰ ਫੇਰਾ ਸਿੰਘ ਹੋਰਾਂ ਨੂੰ

ਮਿਲੇ। ਫਿਰ ਦੂਜੇ ਪਾਸੇ ਪੁਲਸ ਦਾ ਡਰ ਸੀ। ਪੁਲਸ ਕਿਵੇਂ ਵੱਡੇ ਤੜਕੇ ਆ ਪਹੁੰਚੀ। ਇਸ ਵੇਲੇ ਤਾਂ ਲੋਕ ਘੂਕ ਸੁੱਤੇ ਪਏ ਹੁੰਦੇ ਐ। ਅੱਜ ਤਾਂ ਕੁਦਰਤੀ ਬਚਾਅ ਹੋ ਗਿਆ। ਫਿਰ ਉਸ ਨੇ ਸੋਚਿਆ ਕਿ ਅੱਜ ਤਾਂ ਪਿੰਡੋਂ ਜਾਣਾ ਹੀ ਠੀਕ ਹੈ। ਉਹ ਕੱਲ੍ਹ ਉਤਮ ਸਿੰਘ ਨੂੰ ਕਹਿ ਕੇ ਵੀ ਆਇਆ ਸੀ ਕਿ ਉਹ ਜਲਦੀ ਵਾਪਸ ਆ ਜਾਵੇਗਾ ਤੇ ਫਿਰ ਇੱਕ ਦੁਚਿੱਤੀ ਵਿੱਚ ਹੀ ਭਰੇ ਮਨ ਨਾਲ ਹਾਂਸ ਕਲਾਂ ਨੂੰ ਜਾਣ ਲਈ ਪਿੰਡ ਚੂਹੜਚੱਕ ਵੱਲ ਚੱਲ ਪਿਆ।

## ਉੱਨੀ

ਈਸ਼ਰ ਸਿੰਘ ਆਪਣੇ ਪਿੰਡ ਢੁੱਡੀਕੇ ਤੋਂ ਵੱਡੇ ਤੜਕੇ ਪੈਦਲ ਚੱਲ ਕੇ ਦਸ ਕੁ ਵਜੇ ਪਿੰਡ ਹਾਂਸ ਕਲਾਂ ਆਪਣੇ ਦੋਸਤ ਉਤਮ ਸਿੰਘ ਦੇ ਘਰ ਪਹੁੰਚ ਗਿਆ। ਉਹ ਆਪਣੇ ਘਰ ਵਾਂਗ ਹੀ ਅੰਦਰ ਲੰਘਿਆ। "ਬੜੀ ਛੇਤੀ ਮੁੜਿਆ!" ਉਸ ਨੂੰ ਵੇਖ ਕੇ ਉਤਮ ਸਿੰਘ ਬੋਲਿਆ। ਈਸ਼ਰ ਕੱਲ੍ਹ ਹੀ ਏਥੇ ਗਿਆ ਸੀ। ਉਹ ਵੱਡੀ ਰਾਤ ਘਰ ਗਿਆ ਸੀ। ਤੜਕੇ ਨੂੰ ਪੁਲਸ ਆ ਗਈ। ਉਹ ਕੋਠੇ ਤੋਂ ਘਰ ਦੇ ਪਿਛਵਾੜੇ ਛਾਲ ਮਾਰ ਗਿਆ ਤੇ ਚੁੱਪ ਕਰਕੇ ਹਨ੍ਹੇਰੇ ਹੀ ਪਿੰਡੋਂ ਚੱਲ ਪਿਆ। ਉਤਮ ਸਿੰਘ ਨੇ ਉਸ ਨੂੰ ਪਾਣੀ ਦਾ ਗਿਲਾਸ ਲਿਆ ਫੜਾਇਆ।

"ਕਿਵੇਂ ਪਿੰਡ ਸੁੱਖ ਸਾਂਦ ਐ? " ਉਤਮ ਸਿੰਘ ਨੇ ਸਾਧਾਰਨ ਹੀ ਪੁੱਛਿਆ।

"ਬਾਪੂ ਨੇ ਦੱਸਿਆ ਕਿ ਪਾਖਰ ਸਿੰਘ ਨੂੰ ਪੁਲਸ ਫੜ ਕੇ ਲੈ ਗਈ!"

"ਓ..ਥੋਡੀ!" ਉਤਮ ਸਿੰਘ ਏਨਾ ਹੀ ਆਖ ਸਕਿਆ ਤੇ ਫਿਰ ਉਹ ਹੈਰਾਨ ਹੋ ਕੇ ਈਸ਼ਰ ਵੱਲ ਡੂੰਘਾ- ਡੂੰਘਾ ਵੇਖਣ ਲੱਗਾ। ਉਸ ਦਾ ਚਿਹਰਾ ਸੁੱਚਮੁੱਚ ਉਦਾਸ ਸੀ ਤੇ ਦੂਜਾ ਉਹ ਏਨੀ ਵਾਟ ਗਰਮੀ ਵਿੱਚ ਤੁਰ ਕੇ ਆਇਆ ਸੀ। ਪਾਖਰ ਸਿੰਘ ਦੀ ਗ੍ਰਿਫਤਾਰੀ ਨੇ ਉਸ ਦੇ ਦਿਲ ਉਤੇ ਡੂੰਘੀ ਸੱਟ ਮਾਰੀ ਸੀ।

"ਗੱਲ ਕੀ ਹੋ ਗਈ? " ਉਤਮ ਸਿੰਘ ਫੇਰ ਬੋਲਿਆ।

"ਬਾਪੂ ਨੇ ਤਾਂ ਏਨੀ ਕੁ ਗੱਲ ਹੀ ਦੱਸੀ ਹੈ। ਬਾਕੀ ਉਸ ਨੇ ਇਹ ਵੀ ਦੱਸਿਆ ਕਿ ਪੁਲਸ ਪਿੰਡ ਵਿੱਚ ਕਈਆਂ ਦੇ ਘਰ ਗੇੜਾ ਮਾਰ ਗਈ ਐ। ਏਥੋਂ ਪਤਾ ਲੱਗਦੈ ਬਈ ਪੁਲਸ ਹੁਣ ਗਦਰੀਆਂ ਪਿੱਛੇ ਹੱਥ ਧੋ ਕੇ ਪੈ ਗਈ ਐ। ਪਾਰਟੀ ਦੇ ਵੱਡੇ ਆਗੂ ਫੜੇ ਜਾ ਚੁੱਕੇ ਐ।"

"ਮੈਨੂੰ ਤਾਂ ਲੱਗਦੈ ਕਿ ਹੁਣ ਆਪਣੇ ਦਿਨ ਸ਼ੁਰੂ ਹੋ ਗਏ!" ਉਤਮ ਸਿੰਘ ਨੇ ਕਿਹਾ।

"ਤੇ ਆਪਣੇ ਚੰਗੇ ਕਦੋਂ ਸੀ? " ਏਨੀ ਕਹਿ ਕੇ ਈਸ਼ਰ ਝੱਟ ਉਤਮ ਸਿੰਘ ਵੱਲ ਝਾਕਿਆ।

"ਗੱਲ ਇਹ ਵੀ ਠੀਕ ਐ!" ਉਤਮ ਸਿੰਘ ਨੂੰ ਹੋਰ ਕੋਈ ਗੱਲ ਨਾ ਔੜੀ।

"ਵੇਖ ਇਨ੍ਹਾਂ ਤਕਲੀਫਾਂ ਦਾ ਤਾਂ ਆਪਾਂ ਨੂੰ ਪਤਾ ਸੀ। ਇਹ ਦੇਸ਼ ਦੀ ਅਜ਼ਾਦੀ

ਦਾ ਰਸਤਾ ਹੈ ਪਿਆਰੇ। ਇਹ ਰਾਹ ਤਾਂ ਹੈ ਹੀ ਕੰਡਿਆਂ ਭਰਿਆ। ਦੁੱਖ ਇਸ ਗੱਲ ਦਾ ਹੈ ਕਿ ਸਾਡੇ ਦੇਸ਼ ਦੇ ਲੋਕ ਨੇ ਸਾਡਾ ਸਾਥ ਤਾਂ ਕੀ ਦੇਣਾ ਸੀ, ਉਹ ਤਾਂ ਗਦਰੀਆਂ ਨੂੰ ਗ੍ਰਿਫਤਾਰ ਕਰਵਾ ਕੇ ਅੰਗਰੇਜ਼ ਸਰਕਾਰ ਤੋਂ ਇਨਾਮ ਲੈ ਰਹੇ ਐ। ਬਹੁਤੇ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਬੰਦੇ ਆਮ ਹੀ ਤੁਰੇ ਫਿਰਦੇ ਐ। ਗਦਰ ਪਾਰਟੀ ਨੂੰ ਅਜਿਹੇ ਬੰਦਿਆਂ ਤੋਂ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ। ਪਤਾ ਨਹੀਂ ਇਹ ਅੰਗਰੇਜ਼ਾਂ ਦੇ ਪਿੱਠੂ ਕਦੋਂ ਕਿਸੇ ਦਾ ਨੁਕਸਾਨ ਕਰ ਦੇਣ।" ਈਸ਼ਰ ਸਿੰਘ ਨੇ ਆਪਣੇ ਦਿਲ ਦੀ ਭੜਾਸ ਕੱਢੀ।

"ਆਪਾਂ ਹੁਣ ਕੀ ਕਰੀਏ? " ਕੁਝ ਚਿਰ ਬਾਅਦ ਈਸ਼ਰ ਫੇਰ ਬੋਲਿਆ।

"ਵੇਖ ਆਪਾਂ ਕੁਝ ਦਿਨ ਆਸੇ ਪਾਸੇ ਹੋ ਜਾਈਏ। ਚੰਗੇ ਰਹਾਂਗੇ।" ਉਤਮ ਸਿੰਘ ਨੇ ਰਾਏ ਦਿੱਤੀ।

"ਤੇ ਫਿਰ ਆਪਾਂ ਚੁੱਪ ਕਰਕੇ ਬਰਨਾਲੇ ਵੱਲ ਚੱਲੀਏ!"

"ਬਰਨਾਲਾ ਤਾਂ ਆਹ ਪਿਆ। ਸਵੇਰ ਦਾ ਗਿਆ ਆਥਣ ਨੂੰ ਅਗਲਾ ਬਰਨਾਲੇ ਤੋਂ ਮੁੜ ਕੇ ਆ ਜਾਂਦਾ!" ਈਸ਼ਰ ਜ਼ਰਾ ਗੰਭੀਰ ਹੋ ਗਿਆ।

"ਤੇ ਫੇਰ? " ਉਤਮ ਸਿੰਘ ਏਨੀ ਕਹਿ ਕੇ ਈਸ਼ਰ ਦੀ ਗੱਲ ਉਡੀਕਣ ਲੱਗਾ।

"ਆਪਾਂ ਫੇਰ ਜੈਤੋ ਵੱਲ ਚੱਲਦੇ ਐ!" ਤੇ ਫਿਰ ਦੋਹਾਂ ਨੇ ਜੈਤੋ ਵੱਲ ਜਾਣ ਦਾ ਮਨ ਬਣਾ ਲਿਆ। ਜੈਤੋ ਲਾਗੂ ਝੱਖੜਵਾਲਾ ਪਿੰਡ ਵਿੱਚ ਈਸ਼ਰ ਸਿੰਘ ਵਿਆਹਿਆ ਹੋਇਆ ਸੀ। ਈਸਰ ਨੇ ਸੋਚਿਆ ਕਿ ਦੋ ਚਾਰ ਦਿਨ ਉਥੇ ਰਹਿ ਕੇ ਫਿਰ ਦੋ ਚਿਰ ਦਿਨ ਕਿਤੇ ਹੋਰ ਸਹੀ। ਇਸ ਤਰ੍ਹਾਂ ਕੁੱਝ ਦਿਨ ਆਸੇ ਪਾਸੇ ਹੋ ਕੇ ਕੋਈ ਨਵੀਂ ਵਿਚਾਰ ਕਰ ਲਵਾਂਗੇ।

ਫਿਰ ਈਸ਼ਰ ਸਿੰਘ ਦੇ ਇਸ਼ਨਾਨ ਕੀਤਾ। ਰੋਟੀ ਖਾਧੀ । ਉਤਮ ਸਿੰਘ ਨੇ ਘਰ ਵਿੱਚ ਦੱਸਿਆ ਕਿ ਅਸੀਂ ਕੰਮ ਚਲੇ ਆਂ ਤੇ ਫਿਰ ਦੋਵੇਂ ਜਣੇ ਦਿਨ ਛੁਪਾ ਕੇ ਨਾਲ ਬਰਨਾਲੇ ਆ ਗਏ। ਰਾਤ ਦੀ ਗੱਡੀ ਚੜ੍ਹ ਕੇ ਉਹ ਬਠਿੰਡੇ ਪਹੁੰਚ ਗਏ ਤੇ ਅਗਲੇ ਦਿਨ ਜੈਤੋਂ ਹੋ ਕੇ ਉਹ ਝੱਖੜਵਾਲਾ ਪਿੰਡ ਜਾ ਪੁੱਜੇ।

ਝੱਪੜ ਵਾਲਾ ਪਿੰਡ ਵਿੱਚ ਈਸਰ ਹੋਰੀਂ ਤਿੰਨ ਦਿਨ ਰਹੇ। ਈਸ਼ਰ ਏਥੇ ਕੁਝ ਓਪਰਾ ਓਪਰਾ ਮਹਿਸੂ ਕਰਨ ਲੱਗਾ। ਅਸਲ ਗੱਲ ਇਹ ਸੀ ਕਿ ਸਹੁਰੇ ਘਰ ਵਿੱਚ ਕਿੰਨੇ ਕੁ ਦਿਨ ਠਹਿਰਿਆ ਜਾ ਸਕਦਾ ਸੀ। ਬੱਸ ਫਿਰ ਦੋਵੇਂ ਸਾਥੀ ਤਿੰਨ ਬਾਅਦ ਗੋਨੇਆਣਾ ਮੰਡੀ ਆ ਗਏ। ਇਧਰ ਸਹੁਰਿਆਂ ਵੱਲੋਂ ਈਸ਼ਰ ਦੀ ਇੱਕ ਰਿਸ਼ਤੇਦਾਰੀ ਸੀ। ਮੰਡੀ ਵਿੱਚ ਘੁੰਮਦੇ ਘੁੰਮਦੇ ਦੋਵੇਂ ਜਣੇ ਉਸ ਪਿੰਡ ਵੱਲ ਚੱਲ ਪਏ। ਬੱਦਲਵਾਈ ਤਾਂ ਅੱਜ ਸਵੇਰੇ ਦੀ ਸੀ ਪਰ ਹੁਣ ਤਾਂ ਅਸਮਾਨ ਵਿੱਚ ਬੱਦਲ ਪੂਰੀ ਤਰ੍ਹਾਂ ਛਾ ਗਏ।

"ਅੱਜ ਤਾਂ ਮੀਂਹ ਜ਼ਰੂਰ ਆਊਗਾ!" ਤੁਰਿਆ ਜਾਂਦਾ ਉਤਮ ਸਿੰਘ ਬੋਲਿਆ।

"ਗੱਲ ਠੀਕ ਐ। ਬੱਦਲ ਤਾਂ ਝੁਕਿਆ ਹੋਇਆ!" ਈਸ਼ਰ ਅਸਮਾਨ ਵੱਲ ਝਾਕਿਆ। ਹਾਲੇ ਉਹ ਮਹਿਮਾ ਸਰਜਾ ਪਿੰਡ ਦੇ ਨੇੜੇ ਪਹੁੰਚੇ ਸਨ ਕਿ ਕਿਣਮਿਣ ਹੋਣ ਲੱਗ ਪਈ।

"ਕਿਸੇ ਦਰੱਖਤ ਥੱਲੇ ਖਲੋ ਜਾਈਏ!" ਈਸ਼ਰ ਨੇ ਕਿਹਾ।

"ਔਹ ਸਾਹਮਣੇ ਮੈਨੂੰ ਕੋਈ ਸਾਧ ਦਾ ਡੇਰਾ ਲੱਗਦਾ। ਉਥੇ ਚੱਲੀਏ! ਮੀਂਹ ਤਾਂ ਸਮਝ ਆ ਗਿਆ!" ਕਣੀਆਂ ਸੱਚਮੁੱਚ ਤੇਜ਼ ਹੋ ਗਈਆਂ। ਫਿਰ ਉਹ ਵਗ ਕੇ ਡੇਰੇ ਵਿੱਚ ਆ ਗਏ ਤੇ ਡੇਰੇ ਦੇ ਪਿੱਪਲ ਹੇਠਾਂ ਬੈਠ ਗਏ।

"ਭਗਤੋ ਅੰਦਰ ਆ ਜਾਓ। ਮੀਂਹ ਦਾ ਕੀ ਪਤਾ।" ਵਰਾਂਡੇ ਵਿੱਚ ਬੈਠਾ ਭਗਵੇਂ ਕੱਪੜਿਆਂ ਵਾਲਾ ਸਾਧੂ ਬੋਲਿਆ।

ਸਾਧੂ ਗੱਲ ਸੁਣ ਕੇ ਈਸ਼ਰ ਹੋਰੀਂ ਵਰਾਂਡੇ ਵਿੱਚ ਆ ਗਏ ਤੇ ਸਾਧੂ ਦੇ ਪੈਰੀਂ ਹੱਥ ਲਾ ਕੇ ਲਾਗੇ ਪਈ ਬੋਰੀ ਉਤੇ ਬੈਠ ਗਏ। ਮੀਂਹ ਤੇਜ਼ ਹੋ ਗਿਆ। ਕੁਝ ਚਿਰ ਬਾਅਦ ਤਾਂ ਇੰਸ ਤਰ੍ਹਾਂ ਲੱਗਣ ਲੱਗਾ ਜਿਵੇਂ ਰਾਤ ਪੈ ਗਈ ਹੋਵੇ।

"ਕਿੱਥੋਂ ਆਏ ਭਗਤੋ!" ਬਾਬਾ ਬੜੀ ਨਿਰਮਤਾ ਨਾਲ ਬੋਲਿਆ।

"ਅਸੀਂ ਤਾਂ ਜੀ ਇਧਰ ਇੱਕ ਰਿਸ਼ਤੇਦਾਰੀ ਵਿੱਚ ਚੱਲੇ ਆਂ ਤੇ ਪਿੰਡ ਤਾਂ ਜੀ ਸਾਡੇ ਮੋਗੇ ਵੱਲ ਐ!" ਈਸ਼ਰ ਸਿੰਘ ਹੌਲੀ ਹੌਲੀ ਬੋਲਿਆ।

"ਮੋਗੇ ਭਾਈ ਮੈਂ ਇੱਕ ਵਾਰ ਗਿਆ ਸੀ। ਉਧਰ ਘੱਲ ਪਿੰਡ ਵਿੱਚ ਗਿਆ ਸੀ। ਉਥੇ ਮੇਰਾ ਇੱਕ ਗੁਰਭਾਈ ਰਹਿੰਦਾ ਸੀ!" ਬਾਬੇ ਨੇ ਬੜੀ ਮਿੱਠੀ ਜ਼ੁਬਾਨ ਵਿੱਚ ਦੱਸਿਆ। ਬਾਬਾ ਕੋਈ ਅਸੀ ਸਾਲ ਦੇ ਲੱਗਭੱਗ ਹੋਵੇਗਾ। ਚਿੱਟੀ ਸਫੈਦ ਦਾਹੜੀ। ਧੋਤੀ, ਕਮੀਜ਼ ਤੇ ਪੱਗ ਭਗਵੇਂ ਰੰਗ ਦੀ। ਈਸ਼ਰ ਨੇ ਆਸੇ ਪਾਸੇ ਸਰਸਰੀ ਝਾਤ ਮਾਰੀ। ਕੁਟੀਆ ਵਿੱਚ ਉਸ ਨੂੰ ਕੋਈ ਹੋਰ ਬੰਦਾ ਨਜ਼ਰ ਨਾ ਆਇਆ। ਪਿਛਲੇ ਕਮਰੇ ਬੰਦ ਸਨ। ਬਾਬੇ ਦਾ ਆਸਣ ਇਸੇ ਵਰਾਂਡੇ ਵਿੱਚ ਸੀ। ਕੁਟੀਆ ਦੀ ਚਾਰਦੀਵਾਰੀ ਨਹੀਂ ਸੀ। ਮੋੜ੍ਹੀਆਂ ਤੇ ਤਾਰਾਂ ਲਾ ਕੇ ਥਾਂ ਵਲਿਆ ਹੋਇਆ ਸੀ। ਕੁਟੀਆ ਵਿੱਚ ਪਿੱਪਲ, ਟਾਹਲੀਆਂ ਤੇ ਹੋਰ ਕਈ ਛਾਂ ਦਾਰ ਰੁੱਖ ਸਨ। ਪਿੰਡ ਦੇ ਬਾਹਰ ਇਹ ਇੱਕ ਰਮਣੀਕ ਥਾਂ ਸੀ। ਈਸ਼ਰ ਨੂੰ ਪਿੰਡ ਬਿੰਝੋਂ ਵਾਲੀ ਸਾਧ ਦੀ ਕੁਟੀਆ ਯਾਦ ਆ ਗਈ। ਉਹ ਕੁਟੀਆ ਵੀ ਬਾਹਰਵਾਰ ਸੀ। ਕਿੰਨਾ ਚੰਗਾ ਸੀ ਉਹ ਸਾਧ। ਗਦਰੀਆਂ ਦੀ ਬਹੁਤ ਇੱਜ਼ਤ ਕਰਦਾ ਸੀ। ਰੋਟੀ ਪਾਣੀ ਛਕਾਉਂਦਾ। ਉਹ ਗਦਰੀਆਂ ਨੂੰ ਅਕਸਰ ਕਿਹਾ ਕਰਦਾ ਸੀ ਕਿ ਭਾਈ ਤੁਸੀਂ ਭਗਵੇਂ ਚੋਲੇ ਪਾ ਲਓ। ਫਿਰ ਜਿਧਰ ਮਰਜ਼ੀ ਫਿਰਦੇ ਰਹੋ। ਰੋਟੀ ਪਾਣੀ ਵੀ ਮਿਲਦਾ ਰਹੂੰਗਾ। ਈਸ਼ਰ ਸੋਚ ਰਿਹਾ ਸੀ ਕਿ ਉਸ ਬਾਬੇ ਦੀ ਗੱਲ ਸੱਚੀ ਸੀ।

"ਮੀਂਹ ਤਾਂ ਹਟਣ ਦਾ ਨਾਂ ਨਹੀਂ ਲੈਂਦਾ!" ਉਤਮ ਸਿੰਘ ਬਾਹਰ ਵੱਲ ਵੇਖਦਾ ਬੋਲਿਆ। ਮੀਂਹ ਪੂਰੇ ਜ਼ੋਰ ਨਾਲ ਵਰ੍ਹ ਰਿਹਾ ਸੀ।

"ਕੋਈ ਨਾ ਭਾਈ ਮੀਂਹ ਹਟਣ ਦਿਓ, ਫੇਰ ਚਲੇ ਜਾਣਾ। ਅੱਵਲ ਤਾਂ ਹੁਣ ਕਿਤੇ ਜਾਣ ਦਾ ਵੇਲਾ ਹੈ ਨਹੀਂ। ਏਥੇ ਹੀ ਰੁੱਖੀ ਮਿੱਸੀ ਛਕੋ ਤੇ ਪੈ ਜਾਓ। ਦਿਨ ਚੜ੍ਹੇ ਚਲੇ ਜਾਣਾ!" ਬਾਬਾ ਫੇਰ ਬੜੀ ਨਿਰਮਰਤਾ ਨਾਲ ਬੋਲਿਆ।

"ਬਾਬਾ ਜੀ, ਰੋਟੀ ਪਾਣੀ ਕਿਵੇਂ ਚੱਲਦਾ!" ਈਸ਼ਰ ਜਕਦਾ ਜਕਦਾ ਬੋਲਿਆ।

"ਰੋਟੀ ਪਾਣੀ ਭਾਈ ਰੱਬ ਆਸਰੇ। ਸਵੇਰ ਵੇਲੇ ਤਾਂ ਮੈਂ ਪਿੰਡ ਵਿੱਚ ਗਜਾ ਕਰਨ

ਚਲਾ ਜਾਨਾ ਤੇ ਸ਼ਾਮ ਨੂੰ ਕਦੇ ਕੋਈ ਰੋਟੀ ਫੜਾ ਜਾਂਦਾ। ਨਹੀਂ ਦੋ ਫੁਲਕੇ ਆਪ ਲਾਹ ਲਈਦੇ ਆ । ਹੁਣ ਦੁੱਧ ਹੈਗਾ। ਅਚਾਰ ਪਿਆ। ਰੋਟੀਆਂ ਚੁੱਲ੍ਹੇ ਉਤੇ ਲਾਹ ਲਵਾਂਗੇ।" ਬਾਬਾ ਮਸਤ ਫਕੀਰ ਲੱਗਦਾ ਸੀ।

"ਪੂਰਨਾ ਮੈਨੂੰ ਲੱਗਦਾ ਬਈ ਅੱਜ ਏਥੇ ਹੀ ਟਿਕਣਾ ਪਊਗਾ। ਮੀਂਹ ਨਹੀਂ ਹਟਣ ਲੱਗਾ!" ਉਤਮ ਸਿੰਘ ਬੋਲਿਆ।

"ਕੋਈ ਨਾ ਭਾਈ ਫਿਕਰ ਨਾ ਕਰੋ। ਰੋਟੀ ਪਾਣੀ ਛਕ ਕੇ ਏਥੇ ਹੀ ਅਰਾਮ ਕਰਨਾ। ਲਉ ਤੁਸੀਂ ਬੈਠੋ ਤੇ ਮੈਂ ਕਰਦਾਂ ਰੋਟੀ ਦੀ ਤਿਆਰੀ।"

"ਬਾਬਾ ਜੀ, ਤੁਸੀਂ ਸਾਨੂੰ ਸਮਾਨ ਫੜਾ ਦਿਓ ਤੇ ਅਸੀਂ ਰੋਟੀ ਆਪੇ ਲਹਾਂਗੇ!" ਉਤਮ ਸਿੰਘ ਉਠ ਕੇ ਖਲੋ ਗਿਆ। ਫਿਰ ਬਾਬਾ ਵਰਾਂਡੇ ਦੇ ਨਾਲ ਹੀ ਬਣੇ ਇੱਕ ਹੋਰ ਵਰਾਂਡੇ ਵਿੱਚ ਆਇਆ। ਏਥੇ ਚੁੱਲ੍ਹਾ ਬਣਿਆ ਹੋਇਆ ਸੀ। ਤਵਾ, ਪਰਾਂਤ, ਬਾਲਟੀ ਤੇ ਹੋਰ ਬਰਤਨ ਪਏ ਸਨ। ਬਾਬੇ ਨ ਭੜੋਲੀ ਵਿੱਚੋਂ ਬਾਟੀ ਨਾਲ ਆਟਾ ਕੱਢਿਆ। ਘੜੇ ਵਿੱਚੋਂ ਪਾਣੀ ਦਾ ਜੱਗ ਭਰ ਲਿਆ। ਉਤਮ ਸਿੰਘ ਨੇ ਪਰਾਂਤ ਵਿੱਚ ਆਟਾ ਗੁੰਨ੍ਹਿਆ। ਬਾਬੇ ਨੇ ਚੁੱਲ੍ਹੇ ਵਿਚ ਅੱਗ ਬਾਲ ਦਿੱਤੀ। ਅੰਦਰ ਤਾਂ ਜਿਵੇਂ ਹਨੇਰਾ ਹੀ ਸੀ । ਬਾਬੇ ਨੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਇੱਕ ਪਾਸੇ ਰੱਖ ਦਿੱਤਾ। ਉਤਮ ਸਿੰਘ ਨੇ ਝੱਟ ਤਿੰਨਾਂ ਜੋਗੇ ਫੁਲਕੇ ਲਾਹ ਦਿੱਤੇ। ਬਾਬੇ ਨੇ ਦੁੱਧ ਗਰਮ ਕਰ ਲਿਆ।

ਬਾਬੇ ਨੇ ਪਹਿਲਾਂ ਈਸ਼ਰ ਹੋਰਾਂ ਨੂੰ ਰੋਟੀ ਛਕਾਈ। ਰੋਟੀ ਦੇ ਨਾਲ ਡੇਲੇ ਤੇ ਤੁੱਕਿਆਂ ਦਾ ਅਚਾਰ। ਪਿੱਛੋਂ ਗਰਮ ਗਰਮ ਦੁੱਧ ਛਕ ਲਿਆ। ਬਾਬੇ ਨੇ ਵੀ ਦੁੱਧ ਨਾਲ ਰੋਟੀ ਛਕ ਲਈ। ਮੀਂਹ ਅੱਗੇ ਨਾਲੋਂ ਕੁਝ ਘਟ ਗਿਆ ਸੀ ਪਰ ਭੂਰ ਹਾਲੇ ਵੀ ਪੈ ਰਹੀ ਸੀ। ਮੀਂਹ ਪੈਣ ਨਾਲ ਮੌਸਮ ਇਕਦਮ ਸੁਹਾਵਣਾ ਬਣ ਗਿਆ ਸੀ। ਹਵਾ ਵਗਣ ਨਾਲ ਮੌਸਮ ਠੰਢਾ ਹੋ ਗਿਆ ਸੀ। ਬਾਬੇ ਨੇ ਈਸ਼ਰ ਹੋਰਾਂ ਨੂੰ ਇੱਕ ਕਮਰੇ ਵਿੱਚ ਹੀ ਸੌਂ ਜਾਣ ਲਈ ਕਿਹਾ। ਮੀਂਹ ਹਟ ਗਿਆ ਤਾਂ ਮੰਜੇ ਬਾਹਰ ਕੱਢ ਲੈਣੇ। ਬਾਬਾ ਵਰਾਂਡੇ ਵਿੱਚ ਹੀ ਆਪਣੇ ਆਸਣ ਉਤੇ ਪੈ ਗਿਆ। ਬਾਹਰ ਕਦੇ ਕਣੀਆਂ ਹਟ ਜਾਂਦੀਆਂ ਤੇ ਕਦੇ ਵਧ ਜਾਂਦੀਆਂ। ਈਸ਼ਰ ਹੋਰੀਂ ਕਮਰੇ ਵਿੱਚ ਹੀ ਮੰਜਿਆਂ ਉਤੇ ਪਏ ਰਹੇ। ਕਿੰਨਾ ਈ ਚਿਰ ਉਹ ਜਾਗਦੇ ਰਹੇ ਤੇ ਕਿੱਤੇ ਵੱਡੀ ਰਾਤ ਉਨ੍ਹਾਂ ਨੂੰ ਨੀਂਦ ਆਉਣ ਲੱਗੀ। ਈਸਰ ਨੇ ਬਾਹਰ ਵੱਲ ਝਾਤ ਮਾਰੀ ਤੇ ਫਿਰ ਕਮਰੇ ਦਾ ਦਰਵਾਜ਼ਾ ਭੇੜ ਦਿੱਤਾ। ਬਾਬਾ ਕਦੋਂ ਦਾ ਸੌਂ ਗਿਆ ਸੀ। ਈਸ਼ਰ ਵੀ ਅਰਾਮ ਨਾਲ ਪੈ ਗਿਆ। ਉਸ ਨੂੰ ਹੌਲੀ ਹੌਲੀ ਨੀਂਦ ਆ ਗਈ। ਉਤਮ ਸਿੰਘ ਵੀ ਘੂਕ ਸੁੱਤਾ ਪਿਆ ਸੀ।

ਈਸ਼ਰ ਦੀ ਅਚਾਨਕ ਅੱਖ ਖੁੱਲ੍ਹ ਗਈ। ਵਰਾਂਡੇ ਵਿੱਚੋਂ ਸਾਧੂ ਬਾਬੇ ਦੀ ਅਵਾਜ਼ ਆਈ, "ਕੌਣ ਤੁਸੀਂ? " ਈਸ਼ਰ ਝੱਟ ਉਠ ਕੇ ਬੈਠ ਗਿਆ। ਉਤਮ ਸਿੰਘ ਨੂੰ ਵੀ ਜਾਗ ਆ ਗਈ ਤੇ ਉਹ ਵੀ ਉਠ ਕੇ ਬੈਠ ਗਿਆ। ਈਸ਼ਰ ਨੇ ਆਪਣਾ ਪਸਤੌਲ ਸੰਭਾਲ ਲਿਆ।

"ਬਾਬਾ ਚੁੱਪ ਕਰਕੇ ਬਹਿ ਜਾਹ। ਜਿਹੜਾ ਕੁਝ ਤੇਰੇ ਕੋਲ ਹੈ ਤੇ ਭਲੀਭਾਂਤ ਨਾਲ

ਫੜਾ ਦੇ ਨਹੀਂ ਤੇਰੀ ਖੈਰ ਨਹੀਂ!" ਕਿਸੇ ਹੋਰ ਦੀ ਅਵਾਜ਼ ਆਈ।

"ਮੇਰਾ ਗਲ ਛੱਡ!" ਬਾਬਾ ਔਖਾ ਹੋ ਕੇ ਬੋਲਿਆ।

"ਤੇਰਾ ਗਲ ਤਾਂ ਫੇਰ ਛੱਡੂੰਗਾ ਜੇ ਤੂੰ ਆਪਣਾ ਮਾਲ ਮੱਤਾ ਸਾਡੇ ਹਵਾਲੇ ਕਰ ਦੇਵੇਗਾ। ਨਹੀਂ ਤਾਂ ਤੇਰਾ ਗਲ ਹੁਣੇ ਘੁੱਟਿਆ ਲੈ!" ਇੱਕ ਹੋਰ ਅਵਾਜ਼ ਆਈ। ਈਸ਼ਰ ਤੇ ਉਤਮ ਸਿੰਘ ਹੌਲੀ ਜਿਹੀ ਉਠ ਕੇ ਤਖਤਿਆਂ ਕੋਲ ਆ ਗਏ।

"ਮੈਂ ਤਾਂ ਤੁਹਾਨੂੰ ਰੋਟੀ ਪਾਣੀ ਛਕਾਇਆ। ਮੀਂਹ ਵਿੱਚ ਮੰਜੇ ਬਿਸਤਰੇ ਦਿੱਤੇ ਤੇ ਤੁਸੀਂ ਮੇਰੇ ਨਾਲ ਕੀ ਕਰਨ ਲੱਗੇ ਹੋ!" ਬਾਬੇ ਨੇ ਦੁਹਾਈ ਦਿੱਤੀ।

"ਓਏ ਕਿਹੜਾ ਰੋਟੀ ਪਾਣੀ। ਬਾਬਾ ਕਿੱਥੋਂ ਬੋਲਦੈ? " ਲੁਟੇਰੇ ਨੂੰ ਤਾਂ ਬਾਬੇ ਦੀ ਕੀ ਸਮਝ ਪੈਣੀ ਸੀ ਪਰ ਈਸ਼ਰ ਝੱਟ ਸਮਝ ਗਿਆ ਕਿ ਬਾਬਾ ਸੋਚਦਾ ਹੋਵੇਗਾ ਕਿ ਲੁਟੇਰੇ ਤਾਂ ਅਸੀਂ ਹਾਂ। ਬਾਬੇ ਦੇ ਡੇਰੇ ਦੀ ਰੋਟੀ ਖਾਣ ਵਾਲੇ। ਉਸ ਦੇ ਬਿਸਤਰਿਆਂ ਵਿੱਚ ਅਰਾਮ ਕਰਨ ਵਾਲੇ? " ਈਸ਼ਰ ਸਿੰਘ ਨੂੰ ਬਹੁਤ ਗੱਸਾ ਆਇਆ ਕਿ ਇਸ ਕੁਟੀਆ ਦਾ ਸਾਧੂ ਇੱਕ ਫੱਕਰ ਬੰਦਾ। ਅੱਸੀ ਸਾਲ ਦੇ ਲੱਗਭੱਗ ਬਜ਼ੁਰਗ। ਆਏ ਗਏ ਦੀ ਰੋਟੀ ਪਾਣੀ ਤੇ ਦੁੱਧ ਨਾਲ ਸੇਵਾ ਕਰਨ ਵਾਲਾ ਸਤਿਕਾਰ ਕਰਨ ਯੋਗ ਵਾਲਾ ਸਾਧੂ। ਇਸ ਫੱਕਰ ਬੰਦੇ ਦੀ ਲੁੱਟਮਾਰ ਕਰਨ ਵਾਲੇ ਆ ਗਏ ਲੁਟੇਰੇ। ਮੇਰੇ ਪੰਜਾਬ ਦੇ ਲੋਕਾਂ ਨੂੰ ਕੀ ਹੋ ਗਿਆ। ਇਨ੍ਹਾਂ ਦੀ ਸੋਚ ਨੂੰ ਕੀ ਹੋ ਗਿਆ! ਜਿਹੜੇ ਅੰਗਰੇਜ਼ ਇਨ੍ਹਾਂ ਦੀ ਲੁੱਟ ਕਰਦੇ ਐ। ਇਨ੍ਹਾਂ ਉਤੇ ਜ਼ੁਲਮ ਕਰਦੇ ਐ ਉਹ ਨਹੀਂ ਇਨ੍ਹਾਂ ਨੂੰ ਦਿਸਦੇ। ਈਸ਼ਰ ਨੂੰ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ। ਉਧਰ ਬਾਬਾ ਲੁਟੇਰਿਆਂ ਦੀਆਂ ਮਿੰਨਤਾਂ ਕਰ ਰਿਹਾ ਸੀ।

"ਜੇ ਨਹੀਂ ਮੰਨਦਾ ਤਾਂ ਮੈਂ ਇਸ ਨੂੰ ਦੱਸਾਂ ਪਤਾ!" ਇੱਕ ਲੁਟੇਰਾ ਬੋਲਿਆ।

"ਮੇਰੇ ਕੋਲ ਕੁਝ ਨਹੀਂ ਭਲਾ ਕਮਰੇ ਖੋਲ੍ਹਕੇ ਵੇਖ ਲਓ। ਮੈਂ ਤੁਹਾਡੇ ਅੱਗੇ ਹੱਥ ਜੋੜਦਾ। ਮੇਰੇ ਕੋਲ ਬਿਲਕੁਲ ਕੁਝ ਨਹੀਂ।" ਬਾਬੇ ਦੀ ਦਿਲ ਚੀਰਵੀਂ ਅਵਾਜ਼ ਆ ਰਹੀ ਸੀ।

ਈਸ਼ਰ ਤਖਤੇ ਦੇ ਇੱਕ ਪਾਸੇ ਹੋ ਗਿਆ ਤੇ ਉਤਮ ਸਿੰਘ ਦੂਜੇ ਪਾਸੇ ਖਲੋ ਗਿਆ। ਲੁਟੇਰਿਆਂ ਨੇ ਬਾਬੇ ਨੂੰ ਛੱਡ ਕੇ ਈਸ਼ਰ ਹੋਰਾਂ ਵਾਲਾ ਕਮਰਾ ਹੌਲੀ ਜਿਹੀ ਖੋਲ੍ਹਿਆ। ਦਰਵਾਜ਼ਾ ਤਾਂ ਅੰਦਰੋਂ ਖੁੱਲ੍ਹਾ ਸੀ। ਲੁਟੇਰੇ ਹੌਲੀ ਹੌਲੀ ਕਮਰੇ ਵਿੱਚ ਆਏ। ਗਦਰੀ ਸੂਰਬੀਰਾਂ ਦੇ ਪਿਸਤੌਲ ਲੁਟੇਰਿਆਂ ਦੀਆਂ ਪਿੱਠਾਂ ਨਾਲ ਆ ਲੱਗੇ।

"ਹੱਥ ਚੁੱਪ ਕਰਕੇ ਉਪਰ ਕਰੋ, ਨਹੀਂ ਸਾਰੀਆਂ ਗੋਲੀਆਂ ਚੱਲ ਜਾਣਗੀਆਂ!" ਈਸ਼ਰ ਦੀ ਕੜਕਵੀਂ ਅਵਾਜ਼ ਆਈ।

"ਹੈਂ....ਅ!" ਲੁਟੇਰਿਆਂ ਦੇ ਸਾਹ ਰੁਕ ਗਏ। ਉਨ੍ਹਾਂ ਨੇ ਹੱਥ ਉਪਰ ਕਰ ਲਏ।

"ਬਾਬਾ ਬਾਹਰੋਂ ਦਰਵਾਜ਼ਾ ਲਾਈਂ ਕੇਹਾਂ ਇਨ੍ਹਾਂ ਨੂੰ ਅਸੀਂ ਮਾਲ ਮੱਤਾ ਦੇਈਏ? " ਈਸ਼ਰ ਫੇਰ ਗਰਜਿਆ।

"ਬਾਈ ਜੀ, ਭਰਾ ਜੀ, ਸਾਥੋਂ ਗਲਤੀ ਹੋ ਗਈ। ਸਾਨੂੰ ਮਾਫ ਕਰੋ। ਮਿੰਨਤ ਨਾਲ ਹੀ ਛੱਡ ਦਿਓ। ਅਸੀਂ ਮੁੜ ਕੇ ਇਹ ਕੰਮ ਨਹੀਂ ਕਰਦੇ।" ਇੱਕ ਲੁਟੇਰੇ ਨੇ ਮਿੰਨਤ ਕੀਤੀ।

"ਬਾਬਾ ਵੀ ਤਾਂ ਤੁਹਾਡੀਆਂ ਮਿੰਨਤਾਂ ਕਰਦਾ ਸੀ। ਤੁਸੀਂ ਬਾਬੇ ਨੂੰ ਨਾ ਛੱਡਿਆ!" ਉਤਮ ਸਿੰਘ ਸਖਤ ਹੋ ਕੇ ਬੋਲਿਆ।

"ਬਾਬਾ ਦੀਵਾ ਜਗਾ ਕੇ ਲਿਆ। ਆਪਾਂ ਇਨ੍ਹਾਂ ਨੂੰ ਲੱਭ ਕੇ ਸਮਾਨ ਦੇਈਏ!" ਈਸਰ ਦਾ ਪਿਸਤੌਲ ਲੁਟੇਰੇ ਦੇ ਨਾਲ ਜੰਮਿਆ ਪਿਆ ਸੀ।

"ਵੀਰ ਜੀ, ਸਾਥੋਂ ਗਲਤੀ ਹੋ ਗਈ। ਹੁਣ ਮਾਫ ਕਰੋ। ਅੱਗੇ ਵਾਸਤੇ ਅਸੀਂ ਇਹ ਕੰਮ ਨਹੀਂ ਕਰਦੇ।" ਲੁਟੇਰਾ ਕੰਬਦੀ ਅਵਾਜ਼ ਵਿੱਚ ਬੋਲਿਆ।

ਕੁਝ ਚਿਰ ਬਾਅਦ ਬਾਬਾ ਸੱਚੀਂ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਲੈ ਆਇਆ। ਕਮਰੇ ਵਿੱਚ ਚਾਨਣ ਹੋ ਗਿਆ। ਦੋਵੇਂ ਲੁਟੇਰੇ ਹੱਥ ਉਪਰ ਚੁੱਕੀ ਖਲੋਤੇ ਸਨ। ਈਸ਼ਰ ਨੇ ਖੱਬੇ ਹੱਥ ਨਾਲ ਦੋਹਾਂ ਦੇ ਖੀਸੇ ਟੋਹ ਕੇ ਵੇਖੇ। ਖੀਸੇ ਖਾਲੀ ਸੀ।

"ਥੱਲੇ ਬੈਠੋ!" ਈਸ਼ਰ ਕੜਕਿਆ। ਦੋਵੇਂ ਲੁਟੇਰੇ ਉਸੇ ਤਰ੍ਹਾਂ ਬੈਠ ਗਏ। ਈਸ਼ਰ ਨੇ ਇੱਕ ਦੇ ਜ਼ੋਰ ਨਾਲ ਲੱਤ ਮਾਰੀ। ਉਹ ਮੂੰਹ ਪਰਨੇ ਜਾ ਡਿੱਗਾ। ਏਨੇ ਨੂੰ ਉਤਮ ਸਿੰਘ ਨੇ ਵੀ ਦੂਜੇ ਦੇ ਲੱਤ ਜੜ ਦਿੱਤੀ।

"ਵੀਰ ਜੀ, ਸਾਨੂੰ ਮਾਫ ਕਰ ਦਿਓ। ਸਾਥੋਂ ਗਲਤੀ ਹੋ ਗਈ!" ਲੁਟੇਰੇ ਡਿੱਗੇ ਪਏ ਮਿੰਨਤਾਂ ਕਰਨ ਲੱਗੇ।

"ਖੜ੍ਹੇ ਹੋ ਜਾਓ!" ਈਸ਼ਰ ਦੀ ਫੇਰ ਅਵਾਜ਼ ਆਈ। ਉਹ ਦੋਵੇਂ ਉਠ ਕੇ ਖਲੋ ਗਏ। ਈਸ਼ਰ ਨੇ ਜ਼ੋਰ ਨਾਲ ਇੱਕ ਦੇ ਘਸੁੰਨ ਜੜ ਦਿੱਤਾ। ਉਸ ਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਫੜ ਲਿਆ। ਈਸ਼ਰ ਨੇ ਫਿਰ ਪਿਸਤੌਲ ਤਾਣ ਲਿਆ।

"ਦੱਸੋ ਕੀ ਚਾਹੀਦਾ? "

"ਨਹੀਂ ਜੀ, ਕੁਝ ਨਹੀਂ!" ਰੋਣਹਾਕੀ ਅਵਾਜ਼ ਆਈ।

"ਫੇਰ ਤਾਂ ਨਹੀਂ ਆਉਂਦੇ? "

"ਨਹੀਂ ਜੀ!"

"ਚੰਗਾ ਕੰਨ ਫੜੋ ਤੇ ਪੰਜ ਪੰਜ ਬੈਠਕਾਂ ਕੱਢੋ!"

ਲੁਟੇਰੇ ਕੰਨ ਫੜ ਕੇ ਬੈਠਕਾਂ ਕੱਢਣ ਲੱਗੇ।

"ਅੱਜ ਤੁਹਾਨੂੰ ਅਸੀਂ ਛੱਡ ਦੇਨੇ ਆਂ। ਜੇ ਫੇਰ ਏਸ ਡੇਰੇ ਵੱਲ ਝਾਕੇ ਤਾਂ ਤੁਹਾਨੂੰ ਅਸੀ ਬਿਲਕਲ ਨਹੀਂ ਛੱਡਣਾ। ਲਾਓ ਬਾਬੇ ਦੇ ਪੈਰੀਂ ਹੱਥ!"

ਲੁਟੇਰੇ ਸਾਧੂ ਬਾਬੇ ਦੇ ਪੈਰੀਂ ਹੱਥ ਲਾ ਕੇ ਖਲੋ ਗਏ। ਹੱਥ ਬੰਨ੍ਹੀ ਉਹ ਹਾਲੇ ਵੀ ਕੰਬ ਰਹੇ ਸਨ। ਫਿਰ ਈਸ਼ਰ ਇੱਕ ਪਾਸੇ ਹੋ ਕੇ ਕਹਿਣ ਲੱਗਾ, "ਚਲੋ ਉਏ ਭੱਜੋ।" ਤੇ ਫਿਰ ਲੁਟੇਰੇ ਹੌਲੀ ਹੌਲੀ ਬਾਹਰ ਨਿਕਲੇ ਤੇ ਅਗਾਂਹ ਜਾ ਕੇ ਦੋਵੇਂ ਭੱਜ ਨਿਕਲੇ।

## ਵੀਹ

"ਪੁੱਤਰੋ, ਮੈਂ ਤਾਂ ਤੁਹਾਨੂੰ ਕੁਝ ਹੋਰ ਹੀ ਸਮਝ ਬੈਠਾ ਸੀ!" ਸਾਧੂ ਬਾਬੇ ਦੇ ਹੱਥਾਂ ਵਿੱਚ ਫੜਿਆ ਜਗਦਾ ਦੀਵਾ ਕੰਬ ਰਿਹਾ ਸੀ।

"ਬਾਬਾ ਜੀ ਤੁਹਾਡੀਆਂ ਗੱਲਾਂ ਸੁਣ ਕੇ ਅਸੀਂ ਵੀ ਸਮਝ ਗਏ ਸੀ ਪਰ ਜਿਹੜਾ ਕੁਝ ਲੁਟੇਰਿਆਂ ਨੇ ਅੱਜ ਕੀਤਾ ਇਹ ਬਹੁਤ ਹੀ ਮਾੜਾ ਕੀਤਾ। ਸਾਡਾ ਦੋਹਾਂ ਦਾ ਦਿਲ ਬਹੁਤ ਦੁਖੀ ਹੋਇਆ। ਤੁਹਾਡੀਆਂ ਗੱਲਾਂ ਸਾਡੇ ਕੋਲੋਂ ਸੁਣੀਆਂ ਨਹੀਂ ਗਈਆਂ। ਸਾਡਾ ਤਾਂ ਜੀਅ ਕਰਦਾ ਸੀ ਕਿ ਤੁਹਾਡਾ ਗਲਾ ਘੁੱਟਣ ਵਾਲਿਆਂ ਨੂੰ ਅਸੀਂ ਗੋਲੀ ਮਾਰ ਦਿੰਦੇ!" ਈਸ਼ਰ ਦਾ ਦੁਖੀ ਮਨ ਬੋਲ ਰਿਹਾ ਸੀ। ਬਾਰ ਅੱਗੇ ਦੀਵਾ ਹੱਥਾਂ ਵਿੱਚ ਫੜੀ ਸਾਧ ਬਾਬਾ ਈਸ਼ਰ ਹੋਰਾਂ ਵੱਲ ਬਹੁਤ ਹੈਰਾਨੀ ਨਾਲ ਵੇਖ ਰਿਹਾ ਸੀ।

"ਬਾਬਾ ਜੀ ਪਹਿਲਾਂ ਤੁਸੀਂ ਅੰਦਰ ਬੈਠੋ!" ਈਸ਼ਰ ਆਪਣੀ ਥਾਂ ਤੋਂ ਝੱਟ ਪਾਸੇ ਹੋ ਗਿਆ। ਸਾਧੂ ਬਾਬਾ ਅੱਗੇ ਹੋ ਕੇ ਕਮਰੇ ਵਿੱਚ ਝਾਕਿਆ। ਫਿਰ ਉਹ ਦੀਵਾ ਇੱਕ ਥਾਂ ਰੱਖ ਕੇ ਮੰਜੇ ਉਤੇ ਬੈਠ ਗਿਆ। ਈਸ਼ਰ ਤੇ ਉਤਮ ਸਿੰਘ ਦੂਜੇ ਮੰਜੇ ਉਤੇ ਬੈਠ ਗਏ। ਪਸਤੌਲ ਦੋਹਾਂ ਨੇ ਖੀਸਿਆਂ ਵਿੱਚ ਪਾ ਲਏ।

"ਬਾਬਾ ਜੀ ਅੱਜ ਵਰਗੀ ਘਟਨਾ ਪਹਿਲਾਂ ਵੀ ਕਦੇ ਵਾਪਰੀ ਸੀ?" ਈਸ਼ਰ ਬੋਲਿਆ, "ਨਾ ਪੁੱਤਰੋਂ, ਅੱਜ ਤੱਕ ਇਸ ਤਰ੍ਹਾਂ ਦੀ ਕਦੇ ਵੀ ਕੋਈ ਗੱਲ ਨ[illegible] ਤਾਂ ਹਮੇਸ਼ਾ ਬਾਹਰ ਹੀ ਪਿਆ ਹੁੰਦਾ। ਮੈਨੂੰ ਕਦੇ ਕੋਈ ਡਰ ਵੀ ਨਹੀਂ ਲੱਗਾ। ਇਹ ਡੇਰਾ ਤਾਂ ਲੋਕਾਂ ਦਾ ਹੈ। ਕੋਈ ਰੱਖ ਜਾਵੇ, ਕੋਈ ਲੈ ਜਾਵੇ ਪਰ ਜਿਹੜਾ ਕੁਝ ਰਾਤ ਹੋਇਆ ਇਹ ਤਾਂ ਪਸ਼ੂਪੁਣਾ ਸੀ। ਮੇਰੇ ਗਲ ਵਿੱਚ ਉਨ੍ਹਾਂ ਸਾਫਾ ਘੁੱਟ ਕੇ ਪਾ ਲਿਆ। ਮੇਰੇ ਕੋਲੋਂ ਉਂਜ ਹੀ ਕੁਝ ਮੰਗ ਲੈਂਦੇ ਤੇ ਮੈਂ ਫੜਾ ਵੀ ਦਿੰਦਾ।" ਬਾਬੇ ਨੇ ਦੁਖੀ ਹੋ ਕੇ ਕਿਹਾ। "ਬਾਬਾ ਜੀ ਪਹਿਲਾਂ ਤਾਂ ਤੁਹਾਨੂੰ ਸਾਡੇ ਉਤੇ ਹੀ ਸ਼ੱਕ ਹੋਈ ਸੀ? " ਉਤਮ ਸਿੰਘ ਬੋਲਿਆ।

"ਪੁੱਤਰੋਂ ਇਹ ਸਹੀ ਹੈ। ਮੈਂ ਕਿਉਂ ਝੂਠ ਬੋਲਾਂ ਪਰ ਉਹ ਚੋਰ ਜਦੋਂ ਅੰਦਰ ਆਏ ਤਾਂ ਅੱਗੇ ਤੁਸੀਂ ਖਲੋਤੇ ਸੀ। ਮੈਨੂੰ ਤਾਂ ਕੁਝ ਸਮਝ ਨਾ ਆਵੇ।"

"ਉਹ ਬਚ ਕੇ ਤਾਂ ਚਲੇ ਗਏ ਪਰ ਬਾਬਾ ਜੀ ਸਾਨੂੰ ਅੱਜ ਦੁੱਖ ਬਹੁਤ ਹੋਇਆ!" ਈਸ਼ਰ ਨੇ ਹੌਲੀ ਜਿਹੀ ਕਿਹਾ।

"ਪੁੱਤਰੋਂ, ਮੈਨੂੰ ਇਹ ਦੱਸੋ ਕਿ ਤੁਸੀਂ ਕੌਣ ਹੋ? " ਸਾਧੂ ਬਾਬਾ ਹਾਲੇ ਵੀ ਹੈਰਾਨੀ ਵਿੱਚ ਡੁੱਬਿਆ ਹੋਇਆ ਸੀ।

"ਬਾਬਾ ਜੀ ਅਸੀਂ ਤਾਂ ਫੱਕਰ ਬੰਦੇ ਆਂ!" ਈਸ਼ਰ ਬੋਲਿਆ।

"ਫੱਕਰਾਂ ਦੇ ਹੱਥਾਂ ਵਿੱਚ ਪਸਤੌਲ ਕਿਵੇਂ ਆ ਗਏ!" ਬਾਬਾ ਜੀ ਨੇ ਦਿਲ ਦੀ ਗੱਲ ਦੱਸੀ। ਬਾਬਾ ਜੀ ਈਸ਼ਰ ਹੋਰਾਂ ਨੂੰ ਵੀ ਡਾਕੂ ਸਮਝ ਰਿਹਾ ਸੀ।

"ਬਾਬਾ ਜੀ ਤੁਸੀਂ ਸਾਥੋਂ ਇਹ ਗੱਲ ਨਾ ਹੀ ਪੁੱਛੋ ਤਾਂ ਚੰਗਾ!" ਈਸ਼ਰ ਨੇ ਕਿਹਾ।

"ਵੇਖੋਂ ਪੁੱਤਰੋਂ, ਜੇ ਇਹ ਗੱਲ ਕਰਨ ਨਾਲ ਤੁਹਾਡੇ ਦਿਲ ਨੂੰ ਕੋਈ ਦੁੱਖ ਹੁੰਦੇ ਤਾਂ ਮੈਂ ਗੱਲ ਨਹੀਂ ਕਰਦਾ ਪਰ ਮੈਂ ਇਹ ਸੋਚ ਰਿਹਾ ਕਿ ਸਾਊ ਹੱਥਾਂ ਵਿੱਚ ਜੇਕਰ ਪਸਤੌਲ ਆ ਗਏ ਤਾਂ ਜ਼ਰੂਰ ਕੋਈ ਖਾਸ ਗੱਲ ਹੈ। ਤੁਹਾਡਾ ਦਿਲ ਕਿਸੇ ਗੱਲੋਂ ਡਾਹਢਾ ਦੁਖੀ ਹੈ। ਕੋਈ ਘਰੇਲੂ ਝਗੜਾ ਹੋਵੇ। ਜ਼ਮੀਨ ਜਾਇਦਾਦ ਦੀ ਗੱਲ ਹੋਵੇ ਜਾਂ ਫਿਰ ਕਿਸੇ ਨਾਲ ਆਪਸੀ ਦੁਸ਼ਮਣੀ ਹੋਵੇ। ਆਖਰ ਗੱਲ ਤਾਂ ਕੋਈ ਹੈ। ਗੱਲ ਹੋਊ ਵੀ ਬਹੁਤ ਵੱਡੀ!"

ਸਾਧੂ ਬਾਬਾ ਆਪਣੇ ਦਿਲ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੋਚ ਰਿਹਾ ਸੀ। ਈਸ਼ਰ ਸਿੰਘ ਅੱਗੋਂ ਹੱਸ ਪਿਆ।

ਕੁਝ ਚਿਰ ਚੁੱਪ ਪਸਰੀ ਰਹੀ। ਈਸ਼ਰ ਸਿੰਘ ਦੁਚਿੱਤੀ ਵਿੱਚ ਪੈ ਗਿਆ ਕਿ ਸਾਧੂ ਬਾਬੇ ਨੇ ਸਾਡੇ ਪਿਸਤੌਲ ਵੇਖ ਲਏ ਹਨ। ਇਹ ਜ਼ਰੂਰ ਸਾਨੂੰ ਵੀ ਕੋਈ ਡਾਕੂ ਜਾਂ ਵੈਲੀ ਬਦਮਾਸ਼ ਸਮਝ ਰਿਹਾ ਹੈ। ਜਿਸ ਕਾਰਨ ਅਸੀਂ ਪਸਤੌਲ ਚੁੱਕੀ ਫਿਰਦੇ ਹਾਂ। ਕੀ ਇਸ ਨੂੰ ਅਸਲੀ ਗੱਲ ਦੱਸੀ ਜਾਵੇ ਜਾਂ ਨਾ।

ਬਾਬਾ ਫੇਰ ਕਹਿਣ ਲੱਗਾ, "ਪੁੱਤਰੋ, ਮੇਰੇ ਕੋਲੋਂ ਗੱਲ ਨਾ ਲੁਕਾਓ। ਖਵਰੇ ਮੈਂ ਤੁਹਾਡੀ ਕੋਈ ਮਦਦ ਕਰ ਸਕਦਾ ਹੋਵਾਂ। ਜਿਵੇਂ ਅੱਜ ਇਹ ਦੋਵੇਂ ਚੋਰ ਆ ਗਏ ਸੀ। ਇਹ ਮੇਰੀ ਜਾਹ ਜਾਂਦੀ ਵੀ ਕਰ ਸਕਦੇ ਸੀ ਤੇ ਜਿਹੜਾ ਕੁਝ ਇਨ੍ਹਾਂ ਦੇ ਹੱਥ ਲੱਗਦਾ ਇਹ ਲੈ ਜਾਂਦੇ। ਜੇ ਤੁਸੀਂ ਅੱਜ ਏਥੇ ਨਾ ਹੁੰਦੇ ਤਾਂ ਕੁਝ ਵੀ ਹੋ ਸਕਦਾ ਸੀ। ਤੁਸੀਂ ਮੇਰੇ ਉਤੇ ਬੜਾ ਵੱਡਾ ਪਰਉਪਕਾਰ ਕੀਤਾ ਹੈ।"

"ਨਹੀਂ ਬਾਬਾ ਜੀ, ਇਹ ਗੱਲ ਨਾ ਕਹੋ। ਅਸੀਂ ਤੁਹਾਡੇ ਉਤੇ ਪਰਉਪਕਾਰ ਕਰਨ ਵਾਲੇ ਕੌਣ ਹਾਂ। ਜੇ ਅਸੀਂ ਗੋਲੀ ਚਲਾ ਦਿੰਦੇ ਤਾਂ ਫੇਰ ਖਵਰੇ ਕੀ ਗੱਲ ਬਣਦੀ। ਸਮਝੋ ਕੁਝ ਨਹੀਂ ਵਿਗੜਿਆ।" ਈਸਰ ਨੇ ਹਾਲੇ ਵੀ ਅੰਦਰਲੀ ਗੱਲ ਲਕੋਈ ਰੱਖੀ। "ਪੁੱਤਰ, ਉਨ੍ਹਾਂ ਨੂੰ ਪ੍ਰਮਾਤਮਾ ਸੁਮੱਤ ਬਖਸ਼ੇ। ਤੁਹਾਡੇ ਉਤੇ ਮਿਹਰ ਭਰਿਆ ਹੱਥ ਰੱਖੇ। ਪਰ ਮੈਨੂੰ ਆਪਣੇ ਬਾਰੇ ਜ਼ਰੂਰ ਦੱਸ ਕੇ ਜਾਓ। ਨਹੀਂ ਮੇਰਾ ਹਿਰਦਾ ਤੜਪਦਾ ਰਹੇਗਾ।" ਸਾਧੂ ਬਾਬੇ ਨੇ ਆਪਣੀ ਗੱਲ ਫਿਰ ਦੁਹਰਾਈ।

ਈਸ਼ਰ ਕੁਝ ਚਿਰ ਚੁੱਪ ਰਿਹਾ ਤੇ ਫਿਰ ਦਿਲ ਕਰੜਾ ਕਰਕੇ ਕਹਿਣ ਲੱਗਾ, "ਬਾਬਾ ਜੀ, ਅਸੀਂ ਆਪਣੇ ਬਾਰੇ ਤੁਹਾਨੂੰ ਸਾਰਾ ਕੁਝ ਸੱਚ ਦੱਸ ਦੇਨੇ ਆਂ ਪਰ ਸਾਡੀ ਇੱਕ ਸ਼ਰਤ ਹੈ।"

"ਤੁਸੀਂ ਜੋ ਕਹੋਗੇ ਮੈਨੂੰ ਮਨਜ਼ੂਰ। ਮੈਂ ਪ੍ਰਮਾਤਮਾ ਨੂੰ ਜਾਨ ਦੇਣੀ ਆ ਤੇ ਇਹ ਰਾਜ਼ ਮੈਂ ਆਪਣੇ ਦਿਲ ਵਿੱਚ ਹੀ ਰੱਖਾਂਗਾ।" ਸਾਧੂ ਬਾਬਾ ਯਕੀਨ ਨਾਲ ਬੋਲਿਆ। "ਤੇ ਲਓ ਫਿਰ ਸੁਣੋ ਬਾਬਾ ਜੀ ! ਅਸੀਂ ਦੋਵੇਂ ਕੋਈ ਚੋਰ ਨਹੀਂ। ਡਾਕੂ ਨਹੀਂ। ਲੁਟੇਰੇ ਨਹੀਂ। ਸਾਡੀ ਕਿਸੇ ਨਾਲ ਦੁਸ਼ਮਣੀ ਨਹੀਂ ਤੇ ਨਾ ਹੀ ਸਾਡਾ ਕਿਸੇ ਨਾਲ ਕੋਈ ਝਗੜਾ ਹੈ। ਨਾ ਹੀ ਸਾਨੂੰ ਐਵੇਂ ਪਸਤੌਲ ਰੱਖਣ ਦਾ ਸ਼ੌਕ ਹੈ।"

ਬਾਬਾ ਇਕਦਮ ਜਿਵੇਂ ਸੁੰਨ ਹੋ ਗਿਆ। ਉਹ ਡਾਹਢਾ ਹੈਰਾਨ ਹੋਇਆ ਈਸ਼ਰ ਵੱਲ ਵੇਖਣ ਲੱਗਾ। ਉਸ ਨੂੰ ਕਿਸੇ ਗੱਲ ਦੀ ਸਮਝ ਨਹੀਂ ਸੀ ਪੈ ਰਹੀ। ਈਸ਼ਰ ਸਿੰਘ ਹੁਣ ਆਪਣੀ ਗੱਲ ਕਰਦਾ ਗਿਆ, "ਬਾਬਾ ਜੀ, ਸਾਡੀ ਲੜਾਈ ਹੈ ਅੰਗਰੇਜ਼ ਸਰਕਾਰ ਨਾਲ। ਅਸੀਂ ਦੋਵੇਂ ਗਦਰ ਪਾਰਟੀ ਦੇ ਬੰਦੇ ਆਂ। ਗਦਰ ਪਾਰਟੀ ਦਾ ਮੱਤ ਹੈ ਕਿ ਅਸੀਂ ਆਪਣੇ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਕੇ ਏਥੇ ਆਪਣੀ ਸਰਕਾਰ ਬਣਾਵਾਂਗੇ। ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਲਈ ਅਸੀਂ ਗਦਰ ਮਚਾਵਾਂਗੇ। ਅੰਗਰੇਜ਼ਾਂ ਨਾਲ ਲੜਾਈ ਕਰਾਂਗੇ। ਅੰਗਰੇਜ਼ ਏਥੋਂ ਮਿੰਨਤ ਕੀਤਿਆਂ ਨਹੀਂ ਜਾਣ ਲੱਗੇ। ਇਹ ਗੋਲੀਆਂ ਨਾਲ

ਜਾਣਗੇ।"

"ਪੁੱਤਰੋਂ ਇਹ ਤਾਂ ਤੁਸੀਂ ਹੋਰ ਹੀ ਗੱਲ ਕੱਢ ਮਾਰੀ। ਮੈਂ ਤਾਂ ਐਵੇਂ ਫਜ਼ੂਲ ਗੱਲਾਂ ਸੋਚ ਰਿਹਾ ਸੀ। ਅਸਲ ਸਾਧ ਤਾਂ ਤੁਸੀਂ ਹੋਏ। ਅਸੀਂ ਤਾਂ ਐਵੇਂ ਨਾਂ ਦੇ ਸਾਧ ਹਾਂ। ਸਾਡੇ ਤਾਂ ਐਵੇਂ ਬਾਣਾ ਪਾਇਆ ਹੋਇਆ, ਸਾਧ ਪੁੱਤਰੋਂ ਤੁਸੀ।"

"ਬਾਬਾ ਜੀ, ਅਸੀਂ ਆਰ ਪਰਵਾਰ ਵਾਲੇ ਆਂ। ਦੋਵੇਂ ਜਣੇ ਅਸੀਂ ਕੈਨੇਡਾ ਤੋਂ ਆਏ ਅਤੇ ਆਪਣੀਆਂ ਜਾਇਦਾਦਾਂ ਛੱਡੀਆਂ। ਘਰ ਬਾਰ ਛੱਡੇ ਐ। ਸਾਡੀ ਸਿੱਧੀ ਟੱਕਰ ਅੰਗਰੇਜ਼ ਸਰਕਾਰ ਨਾਲ ਹੈ ਤੇ ਅੰਗਰੇਜ਼ਾਂ ਦੀ ਪੁਲਸ ਸਾਡੇ ਪਿੱਛੇ ਲੱਗੀ ਹੋਈ ਐ। ਸਾਡੇ ਬਹੁਤ ਸਾਰੇ ਸਾਥੀ ਪੁਲਸ ਨੇ ਫੜ ਵੀ ਲਏ ਪਰ ਅਸੀਂ ਅੰਗਰੇਜ਼ਾਂ ਵਿਰੁੱਧ ਆਪਣੀ ਜੰਗ ਜਾਰੀ ਰੱਖਾਂਗੇ। ਦੇਸ਼ ਦੀ ਅਜ਼ਾਦੀ ਦੀ ਖਾਤਰ ਸਾਨੂੰ ਕਿੰਨੀ ਵੱਡੀ ਕੁਰਬਾਨੀ ਦੇਣੀ ਪਏ, ਅਸੀਂ ਤਿਆਰ ਹਾਂ। ਸਾਡੀ ਜ਼ਿੰਦਗੀ ਦੇਸ਼ ਲਈ ਹੈ।

"ਪੁੱਤਰੋ, ਤੁਸੀਂ ਧੰਨ ਹੋ। ਧੰਨ ਹੈ ਉਹ ਮਾਂ ਜਿਸ ਨੇ ਤੁਹਾਨੂੰ ਜਨਮ ਦਿੱਤਾ। ਤੁਸੀਂ ਤਾਂ ਲੋਕਾਂ ਦੇ ਜਾਏ ਹੋ। ਲੋਕਾਂ ਦੇ ਪੁੱਤਰ ਹੋ। ਜੇਕਰ ਤੁਹਾਡੇ ਪਿੱਛੇ ਪੁਲਸ ਲੱਗੀ ਹੈ ਕਿ ਤਾਂ ਮੈਨੂੰ ਦੱਸੋਂ ਮੈਂ ਤੁਹਾਡੀ ਕੀ ਮਦਦ ਕਰ ਸਕਦਾ।" ਬਾਬੇ ਨੇ ਦੋਵੇਂ ਹੱਥ ਜੋੜੇ।

"ਬਾਬਾ ਜੀ, ਤੁਸੀਂ ਸਾਡੇ ਬਾਰੇ ਕਿਸੇ ਕੋਲ ਗੱਲ ਨਹੀਂ ਕਰਨੀ। ਏਨੀ ਕੁ ਸਾਡੇ ਉਤੇ ਕਿਰਪਾ ਕਰਨੀ ਕਿ ਅਸੀਂ ਕਦੇ ਨਾ ਕਦੇ ਜੇ ਆਈਏ ਤਾਂ ਏਥੇ ਰਾਤ ਕੱਟਣ ਦੀ ਆਗਿਆ ਦੇਣੀ। ਰੋਟੀ ਪਾਣੀ ਬੇਸ਼ੱਕ ਨਾ ਦੇਣਾ।"

"ਪੁੱਤਰ ਇਹ ਤਾਂ ਤੂੰ ਬਹੁਤ ਛੋਟੀ ਗੱਲ ਕੀਤੀ। ਤੁਸੀਂ ਮੇਰੇ ਵੱਲੋਂ ਜੰਮ ਜੰਮ ਆਓ। ਦਾਸ ਤੁਹਾਨੂੰ ਰੋਟੀ ਪਾਣੀ ਤੇ ਮੰਜਾ ਬਿਸਤਰਾ ਵੀ ਦੇਵੇਗਾ ਪਰ ਮੈਂ ਤੁਹਾਨੂੰ ਇੱਕ ਰਾਏ ਦੇਣੀ ਚਾਹੁੰਦਾ ਹਾਂ।"

"ਦੱਸੋ ਜੀ, ਜ਼ਰੂਰ ਦੱਸੋ।"

"ਪੁੱਤਰ, ਮੇਰੀ ਗੱਲ ਬੜੇ ਧਿਆਨ ਨਾਲ ਸੁਣਨੀ। ਤੁਹਾਡੀ ਜ਼ਿੰਦਗੀ ਬਹੁਤ ਕੀਮਤੀ ਹੈ। ਪ੍ਰਮਾਤਮਾ ਤੁਹਾਨੂੰ ਲੰਬੀ ਉਮਰ ਤੇ ਤੰਦਰੁਸਤੀ ਬਖਸ਼ੇ। ਤੁਸੀਂ ਏਥੇ ਹੀ ਮੇਰੇ ਕੋਲ ਠਹਿਰੋ। ਮੇਰੀ ਮੰਨੋ ਤੇ ਭਗਵੇਂ ਕੱਪੜਾ ਪਾ ਲਓ। ਜਦੋਂ ਤੁਸੀਂ ਕੋਈ ਵੱਖਰਾ ਕਦਮ ਪੁੱਟਣ ਲੱਗੇ ਹੋ ਤਾਂ ਵੱਖਰੀ ਸੋਚ ਵੀ ਧਾਰਨ ਕਰਨੀ ਪਏਗੀ। ਲੋਕ ਤੁਹਾਡੇ ਬਾਣੇ ਵੱਲ ਵੇਖਣਗੇ ਤੇ ਇਹੀ ਸਮਝਣਗੇ ਕਿ ਇਹ ਤਾਂ ਭਾਈ ਨਾਥ ਫਿਰਦੇ ਐ ਤੇ ਕੰਮ ਤੁਸੀਂ ਜਿਹੜਾ ਮਰਜ਼ੀ ਕਰੀ ਜਾਓ।" ਸਾਧੂ ਬਾਬੇ ਨੇ ਦਿਲੋਂ ਹਮਦਰਦੀ ਪ੍ਰਗਟ ਕੀਤੀ।

ਈਸ਼ਰ ਸਿੰਘ ਹੱਸ ਪਿਆ। ਉਸ ਨੂੰ ਫਿਰ ਬਿੰਝੋਂ ਵਾਲਾ ਸਾਧ ਯਾਦ ਆ ਗਿਆ। ਉਹ ਵੀ ਕਿਹਾ ਕਰਦਾ ਸੀ ਕਿ ਤੁਸੀਂ ਭਗਵੇ ਚੋਲੇ ਪਾ ਲਓ।

"ਮੈਂ ਪੁੱਤਰ ਗਲਤ ਗੱਲ ਨਹੀਂ ਕਰ ਰਿਹਾ।"

"ਗੱਲ ਤਾਂ ਬਾਬਾ ਜੀ ਤੁਹਾਡੀ ਬਿਲਕੁਲ ਠੀਕ ਐ ਪਰ ਅਸੀਂ ਇਕੱਲੇ ਭਗਵੇਂ ਕੱਪੜੇ ਪਾ ਕੇ ਦਿਨ ਪੂਰੇ ਨਹੀਂ ਕਰਨੇ ਅਸੀਂ ਤਾਂ ਗਦਰ ਲਈ ਕੰਮ ਵੀ ਕਰਨਾ ਹੈ।" ਹੁਣ ਉਤਮ ਸਿੰਘ ਨੇ ਵੀ ਆਪਣੀ ਗੱਲ ਆਖੀ।

"ਇਹ ਕੰਮ ਕਰਨਾ ਤਾਂ ਸਗੋਂ ਹੋਰ ਵੀ ਸੌਖਾ ਹੋ ਜਾਊ। ਜਿਧਰ ਮਰਜ਼ੀ ਤੁਰੇ ਫਿਰੋ ਕਿਸੇ ਨਹੀਂ ਪੁੱਛਣਾ। ਰੋਟੀ ਪਾਣੀ ਦਾ ਤੁਹਾਨੂੰ ਘਾਟਾ ਨਹੀਂ ਰਹਿਣਾ ਤੇ ਫਿਰ ਤੁਰ ਕੇ ਤੁਸੀਂ ਆਪਣਾ ਕੰਮ ਕਰੀ ਜਾਓ!" ਸਾਧੂ ਬਾਬੇ ਨੇ ਆਪਣੀ ਗੱਲ ਜ਼ੋਰ ਨਾਲ ਆਖੀ।

"ਜੇਕਰ ਤੁਸੀਂ ਕਹੋਂ ਤਾਂ ਇਹ ਡੇਰਾ ਮੈਂ ਤੁਹਾਡੇ ਨਾਂ ਲਵਾ ਦੇਣਾ। ਦਿਨ ਚੜ੍ਹੇ ਮੈਥੋਂ ਗੂਠਾ ਲਵਾ ਲਉ!" ਬਾਬਾ ਹੋਰ ਗੱਲ ਕਰ ਗਿਆ।

"ਨਾ ਬਾਬਾ ਜੀ, ਸਾਡੇ ਉਤੇ ਹੋਰ ਭਾਰ ਨਾ ਚੜ੍ਹਾਓ!" ਈਸ਼ਰ ਨੇ ਹੱਥ ਜੋੜੇ।

"ਪੁੱਤਰੋ, ਮੈਂ ਤੁਹਾਨੂੰ ਏਥੋਂ ਜਾਣ ਨਹੀਂ ਦੇਣਾ। ਬੱਸ ਗੱਲ ਖਤਮ!"

ਬਾਬਾ ਫਿਰ ਮੰਜੇ ਉਤੋਂ ਉਠਿਆ। ਇੱਕ ਹੋਰ ਮੰਜੇ ਉਤੇ ਪਏ ਸਮਾਨ ਵਿੱਚੋਂ ਬਾਬੇ ਨੇ ਇੱਕ ਗੰਢ ਖੋਲ੍ਹੀ। ਇਹ ਕੱਪੜਿਆਂ ਦੀ ਇੱਕ ਪੰਡ ਸੀ। ਬਾਬੇ ਨੇ ਉਸ ਪਿੰਡ ਵਿੱਚੋਂ ਸਾਫੇ ਤੇ ਧੋਤੀਆਂ ਕੱਢੀਆਂ। ਸਾਰੇ ਭਗਵੇਂ ਕੱਪੜੇ। ਫਿਰ ਉਸ ਨੇ ਇੱਕ ਹੋਰ ਗੰਢ ਵਿੱਚੋਂ ਕੱਪੜੇ ਕੱਢੇ।

"ਬੱਸ ਚੁੱਪ ਕਰਕੇ ਇਹ ਕੱਪੜੇ ਪਹਿਨੋ। ਰੱਬ ਰੱਬ ਕਰੋ। ਗਜਾ ਕਰਨ ਨੂੰ ਮੈਂ ਆਂ। ਏਥੇ ਖਾਓ ਪੀਓ ਤੇ ਠਹਿਰੋ। ਆਪਣਾ ਕੰਮ ਵੀ ਕਰੀ ਜਾਓ । ਜੇ ਮੈਨੂੰ ਕਿਸੇ ਨੇ ਤੁਹਾਡੇ ਬਾਰੇ ਪੁੱਛਿਆ ਤਾਂ ਮੈਂ ਦੱਸ ਦਿਆਂਗਾ ਕਿ ਭਾਈ ਇਹ ਤਾਂ ਰਮਤੇ ਸਾਧੂ ਐ। ਫੱਕਰ ਬੰਦੇ!" ਈਸ਼ਰ ਤੇ ਉਤਮ ਸਿੰਘ ਦੋਵੇਂ ਹੱਸ ਪਏ। ਫਿਰ ਬਾਬੇ ਨੇ ਚੁੱਪ ਕਰਕੇ ਈਸ਼ਰ ਤੇ ਉਤਮ ਸਿੰਘ ਅੱਗੇ ਅੱਡੋ ਅੱਡ ਕੱਪੜੇ ਸੁੱਟ ਦਿੱਤੇ।

"ਨਾਂਹ ਬਿਲਕੁਲ ਨਹੀਂ ਕਰਨੀ। ਦਿਨ ਚੜ੍ਹਦੇ ਨਾਲ ਇਸ਼ਨਾਨ ਕਰੋ ਤੇ ਰੱਬ ਦਾ ਨਾਂ ਲੈ ਕੇ ਇਹ ਕੱਪੜੇ ਪਾਓ।" ਈਸ਼ਰ ਸਿੰਘ ਤੇ ਉਤਮ ਸਿੰਘ ਹੁਣ ਚੁੱਪ ਹੀ ਰਹੇ। ਫਿਰ ਬਾਬੇ ਨੇ ਬਾਹਰੋਂ ਚਾਬੀ ਲਿਆ ਕੇ ਸਾਹਮਣੀ ਅਲਮਾਰੀ ਦਾ ਜਿੰਦਰਾ ਖੋਲ੍ਹਿਆ। ਅਲਮਾਰੀ ਵਿੱਚੋਂ ਬਾਬੇ ਨੇ ਇੱਕ ਪੀਪੀ ਚੁੱਕ ਕੇ ਈਸ਼ਰ ਅੱਗੇ ਲਿਆ ਰੱਖੀ। ਈਸ਼ਰ ਤੇ ਉਤਮ ਸਿੰਘ ਬਾਬੇ ਵੱਲ ਹੈਰਾਨ ਹੋ ਕੇ ਵੇਖ ਰਹੇ ਸਨ। ਬਾਬੇ ਨੇ ਪੀਪੀ ਵਿੱਚੋਂ ਸਾਰੀ ਭਾਨ ਮੰਜੇ ਉਤੇ ਸੁੱਟ ਦਿੱਤੀ। ਗਲੀ ਵਾਲੇ ਪੈਸੇ, ਡੱਬਰ ਪੈਸੇ, ਧੇਲੇ, ਪਾਈਆਂ, ਆਨੇ, ਦਵਾਨੀਆਂ, ਚਵਾਨੀਆਂ ਤੇ ਧੇਲੀਆਂ ਮੰਜੇ ਉਤੇ ਖਿੱਲਰ ਗਈਆਂ।

ਬਾਬਾ ਅਲਮਾਰੀ ਵਿੱਚੋਂ ਇੱਕ ਹੋਰ ਪੀਪੀ ਚੁੱਕ ਲਿਆਇਆ ਤੇ ਇਹ ਪੀਪੀ ਵੀ ਉਸ ਨੇ ਦੂਜੇ ਮੰਜੇ ਉਤੇ ਢੇਰੀ ਕਰ ਦਿੱਤੀ। ਚਾਂਦੀ ਦੇ ਰੁਪਏ ਟਨ ਟਨ ਕਰਦੇ ਮੰਜੇ ਉਤੇ ਡਿੱਗੇ। ਈਸ਼ਰ ਤੇ ਉਤਮ ਸਿੰਘ ਤਾਂ ਬਾਬੇ ਵੱਲ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ। ਫਿਰ ਉਹ ਦੋਵੇਂ ਉਠ ਕੇ ਖਲੋ ਗਏ।

"ਬਾਬਾ ਜੀ, ਇਹ ਤੁਸੀਂ ਕੀ ਕਰ ਰਹੇ ਹੋ? " ਈਸ਼ਰ ਜ਼ਰਾ ਕੁ ਗੰਭੀਰ ਹੋ ਗਿਆ।

"ਜੇ ਅੱਜ ਮੇਰੀ ਜਾਹ ਜਾਂਦੀ ਹੋ ਜਾਂਦੀ ਫੇਰ ਮੈਂ ਕੀ ਕਰਦਾ! ਪੁੱਤਰ ਤੁਸੀਂ ਦੇਸ਼ ਭਗਤ ਹੋ। ਅਸਲੀ ਇਨਸਾਨ । ਇਹ ਪੈਸੇ ਤੁਹਾਡੀ ਅਮਾਨਤ ਹੈ ਅੱਜ ਤੋਂ। ਮੈਂ ਤਾਂ ਸਿਰਫ ਦੋ ਰੋਟੀਆਂ ਦਾ ਭਾਈਵਾਲ ਆਂ ਤੇ ਇਹ ਮਾਇਆ ਮੇਰੇ ਕਿਸ ਕੰਮ। ਤੁਸੀਂ ਦੇਸ਼ ਦੇ ਭਲੇ ਦਾ ਕੰਮ ਕਰ ਰਹੇ ਹੋ। ਪੈਸਿਆਂ ਦੀ ਤੁਹਾਨੂੰ ਲੋੜ ਹੈ। ਇਹ ਪੈਸੇ ਹੁਣ ਤੁਹਾਡੇ। ਤੁਸੀਂ

ਜਿੱਥੇ ਮਰਜ਼ੀ ਰੱਖੋ!" "ਬਾਬਾ ਜੀ, ਮਾਫ ਕਰਨਾ। ਤੁਸੀਂ ਸਾਨੂੰ ਕਿਤੇ ਹੋਰ ਚੋਰ ਡਾਕੂ ਤਾਂ ਨਹੀਂ ਸਮਝ ਰਹੇ? " ਉਤਮ ਸਿੰਘ ਨੇ ਬੜੀ ਨਿਰਮਤਾ ਨਾਲ ਕਿਹਾ।

"ਕਿਹੋ ਜਿਹੀਆਂ ਭੋਲੀਆਂ ਗੱਲਾਂ ਕਰਦੇ ਹੋ। ਹੌਲੀ ਹੌਲੀ ਬੰਦਿਆਂ ਦਾ ਪਤਾ ਲੱਗ ਜਾਂਦਾ । ਬਾਕੀ ਜੋ ਮੈਂ ਕਿਹਾ। ਉਹ ਸੋਚ ਸਮਝ ਕੇ ਕਿਹਾ !" ਬਾਬਾ ਆਪਣੀ ਗੱਲ ਉਤੇ ਕਾਇਮ ਸੀ। ਫਿਰ ਈਸ਼ਰ ਕਹਿਣ ਲੱਗਾ, "ਬਾਬਾ ਜੀ, ਅਸੀਂ ਤੁਹਾਡੀ ਗੱਲ ਮੰਨ ਲੈਂਦੇ ਹਾਂ। ਬੱਸ ਸਾਡੀ ਤਾਂ ਇੱਕੋ ਇੱਕੋ ਬੇਨਤੀ ਹੈ ਕਿ ਸਾਡੇ ਬਾਰੇ ਕੋਈ ਗੱਲ ਨਾ ਨਿਕਲੇ। ਬਾਕੀ ਅਸੀਂ ਤੁਹਾਡੇ ਬਖਸ਼ੇ ਕੱਪੜੇ ਜ਼ਰੂਰ ਪਾਵਾਂਗੇ ਪਰ ਸਾਰੇ ਪੈਸੇ ਤੁਸੀਂ ਸੰਭਾਲੋ। ਜਦੋਂ ਸਾਨੂੰ ਕੋਈ ਲੋੜ ਹੋਈ ਅਸੀਂ ਤੁਹਾਡੇ ਕੋਲੋਂ ਮੰਗ ਲਵਾਂਗੇ। ਜਦੋਂ ਸਾਡਾ ਜੀਅ ਕੀਤਾ ਤਾਂ ਅਸੀਂ ਬਾਹਰ ਅੰਦਰ ਵੀ ਜਾਵਾਂਗੇ।"

"ਪੁੱਤਰ, ਜਿਵੇਂ ਤੁਸੀਂ ਰਾਜ਼ੀ ਪਰ ਹੁਣ ਤੁਸੀਂ ਮੈਨੂੰ ਛੱਡ ਕੇ ਕਿਤੇ ਨਹੀਂ ਜਾਣਾ!"

"ਬਾਬਾ ਜੀ ਬੇਫਿਕਰ ਰਹੋ!" ਈਸ਼ਰ ਨੇ ਖੁਸ਼ ਹੋ ਕੇ ਕਿਹਾ।

ਬਾਬੇ ਨੇ ਵੇਖਿਆ ਕਿ ਦੀਵੇ ਦੀ ਲੋਅ ਮੱਧਮ ਹੁੰਦੀ ਜਾ ਰਹੀ ਹੈ। ਦੀਵੇ ਵਿੱਚ ਤੇਲ ਖਤਮ ਹੋ ਗਿਆ ਸੀ। ਬਾਬਾ ਵਰਾਂਡੇ ਵਿੱਚੋਂ ਤੇਲ ਵਾਲੀ ਸ਼ੀਸ਼ੀ ਚੁੱਕ ਲਿਆਇਆ। ਉਸ ਨੇ ਸ਼ੀਸ਼ੀ ਵਿੱਚੋਂ ਦੀਵੇ ਵਿੱਚ ਤੇਲ ਪਾ ਦਿੱਤਾ। ਫਿਰ ਉਤਮ ਸਿੰਘ ਤੇ ਈਸ਼ਰ ਨੇ ਸਾਰਾ ਪੈਸਾ ਧੇਲਾ ਇਕੱਠਾ ਕਰਕੇ ਅੱਡੋ ਅੱਡ ਪੀਪੀਆਂ ਵਿੱਚ ਪਾ ਦਿੱਤਾ।

"ਬਾਬਾ ਜੀ ਪਹਿਲਾਂ ਇਹ ਪੀਪੀਆਂ ਸੰਭਾਲੋ!" ਈਸ਼ਰ ਬੋਲਿਆ।

"ਵੇਖੋ ਇਹ ਹੈ ਹੁਣ ਤੁਹਾਡੀ ਅਮਾਨਤ। ਮੈਂ ਇਸ ਦੀ ਸਿਰਫ ਸੰਭਾਲ ਕਰੂੰਗਾ!"

ਬਾਬੇ ਨੇ ਪੀਪੀਆਂ ਚੁੱਕ ਕੇ ਅਲਮਾਰੀ ਵਿੱਚ ਰੱਖ ਦਿੱਤੀਆਂ। ਉਧਰ ਦੀਵੇ ਦੀ ਮੱਧਮ ਹੁੰਦੀ ਜਾ ਰਹੀ ਲੋਅ ਫਿਰ ਤਿੱਖੀ ਹੋ ਗਈ।

## ਇੱਕੀ

ਰਹਿਣ ਸਹਿਣ ਵਿੱਚ ਆਈ ਤਬਦੀਲੀ ਕਾਰਨ ਈਸ਼ਰ ਤੇ ਉਤਮ ਸਿੰਘ ਦੋਵੇਂ ਆਪ ਵੀ ਹੈਰਾਨ ਸਨ। ਕੁਟੀਆ ਦੇ ਸਾਧੂ ਬਾਬੇ ਦੀ ਸਲਾਹ ਨਾਲ ਦੋਹਾਂ ਨੇ ਭਗਵੇਂ ਰੰਗ ਦੇ ਕੱਪੜੇ ਪ੍ਰਹਿਨ ਲਏ। ਧੋਤੀ, ਕਮੀਜ਼ ਤੇ ਸਾਫਾ ਇੱਕੋ ਰੰਗ। ਦੋਵੇਂ ਗਦਰੀ ਹੁਣ ਵੇਖਣ ਨੂੰ ਬਿਲਕੁਲ ਸਾਧੂ ਲੱਗਦੇ। ਪਹਿਲੇ ਦਿਨ ਸਾਧੂ ਬਾਬੇ ਨੇ ਦੋਹਾਂ ਨੂੰ ਇੱਕ ਨਸੀਹਤ ਕੀਤੀ ਸੀ ਕਿ ਆਮ ਲੋਕਾਂ ਨਾਲ ਬਹੁਤੀ ਗੱਲ ਨਹੀਂ ਕਰਨੀ। ਬੱਸ ਮਤਲਬ ਦੀ ਗੱਲ ਕਰਨੀ ਹੈ। ਦੋਹਾਂ ਸਾਥੀਆਂ ਨੇ ਸਾਧੂ ਬਾਬੇ ਦੀ ਸਿੱਖਿਆ ਨੂੰ ਧਿਆਨ ਨਾਲ ਸੁਣਿਆ। ਪਹਿਲਾਂ ਪਹਿਲਾਂ ਤਾਂ ਉਨ੍ਹਾਂ ਨੂੰ ਇਹ ਪਹਿਰਾਵਾ ਬੜਾ ਅਜੀਬ ਲੱਗਦਾ ਪਰ ਹੌਲੀ ਹੌਲੀ ਉਹ ਇਹ ਕੱਪੜੇ ਪਹਿਨਣ ਦੇ ਆਦੀ ਹੋ ਗਏ। ਵੱਡੀ ਗੱਲ ਤਾਂ ਇਹ ਸੀ ਕਿ ਉਹ ਤਾਂ ਇੱਕ ਲੁਕਵੇਂ ਥਾਂ ਦੀ ਭਾਲ ਕਰਦੇ ਸਨ ਤੇ ਬਾਬੇ ਦੀ ਇਹ ਕੁਟੀਆ ਉਨ੍ਹਾਂ ਲਈ ਵਰਦਾਨ ਸਿੱਧ ਹੋਈ। ਪੰਜਾਬ ਵਿੱਚ ਅੰਗਰੇਜ਼ ਸਰਕਾਰ ਹਰ ਹਾਲਤ ਵਿੱਚ ਗਦਰ ਪਾਰਟੀ ਨੂੰ ਕੁਚਲ ਦੇਣਾ ਚਾਹੁੰਦੀ ਸੀ ਜਿਸ ਕਰਕੇ ਪੁਲਸ ਗਦਰੀਆਂ ਨੂੰ ਥਾਂ ਥਾਂ

ਗ੍ਰਿਫਤਾਰ ਕਰ ਰਹੀ ਸੀ ਪੰਜਾਬ ਵਿੱਚ ਬਹੁਤ ਸਾਰੇ ਗਦਰੀ ਪੁਲਸ ਨੇ ਫੜ ਲਏ ਤੇ ਦੂਜਿਆਂ ਉਤੇ ਸਖਤ ਨਜ਼ਰ ਰੱਖੀ ਜਾ ਰਹੀ ਸੀ। ਇਸ ਕੰਮ ਵਿੱਚ ਅੰਗਰੇਜ਼ ਸਰਕਾਰ ਦੇ ਪਿੱਠੂ ਪੁਲਸ ਦੀ ਮਦਦ ਕਰ ਰਹੇ ਸਨ, ਜਿਸ ਕਰਕੇ ਈਸ਼ਰ ਹੋਰੀਂ ਕੁਝ ਦਿਨਾਂ ਲਈ ਗੋਨੇਆਣਾ ਮੰਡੀ ਵੱਲ ਆ ਗਏ ਤੇ ਪਿੰਡ ਮਹਿਮਾ ਸਰਜਾ ਦੀ ਸਾਧ ਵਾਲੀ ਕੁਟੀਆ ਵਿੱਚ ਉਨ੍ਹਾਂ ਆਪਣਾ ਨਿਵਾਸ ਕਰ ਲਿਆ।

ਦੋਵੇਂ ਗਦਰੀ ਸਵੱਖਤੇ ਉਠਦੇ। ਸਾਰੀ ਕੁਟੀਆ ਦੀ ਸਫਾਈ ਕਰਦੇ। ਕੱਪੜੇ ਸਾਫ ਕਰਦੇ। ਬਰਤਨ ਸਾਫ ਕਰਦੇ। ਦਿਨ ਵੇਲੇ ਕਈ ਬੰਦੇ ਪਿੱਪਲ ਦੀ ਛਾਵੇਂ ਆ ਬੈਠਦੇ। ਈਸ਼ਰ ਹੋਰੀਂ ਪਹਿਲਾਂ ਹੀ ਸਫਾਈ ਕਰਕੇ ਪਿੱਪਲ ਹੇਠਾਂ ਬੋਰੀਆਂ ਵਿਛਾ ਦਿੰਦੇ ਪਰ ਉਥੇ ਆਪ ਕਦੇ ਨਾ ਬੈਠਦੇ ਸਾਧੂ ਬਾਬਾ ਦੁੱਧ ਤੇ ਰੋਟੀ ਲੈ ਆਉਂਦੇ। ਈਸ਼ਰ ਹੋਰੀਂ ਲੋੜ ਅਨੁਸਾਰ ਹੋਰ ਰੋਟੀ ਬਣਾ ਲੈਂਦੇ ਤ ਕਿਸੇ ਦਿਨ ਕੋਈ ਲੋੜ ਨਾ ਹੁੰਦੀ। ਲੋਕ ਈਸ਼ਰ ਹੋਰਾਂ ਨੂੰ ਕੁਟੀਆ ਵਿੱਚ ਹਰ ਰੋਜ਼ ਵੇਖਦੇ ਤੇ ਸੋਚਦੇ ਕਿ ਬਾਬੇ ਕੋਲ ਕੋਈ ਸਾਧੂ ਬਾਹਰੋਂ ਆ ਕੇ ਠਹਿਰੇ ਹਨ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਸਾਧੂ ਦੀ ਕੁਟੀਆ ਈਸ਼ਰ ਹੋਰਾਂ ਦਾ ਪੱਕਾ ਅੱਡਾ ਬਣ ਬਣ ਗਈ, ਪਰ ਦੋਹਾਂ ਸਾਥੀਆਂ ਦੇ ਦਿਲਾਂ ਵਿੱਚ ਇੱਕ ਤੂਫਾਨ ਜਿਹਾ ਹਰ ਵੇਲੇ ਉਠਦਾ। ਕੁਟੀਆ ਵਿੱਚ ਉਹ ਛੁਪ ਕੇ ਰਹਿ ਰਹੇ ਸਨ। ਦੋਵੇਂ ਵੇਲੇ ਰੋਟੀ ਮਿਲ ਜਾਂਦੀ ਹੈ। ਰਾਤ ਨੂੰ ਅਰਾਮ ਕਰਦੇ ਸਨ। ਕੋਈ ਫਿਕਰ ਫਾਕਾ ਨਹੀਂ ਪਰ ਉਨ੍ਹਾਂ ਦੇ ਦਿਲਾਂ ਵਿੱਚ ਇੱਕ ਬੇਚੈਨੀ ਲਗਾਤਾਰ ਉਠਦੀ। ਈਸ਼ਰ ਸੋਚਦਾ ਕਿ ਇਸ ਤਰ੍ਹਾਂ ਕਿੰਨਾ ਕੁ ਚਿਰ ਸਮਾਂ ਲੰਘਾਇਆ ਜਾ ਸਕਦਾ ਹੈ। ਇਹ ਤਾਂ ਸਮੇਂ ਨੂੰ ਧੱਕਾ ਦੇਣਾ ਹੈ। ਦੋ ਰੋਟੀਆਂ ਖਾ ਕੇ ਅਸੀਂ ਏਥੇ ਅਰਾਮ ਕਰਨ ਨਹੀਂ ਆਏ। ਕਈ ਵਾਰ ਦੋਵੇਂ ਸਾਥੀ ਸਲਾਹ ਕਰਦੇ ਕਿ ਚਲੋ ਏਥੋਂ ਭੱਜ ਚੱਲੀਏ ਪਰ ਉਨ੍ਹਾਂ ਨੂੰ ਅੱਗੇ ਕੋਈ ਰਾਹ ਨਜ਼ਰ ਨਾ ਆਉਂਗਾ। ਉਹ ਦੋਵੇਂ ਮਾਯੂਸ ਹੋ ਜਾਂਦੇ। ਉਹ ਅੰਦਰਖਾਤੇ ਚਾਹੁੰਦੇ ਸਨ ਕਿ ਕਿਵੇਂ ਨਾ ਕਿਵੇਂ ਆਪਣੇ ਨਾਲ ਬੰਦੇ ਜੋੜੇ ਜਾਣ। ਹਥਿਆਰ ਪ੍ਰਾਪਤ ਕੀਤੇ ਜਾਣ ਤੇ ਕੋਈ ਸਖਤ ਐਕਸ਼ਨ ਕਰਕੇ ਅੰਗਰੇਜ਼ ਸਰਕਾਰ ਨੂੰ ਵਖਤ ਪਾਇਆ ਜਾਵੇ। ਉਹ ਕਈ ਵਾਰ ਸਾਧੂ ਬਾਬੇ ਨੂੰ ਦੱਸ ਕੇ ਗੋਨੇਆਨਾ ਮੰਡੀ ਨੂੰ ਤੁਰ ਜਾਂਦੇ। ਗੋਲੀਆਂ ਨਾਲ ਭਰੇ ਪਿਸਤੌਲ ਉਹ ਆਪਣੀਆਂ ਡੱਬਾਂ ਵਿੱਚ ਰੱਖਦੇ। ਬੱਸ ਮੰਡੀ ਵਿੱਚ ਤੁਰ ਫਿਰ ਕੇ ਉਹ ਕੁਟੀਆ ਵਿੱਚ ਵਾਪਸ ਆ ਜਾਂਦੇ।

ਇੱਕ ਦਿਨ ਸਾਧੂ ਬਾਬਾ ਕਿਸੇ ਕੰਮ ਮੰਡੀ ਨੂੰ ਗਿਆ ਹੋਇਆ ਸੀ। ਈਸ਼ਰ ਤੇ ਉਤਮ ਸਿੰਘ ਦੋਵੇਂ ਵਰਾਂਡੇ ਵਿੱਚ ਬੈਠੇ ਸਨ। ਪਿੱਪਲ ਹੇਠਾਂ ਵੀ ਕੋਈ ਜੀਅ ਨਹੀਂ ਸੀ। ਦੋਵੇਂ ਗਦਰੀ ਕੁਝ ਉਦਾਸ ਸਨ।

"ਯਾਰ ਆਪਾਂ ਕੀ ਕਰੀਏ। ਏਥੇ ਆਪਾਂ ਨੂੰ ਔਖ ਤਾਂ ਕੋਈ ਨਹੀਂ ਪਰ ਕਿੰਨਾ ਕੁ ਚਿਰ ਏਸੇ ਤਰ੍ਹਾਂ ਬੈਠੇ ਰਹਾਂਗੇ!" ਉਤਮ ਸਿੰਘ ਪੂਰਾ ਬੇਚੈਨ ਸੀ।

"ਆਪਾਂ ਚੁੱਪ ਕਰਕੇ ਦੁਆਬੇ ਵੱਲ ਚਲੇ ਜਾਈਏ। ਉਧਰ ਤਾਂ ਆਪਣਾ ਕੋਈ

ਸਾਥੀ ਮਿਲ ਹੀ ਜਾਊਗਾ ਤੇ ਇਧਰ ਤਾਂ ਹੁਣ ਐਵੇਂ ਦਿਨ ਕਟੀ ਐ!" ਈਸ਼ਰ ਸਿੰਘ ਦੇ ਚਿਹਰੇ ਉਤੇ ਬੇਚੈਨੀ ਸਾਫ ਝਲਕ ਰਹੀ ਸੀ।

"ਗੱਲ ਠੀਕ ਐ। ਏਥੇ ਬੈਠ ਕੇ ਕੀ ਕਰਾਂਗੇ!"

"ਕਰਨਾ ਕੀ ਐ! ਇੱਕ ਦਿਨ ਏਸੇ ਤਰ੍ਹਾਂ ਬੈਠੇ ਫੜੇ ਜਾਵਾਂਗੇ!" ਈਸ਼ਰ ਦਾ ਮਨ ਡੋਲ ਰਿਹਾ ਸੀ।

"ਸਾਧੂ ਬਾਬੇ ਨੂੰ ਦੱਸੀਏ? "

"ਆਪਾਂ ਨੂੰ ਇਹ ਗੱਲ ਦੱਸਣ ਵਿੱਚ ਕੀ ਹਰਜ ਐ। ਬਾਬੇ ਨੂੰ ਦੱਸ ਦਿਆਂਗੇ ਕਿ ਅਸੀਂ ਦਸੀਂ ਪੰਦਰੀਂ ਦਿਨੀਂ ਮੁੜ ਆਵਾਂਗੇ!"

"ਵੇਖ ਲੈ ਯਾਰ ਮੇਰਾ ਤਾਂ ਹੁਣ ਏਥੇ ਜੀਅ ਨਹੀਂ ਲੱਗਦਾ!"

ਇਸ ਤਰ੍ਹਾਂ ਸੋਚਦਿਆਂ ਕੁਝ ਹੋਰ ਦਿਨ ਲੰਘ ਗਏ। ਇੱਕ ਦਿਨ ਉਹ ਦੋਵੇਂ ਸਾਧੂ ਬਾਬੇ ਕੋਲ ਬੈਠੇ ਸਨ। ਈਸ਼ਰ ਕਹਿਣ ਲੱਗਾ, "ਬਾਬਾ ਜੀ, ਅਸੀਂ ਕੁਝ ਦਿਨ ਆਪਣੇ ਪਿੰਡਾਂ ਵੱਲ ਚਲੇ ਜਾਈਏ? "

"ਕੋਈ ਨਾ ਪੁੱਤਰ ਚਲੇ ਜਾਓ ਪਰ ਇਹ ਨਾ ਹੋਵੇ ਕਿ ਤੁਸੀਂ ਮੁੜ ਕੇ ਨਾ ਆਓ। ਕੁਟੀਆ ਦਾ ਸਭ ਕੁਝ ਤੁਹਾਡਾ ਹੈ।" ਕੁਝ ਚਿਰ ਰੁਕ ਕੇ ਬਾਬਾ ਕਹਿਣ ਲੱਗਾ, "ਮੈਨੂੰ ਇਹ ਦੱਸੋ ਕਿ ਪਿੰਡ ਜਾਣ ਮੌਕੇ ਆਪਣੇ ਇਸ ਬਾਣੇ ਦਾ ਕੀ ਕਰੋਗੇ!"

"ਬਾਬਾ ਜੀ, ਅਸੀਂ ਰਾਹ ਵਿੱਚ ਬਦਲੀ ਕਰ ਲਵਾਂਗੇ!" ਉਤਮ ਸਿੰਘ ਹੱਸ ਪਿਆ। ਬੱਸ ਇਸੇ ਤਰ੍ਹਾਂ ਦਿਨ ਗੁਜ਼ਰਦੇ ਗਏ। ਦੋਹਾਂ ਦੇ ਦਿਲਾਂ ਵਿੱਚ ਕੁਝ ਨਵਾਂ ਕਰਨ ਦੀ ਭਾਵਨਾ ਨਿੱਤ ਵਧਦੀ ਪਰ ਇੱਕ ਬੇਵਸੀ ਉਨ੍ਹਾਂ ਨੂੰ ਘੇਰੀ ਰੱਖਦੀ। ਉਨ੍ਹਾਂ ਦਾ ਕਿਤੇ ਜ਼ੋਰ ਨਾ ਚੱਲਦਾ। ਕਈ ਵਾਰ ਈਸ਼ਰ ਸੋਚਦਾ ਕਿ ਉਸ ਦੇ ਕੋਲ ਜਿੰਨੇ ਵੀ ਕਾਰਤੂਸ ਹਨ ਉਹ ਸਭ ਅੰਗਰੇਜ਼ਾਂ ਉਤੇ ਚਲਾਏ ਜਾਣ। ਅੰਗਰੇਜ਼ ਸਰਕਾਰ ਦੇ ਝੋਲੀ ਚੁੱਕਾਂ ਨੂੰ ਭੁੰਨ ਦਿੱਤਾ ਜਾਵੇ। ਜ਼ਾਲਮ ਅਫਸਰਾਂ ਨੂੰ ਖਤਮ ਕਰ ਦਿੱਤਾ ਜਾਵੇ ਪਰ ਦੂਜੇ ਪਾਸੇ ਆਮ ਹੀ ਸੋਚਦਾ ਕਿ ਇੱਕ ਲਹਿਰ ਖੜੀ ਕਰਨੀ ਉਸ ਦਾ ਪਹਿਲਾ ਫਰਜ਼ ਹੈ। ਬੰਦੇ ਤਿਆਰ ਕਰਕੇ ਨਾਲ ਜੋੜਨੇ ਉਸ ਦੀ ਜ਼ਿੰਮੇਵਾਰੀ ਹੈ। ਗਦਰ ਪਾਰਟੀ ਨੂੰ ਮਜ਼ਬੂਤ ਕਰਨ ਨਾਲ ਹੀ ਪਾਰਟੀ ਕੁਝ ਕਰ ਸਕੇਗੀ। ਗਦਰ ਮਚਾਉਣ ਲਈ ਬਹੁਤ ਕੁਝ ਕਰਨਾ ਬਾਕੀ ਹੈ। ਇੱਕ ਦਿਨ ਉਨ੍ਹਾਂ ਫੈਸਲਾ ਕਰ ਲਿਆ ਕਿ ਉਹ ਹੁਣ ਇਸ ਕੁਟੀਆ ਵਿੱਚ ਨਹੀਂ ਰਹਿਣਗੇ।

ਇੱਕ ਸ਼ਾਮ ਦੋਵੇਂ ਜਣੇ ਕੁਟੀਆ ਵਿੱਚੋਂ ਨਿਕਲ ਕੇ ਬਾਹਰ ਖੇਤਾਂ ਵਿੱਚ ਸੈਰ ਕਰਨ ਲਈ ਆ ਗਏ। ਸ਼ਾਮ ਵੇਲੇ ਠੰਢੀ ਹਵਾ ਵੱਗਣ ਨਾਲ ਮੌਸਮ ਕੁਝ ਕੁ ਸੁਹਾਵਣਾ ਹੋ ਗਿਆ ਸੀ। ਭਗਵੇਂ ਕੱਪੜੇ ਪਹਿਨੀ ਉਹ ਖੇਤਾਂ ਦੇ ਬੰਨੇ ਬੰਨੇ ਜਾ ਰਹੇ ਸਨ। ਖੇਤਾਂ ਵਿੱਚ ਮੁੜਦਾ ਇੱਕ ਪਿੰਡ ਵਾਸੀ ਈਸ਼ਰ ਸਿੰਘ ਹੋਰਾਂ ਨੂੰ ਵੇਖ ਕੇ ਕਹਿਣ ਲੱਗਾ, "ਸੰਤੋ ਜੀ, ਕਿਸੇ ਚੀਜ਼ ਦੀ ਲੋੜ ਹੁੰਦੀ ਐ ਤਾਂ ਪਿੰਡ 'ਚੋਂ ਮੰਗਵਾ ਲਿਆ ਕਰੋ!"

"ਮੰਗ ਕੇ ਖਾਣਾ ਖਾਲਸੇ ਦਾ ਧਰਮ ਨਹੀਂ!" ਉਤਮ ਸਿੰਘ ਨੇ ਝੱਟ ਜਵਾਬ ਦਿੱਤਾ। ਪਿੰਡ ਦਾ ਉਹ ਬੰਦਾ ਭਗਵੇਂ ਕੱਪੜਿਆਂ ਵਾਲੇ ਸਾਧੂਆਂ ਵੱਲ ਡੂੰਘਾ ਡੂੰਘਾ

ਵੇਖਣ ਲੱਗਾ, ਜਿਵੇਂ ਇੱਕ ਸਾਧ ਕੋਲੋਂ ਅਜਿਹੇ ਜਵਾਬ ਦੀ ਉਸ ਨੂੰ ਆਸ ਨਹੀਂ ਸੀ ਤੇ ਫਿਰ ਉਹ ਚੁੱਪ ਕਰਕੇ ਕੋਲੋਂ ਦੀ ਲੰਘ ਗਿਆ।

ਗੱਲ ਆਈ ਗਈ ਹੋ ਗਈ। ਅਗਲੇ ਦਿਨ ਫਿਰ ਉਸੇ ਵੇਲੇ ਈਸ਼ਰ ਸਿੰਘ ਤੇ ਉਤਮ ਸਿੰਘ ਖੇਤਾਂ ਵੱਲ ਸੈਰ ਲਈ ਤੁੱਲ ਪਏ। ਸ਼ਾਮ ਵੇਲੇ ਉਹ ਅਕਸਰ ਹੀ ਸੈਰ ਕਰਨ ਜਾਂਦੇ। ਖੇਤਾਂ ਵਿੱਚ ਹੌਲੀ ਹੌਲੀ ਉਹ ਬੇਫਿਕਰ ਹੋ ਕੇ ਜਾ ਰਹੇ ਸਨ। ਅਚਾਨਕ ਹੀ ਇੱਕ ਪਾਸੇ ਤੋਂ ਪੁਲਸ ਆ ਗਈ। ਅਗਲੇ ਹੀ ਪਲ ਘੇਰਾ ਪਾਉਣ ਦੇ ਮੰਤਵ ਨਾਲ ਪੁਲਸ ਵਾਲੇ ਦੂਰ ਤੱਕ ਖਿੰਡ ਗਏ। ਈਸ਼ਰ ਹੋਰੀਂ ਪੂਰੀ ਤਰ੍ਹਾਂ ਪੁਲਿਸ ਦੇ ਘੇਰੇ ਵਿੱਚ ਆ ਗਏ। ਦੋਹਾਂ ਗਦਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪਿੰਡ ਦੇ ਲੋਕ ਇਕਦਮ ਘਰਾਂ ਵਿੱਚੋਂ ਬਾਹਰ ਆ ਗਏ।

"ਹੱਥ ਖੜੇ ਕਰ ਲਓ!" ਥਾਣੇਦਾਰ ਕੜਕਿਆ।

ਈਸ਼ਰ ਸਿੰਘ ਤੇ ਉਤਮ ਸਿੰਘ ਨੇ ਆਸੇ ਪਾਸੇ ਹੈਰਾਨੀ ਨਾਲ ਵੇਖਿਆ। ਉਨ੍ਹਾਂ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ। ਉਹ ਹੁਣੇ ਅੰਗਰੇਜ਼ ਸਰਕਾਰ ਦੀ ਪੁਲਸ ਨੂੰ ਸਬਕ ਸਿਖਾ ਦੇਣਾ ਚਾਹੁੰਦੇ ਸਨ। ਉਹ ਤਾਂ ਇਹ ਮੌਕਾ ਭਾਲਦੇ ਹੀ ਸਨ ਪਰ ਕਾਸ਼ ! ਅਜਿਹਾ ਚੰਦਰਾ ਦਿਨ ਕਿਵੇਂ ਆ ਗਿਆ। ਉਨ੍ਹਾਂ ਤੋਂ ਕਿਹੋ ਜਿਹੀ ਭੁੱਲ ਹੋ ਗਈ । ਅੱਜ ਪਹਿਲੀ ਵਾਰ ਦੋਹਾਂ ਗਦਰੀਆਂ ਕੋਲ ਹਥਿਆਰ ਨਹੀਂ ਸੀ। ਦੋਵੇਂ ਖਾਲੀ ਹੱਥ ਸਨ। ਦੋਹਾਂ ਦੇ ਪਸਤੌਲ ਸਾਧੂ ਬਾਬੇ ਦੀ ਕੁਟੀਆ ਵਿੱਚ ਪਏ ਸਨ। ਈਸ਼ਰ ਤੇ ਉਤਮ ਸਿੰਘ ਬੇਵੱਸ ਹੋ ਗਏ ਪਰ ਗੁੱਸੇ ਨਾਲ ਉਹ ਤਪ ਰਹੇ ਸਨ।

"ਮੈਂ ਕਹਿ ਰਿਹਾਂ ਹੱਥ ਖੜੇ ਕਰੋ !" ਥਾਣੇਦਾਰ ਫੇਰ ਗਰਜਿਆ।

"ਇਹ ਹੱਥ ਤੁਹਾਡੇ ਸਾਹਮਣੇ ਨਹੀਂ ਖੜੇ ਹੋ ਸਕਦੇ ਤੇ ਨਾ ਹੀ ਅਸੀਂ ਥੋਡੇ ਸਾਹਮਣੇ ਝੁਕ ਸਕਦੇ ਹਾਂ।" ਈਸ਼ਰ ਸ਼ੇਰ ਵਾਂਗ ਗੱਜਿਆ।

"ਚੁੱਪ ਕਰਕੇ ਆਪਣੇ ਆਪ ਪੇਸ਼ ਹੋ ਜਾਓ!" ਥਾਣੇਦਾਰ ਦੂਰੋਂ ਹੀ ਬੋਲ ਰਿਹਾ ਸੀ।

ਪਲਾਂ ਵਿੱਚ ਪਿੰਡ ਦੇ ਬਜ਼ੁਰਗ, ਨੌਜਵਾਨ, ਔਰਤਾਂ ਤੇ ਬੱਚੇ ਚਾਰ ਚੁਫੇਰੇ ਵਿਖਾਈ ਦਿੱਤੇ। ਸਾਹਮਣੇ ਦੋ ਸਾਧਾਂ ਨੂੰ ਪੁਲਸ ਨੇ ਘੇਰਾ ਪਾਇਆ ਹੋਇਆ ਸੀ। ਲੋਕਾਂ ਲਈ ਬਹੁਤ ਅਚੰਭੇ ਵਾਲੀ ਘਟਨਾ ਸੀ। ਸਾਧ ਟੱਸ ਤੋਂ ਮਸ ਨਹੀਂ ਸਨ ਹੁੰਦੇ। ਉਧਰ ਪੁਲਸ ਵਾਲੇ ਸਾਧਾਂ ਤੋਂ ਦੂਰ ਖਲੋਤੇ ਸਨ। ਉਹ ਅੱਗੇ ਵਧਣ ਦੀ ਹਿੰਮਤ ਨਹੀਂ ਸੀ ਕਰਦੇ।

"ਜੇ ਤੁਸੀਂ ਆਪਣੇ ਆਪ ਪੇਸ਼ ਨਾ ਹੋਏ ਤਾਂ ਮੈਂ ਗੋਲੀ ਚਲਾ ਦਿਆਂਗਾ!" ਥਾਣੇਦਾਰ ਤਰਲੋਮੱਛੀ ਹੋ ਰਿਹਾ ਸੀ।

"ਅਸੀਂ ਗੋਲੀਆਂ ਤੋਂ ਨਹੀਂ ਡਰਦੇ। ਜੇ ਤੂੰ ਗੋਲੀ ਚਲਾ ਸਕਦੈ ਤਾਂ ਚਲਾ ਗੋਲੀ। ਅਸੀਂ ਗੋਲੀ ਦਾ ਜਵਾਬ ਗੋਲੀ ਨਾਲ ਦੇਵਾਂਗੇ!" ਈਸ਼ਰ ਦਾ ਗੁੱਸਾ ਵਧ ਰਿਹਾ ਸੀ।

"ਮੈਂ ਇੱਕ ਵਾਰੀ ਫੇਰ ਕਹਿ ਰਿਹੈ ਕਿ ਚੁੱਪ ਕਰਕੇ ਪੇਸ਼ ਹੋ ਜਾਵੋਂ!"

"ਨਹੀਂ ਤੂੰ ਗੋਲੀ ਚਲਾ। ਅਸੀਂ ਬਦਲਾ ਲੈਣ ਜਾਣਦੇ ਆਂ। ਤੇਰੇ ਵਰਗੇ ਅੰਗਰੇਜ਼ਾਂ

ਦੇ ਜੁੱਤੀਆਂ ਚੱਟਣ ਵਾਲੇ ਕੀ ਗੋਲੀਆਂ ਚਲਾਉਣਗੇ।" ਈਸ਼ਰ ਦੀ ਗਰਜਵੀਂ ਅਵਾਜ਼ ਦੂਰ ਤੱਕ ਫੈਲ ਗਈ।

"ਮੈਂ ਬਹੁਤਾ ਚਿਰ ਨਹੀਂ ਉਡੀਕਣਾ। ਤੁਹਾਡੇ ਵਰਗੇ ਡਾਕੂ ਮੈਂ ਬਥੇਰੇ ਵੇਖੇ ਐ।" ਥਾਣੇਦਾਰ ਨੇ ਹੋਰ ਰੋਅਬ ਮਾਰਿਆ।

"ਉਏ ਕੁੱਤੇ ਅਸੀਂ ਡਾਕੂ ਨਹੀਂ। ਅਸੀਂ ਦੋਵੇਂ ਗਦਰੀ ਪਾਰਟੀ ਦੇ ਸ਼ੇਰ ਆਂ। ਸ਼ੇਰ! ਡਾਕੂ ਤਾਂ ਤੁਸੀਂ ਹੋ। ਅੰਗਰੇਜ਼ਾਂ ਦੇ ਪਿੱਠੂ ! ਸਭ ਤੋਂ ਵੱਡੇ ਡਾਕੂ ਐ ਅੰਗਰੇਜ਼। ਜਿਹੜੇ ਡਾਕੂ ਐ ਉਹ ਤੁਹਾਨੂੰ ਨਹੀਂ ਦਿਸਦੇ। ਅੰਗਰੇਜ਼ ਸਾਡੇ ਲੋਕਾਂ ਉਤੇ ਕਿਵੇਂ ਜ਼ੁਲਮ ਕਰ ਰਹੇ ਐ। ਹਰ ਰੋਜ਼ ਨਵੇਂ ਟੈਕਸ ਲਾ ਕੇ ਸਾਡੇ ਲੋਕਾਂ ਦਾ ਲੱਕ ਤੋੜ ਰਹੇ ਐ। ਦੇਸ਼ ਭਗਤਾਂ ਨੂੰ ਹਰ ਰੋਜ਼ ਗ੍ਰਿਫਤਾਰ ਕਰਕੇ ਕਿਵੇਂ ਜੇਲ੍ਹਾਂ ਵਿੱਚ ਸੁੱਟ ਰਹੇ ਐ। ਸਾਡੇ ਲੋਕ ਦੀ ਕਿਤੇ ਸੁਣਵਾਈ ਨਹੀਂ। ਤੁਸੀਂ ਲੋਕ ਦੇਸ਼ ਦੇ ਗਦਾਰ। ਸਾਡੇ ਲੋਕ ਦੇ ਪੱਕੇ ਦੁਸ਼ਮਣ। ਅੰਗਰੇਜ਼ਾਂ ਦੀਆਂ ਜੁੱਤੀਆਂ ਚੱਟਣ ਵਾਲੇ ਸਾਡੇ ਲੋਕਾਂ ਦੇ ਦੁਸ਼ਮਣ ਨਹੀਂ ਤੇ ਹੋਰ ਕੀ ਹੋਏ। ਅਸੀਂ ਇੱਕ ਦਿਨ ਸਾਰੇ ਦੇਸ਼ ਵਿੱਚ ਗਦਰ ਮਚਾਵਾਂਗੇ। ਅੰਗਰੇਜ਼ ਏਥੋਂ ਐਵੇਂ ਨਹੀਂ ਜਾਣਗੇ। ਅੰਗਰੇਜ਼ਾਂ ਨੂੰ ਅਸੀਂ ਦੇਸ਼ ਵਿੱਚੋਂ ਕੱਢ ਕੇ ਛੱਡਾਂਗੇ। ਆਪਣੇ ਦੇਸ਼ ਨੂੰ ਅਜ਼ਾਦ ਕਰਵਾ ਕੇ ਸਾਹ ਲਵਾਂਗੇ। ਅਜ਼ਾਦੀ ਦੀ ਖਾਤਰ ਅਸੀਂ ਹਰ ਕੁਰਬਾਨੀ ਕਰਨ ਲਈ ਤਿਆਰ ਆਂ।"

ਈਸ਼ਰ ਦਾ ਇੱਕ ਇੱਕ ਸ਼ਬਦ ਸਭ ਨੇ ਧਿਆਨ ਨਾਲ ਸੁਣਿਆ। ਇਹ ਸ਼ਬਦ ਸੁਣ ਕੇ ਥਾਣੇਦਾਰ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਹ ਈਸ਼ਰ ਦੀਆਂ ਗੱਲਾਂ ਸੁਣ ਸੁਣ ਕੇ ਸੁੰਨ ਹੋ ਗਿਆ। ਉਸ ਦਾ ਦਿਮਾਗ ਘੁੰਮ ਗਿਆ। ਉਹ ਡੌਰ ਭੌਰ ਹੋਇਆ ਆਸੇ ਪਾਸੇ ਵੇਖ ਰਿਹਾ ਸੀ।

"ਤੁਸੀਂ ਕੌਣ ਹੋ? " ਥਾਣੇਦਾਰ ਥਥਲਾ ਕੇ ਬੋਲਿਆ।

"ਦੱਸਿਆ ਤਾਂ ਹੈ ਕਿ ਅਸੀਂ ਗਦਰੀ ਹਾਂ। ਗਦਰੀ ਭਗਤ। ਕੋਈ ਸ਼ੱਕ ਹੈ? "

ਉਤਮ ਸਿੰਘ ਦੀ ਭਾਰੀ ਅਵਾਜ਼ ਦੂਰ ਤੱਕ ਸੁਣਾਈ ਦਿੱਤੀ। ਥਾਣੇਦਾਰ ਕਿੰਨਾ ਹੀ ਚਿਰ ਚੁੱਪ ਕਰਕੇ ਝਾਕੀ ਗਿਆ ਜਿਵੇਂ ਉਸ ਦੀ ਹੋਸ਼ ਹੀ ਉਡ ਗਈ ਹੋਵੇ।

"ਹਾਂ ਇਨ੍ਹਾਂ ਨੂੰ ਸ਼ੱਕ ਹੈ ਕਿ ਸਾਧਾਂ ਦੇ ਭੇਸ ਵਿੱਚ ਕੋਈ ਡਾਕੂ ਤੁਰੇ ਫਿਰਦੇ ਐ, ਪਰ ਅਸੀਂ ਉਨ੍ਹਾਂ ਡਾਕੂਆਂ ਨੂੰ ਲੱਭਦੇ ਆਂ ਜਿਹੜੇ ਮੇਰੇ ਪਿਆਰੇ ਦੇਸ਼ ਨੂੰ ਦਿਨ ਰਾਤ ਦੋਹੀਂ ਹੱਥੀਂ ਲੁੱਟੀ ਜਾ ਰਹੇ ਐ। ਅਸੀਂ ਅਜਿਹੇ ਡਾਕੂਆਂ ਨੂੰ ਬਿਲਕੁਲ ਨਹੀਂ ਬਖਸਾਂਗੇ। ਜੇ ਤੁਹਾਡੇ ਵਿੱਚ ਹਿੰਮਤ ਹੈ ਤਾਂ ਚਲਾਓ ਗੋਲੀ। ਅਸੀਂ ਜਿੰਨਾ ਚਿਰ ਆਪਣੇ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਨਹੀਂ ਕੱਢ ਦੇ ਸਾਨੂੰ ਰੋਟੀ ਨਹੀਂ ਚੰਗੀ ਲੱਗਣੀ। ਅਸੀਂ ਉਸ ਦਿਨ ਰੱਜ ਕੇ ਰੋਟੀ ਖਾਵਾਂਗੇ। ਜਿਸ ਦਿਨ ਅਸੀਂ ਆਪਣੇ ਪਿਆਰੇ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਦਿਆਂਗੇ।" ਈਸ਼ਰ ਦੇ ਸ਼ਬਦਾਂ ਨੇ ਸਭ ਨੂੰ ਸੁੰਨ ਕਰ ਦਿੱਤਾ।

ਪਿੰਡ ਦੇ ਲੋਕਾਂ ਵਿੱਚ ਘੁਸਰ ਮੁਸਰ ਹੋਣ ਲੱਗ ਪਈ। ਔਰਤਾਂ ਦੇ ਰੋਣ ਦੀ ਅਵਾਜ਼ ਆਉਣ ਲੱਗੀ। ਹੌਲੀ ਹੌਲੀ ਲੋਕ ਅੱਗੇ ਵਧਣ ਲੱਗੇ। ਇੱਕ ਬਹੁਤ ਵੱਡੀ ਭੀੜ

ਅੱਜ ਅਜੀਬ ਵਰਤਾਰਾ ਵੇਖ ਰਹੀ ਸੀ ਪਰ ਕਿਸੇ ਨੂੰ ਕਿਸੇ ਦੀ ਗੱਲ ਦੀ ਕੋਈ ਸਮਝ ਨਹੀਂ ਸੀ ਪੈ ਰਹੀ। ਪਿੰਡ ਦੇ ਲੋਕ ਅੱਗੇ ਵਧਣ ਲੱਗੇ। ਇਹ ਕੀ ਹੋ ਗਿਆ। ਥਾਣੇਦਾਰ ਅਜੀਬ ਮਾਹੌਲ ਵੇਖ ਕੇ ਹੈਰਾਨ ਹੋ ਗਿਆ। ਲੋਕ ਸਾਧਾਂ ਵੱਲ ਵੱਧਣ ਲੱਗੇ। ਪੁਲਸ ਦਾ ਘੇਰਾ ਦੂਰ ਹੋ ਗਿਆ ਤੇ ਸਾਧਾਂ ਦੇ ਦੁਆਲੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਉਤਮ ਸਿੰਘ ਨੂੰ ਜੋਸ਼ ਆ ਗਿਆ ਤੇ ਉਸ ਨੇ ਉਚੀ ਅਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ–

"ਲੜੀਏ ਹਿੰਦ ਖਾਤਰ ਮਰੀਏ ਅਣਖ ਪਿੱਛੇ,
ਸੋਹਣੀ ਮੌਤ ਅਜ਼ਾਦੀ ਦੀ ਜੰਗ ਕਰੀਏ।
ਹੋਰ ਛੱਡੀਏ ਝੂਠਿਆਂ ਝੇੜਿਆਂ ਨੂੰ,
ਇੱਕ ਯੁੱਧ ਅਜ਼ਾਦੀ ਆਰੰਭ ਕਰੀਏ।

ਇਨ੍ਹਾਂ ਸ਼ਬਦਾਂ ਨਾਲ ਲੋਕਾਂ ਵਿੱਚ ਇੱਕ ਸੰਨਾਟਾ ਛਾ ਗਿਆ। ਪੂਰਾ ਮਾਹੌਲ ਹੀ ਚੁੱਪ ਸੀ। ਸਭ ਚੁੱਪ ਸਨ। ਸਭ ਦੀਆਂ ਅੱਖਾਂ ਟੱਡੀਆਂ ਹੋਈਆਂ ਸਨ। ਸਭ ਦੇ ਚਿਹਰੇ ਗਮਗੀਨ ਸਨ ਪਰ ਕਿਸੇ ਨੂੰ ਵੀ ਕਿਸੇ ਗੱਲ ਦੀ ਕੋਈ ਸਮਝ ਨਹੀਂ ਸੀ ਆ ਰਹੀ।

"ਮੈਂ ਤਾਂ ਤੁਹਾਨੂੰ ਡਾਕੂ ਸਮਝ ਰਿਹਾ ਸੀ।" ਥਾਣੇਦਾਰ ਦੀ ਬੇਵਸੀ ਗੂੰਜੀ। ਈਸ਼ਰ ਥਾਣੇਦਾਰ ਦੀ ਗੱਲ ਸੁਣ ਕੇ ਬਹੁਤ ਉਚੀ ਅਵਾਜ਼ ਵਿੱਚ ਘੁੰਮ ਫਿਰ ਕੇ ਕਹਿਣ ਲੱਗਾ,

"ਜੀਹਨੂੰ ਆਪ ਸਰਕਾਰ ਕਹਿੰਦੇ,
ਬਾਝੋਂ ਲੁੱਟ ਕੇ ਏਸ ਦੀ ਕਾਰ ਨਾਹੀਂ।
ਦੀਵਾ ਦਿਨੇ ਹੀ ਬਾਲ ਕੇ ਲੁਟਦੀ ਹੈ,
ਹੁੰਦੇ ਹਿੰਦ ਵਾਸੀ ਖ਼ਬਰਦਾਰ ਨਾਹੀਂ।

ਅਜੀਬ ਮਾਹੌਲ ਬਣ ਗਿਆ। ਥਾਣੇਦਾਰ ਨੇ ਦੋਵੇਂ ਹੱਥ ਜੋੜੇ ਤੇ ਉਹ ਈਸ਼ਰ ਹੋਰਾਂ ਵੱਲ ਵਧਿਆ। ਸਿਪਾਹੀ ਤੇ ਪਿੰਡ ਵਾਲੇ ਅਜੀਬ ਵਰਤਾਰਾ ਵੇਖ ਰਹੇ ਸਨ।

"ਮੈਂ ਤਾਂ ਤੁਹਾਨੂੰ ਡਾਕੂ ਸਮਝ ਕੇ ਫੜਨ ਆਇਆ ਸੀ। ਤੁਸੀਂ ਤਾਂ ਸਾਧਾਂ ਦੇ ਭੇਸ ਵਿੱਚ ਅਜੀਬ ਬੰਦੇ ਨਿਕਲੇ। ਮੈਨੂੰ ਪਤਾ ਨਹੀਂ ਲੱਗਾ!" ਥਾਣੇਦਾਰ ਨੇ ਹੱਥ ਬੰਨ੍ਹੇ ਹੋਏ ਸਨ। ਪਿੰਡ ਦੀ ਭੀੜ ਵਿੱਚੋਂ ਔਰਤਾਂ ਦੇ ਰੋਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਲੋਕ ਭੱਜ ਭੱਜ ਕੇ ਸਾਧਾਂ ਦੇ ਨੇੜ ਚਲੇ ਗਏ। ਬਹੁਤਿਆਂ ਦੀਆਂ ਅੱਖਾਂ ਨਮ ਹੋ ਗਈਆਂ।

"ਸਾਡੇ ਪਿੰਡ ਵਿੱਚੋਂ ਦੋ ਸਾਧੂ ਫੜੇ ਗਏ। ਇਹ ਤਾਂ ਪਿੰਡ ਨੂੰ ਸਰਾਪ ਲੱਗ ਜਾਊਗਾ!" ਭੀੜ ਵਿੱਚੋਂ ਕਿਸੇ ਦੀ ਅਵਾਜ਼ ਆਈ। ਉਦੋਂ ਹੀ ਈਸ਼ਰ ਦੀ ਅਵਾਜ਼ ਦੂਰ ਦੂਰ ਤੱਕ ਗੂੰਜਣ ਲੱਗੀ–

ਸੁੱਤੇ ਪਏ ਕਾਸ ਨੂੰ ਉਘੇੜੋ ਅੱਖ ਨੂੰ।
ਗੋਰਿਆਂ ਨੇ ਚੂਸ ਲਿਆ ਸਾਡੀ ਰੱਤ ਨੂੰ।
ਗੋਰਿਆਂ ਨੂੰ ਖਾਣਾ ਅਸੀਂ ਪਾੜ ਪਾੜ ਜੀ।
ਧਾਰ ਲਓ ਇਰਾਦਾ ਝੰਡਾ ਦੇਣਾ ਚਾੜ੍ਹ ਜੀ।

ਅਜੀਬ ਮਹੌਲ ਬਣ ਗਿਆ। ਪਿੰਡ ਦੇ ਲੋਕ ਦੀ ਭੀੜ ਸੀ। ਪੁਲਸ ਚਾਰ ਚੁਫੇਰੇ ਨਜ਼ਰ ਆ ਰਹੀ ਸੀ। ਭਗਵੇਂ ਕੱਪੜਿਆਂ ਵਿੱਚ ਗ਼ਦਰ ਪਾਰਟੀ ਦੇ ਦੋ ਸੂਰਬੀਰ ਨਿਹੱਥੇ ਖਲੋਤੇ ਸਨ ਪਰ ਉਹ ਬੱਬਰ ਸ਼ੇਰ ਵਾਂਗ ਗਰਜ਼ ਰਹੇ ਸਨ।

"ਭਰਾਵੋਂ, ਮੈਨੂੰ ਤੁਹਾਡਾ ਪਤਾ ਨਹੀਂ ਸੀ।" ਥਾਣੇਦਾਰ ਹੱਥ ਬੰਨ੍ਹ ਕੇ ਗਦਰੀਆਂ ਵੱਲ ਵਧਿਆ। ਥਾਣੇਦਰ ਦੀ ਅਵਾਜ਼ ਕੰਬ ਰਹੀ ਸੀ, "ਮੈਨੂੰ ਪਤਾ ਲੱਗਾ ਸੀ ਕਿ ਇਸ ਇਲਾਕੇ ਵਿੱਚ ਦੋ ਖਤਰਨਾਕ ਡਾਕੂ ਸਾਧਾਂ ਦੇ ਭੇਸ ਵਿੱਚ ਤੁਰੇ ਫਿਰਦੇ ਐ। ਮੈਂ ਤਾਂ ਇਸ ਕਰਕੇ ਆ ਗਿਆ। ਜੇ ਮੈਨੂੰ ਪਤਾ ਹੁੰਦਾ ਕਿ ਉਹ ਤਾਂ ਗਦਰੀ ਦੇਸ਼ ਭਗਤ ਹਨ ਤਾਂ ਮੈਂ ਬਿਲਕੁਲ ਨਾ ਆਉਂਦਾ। ਹੁਣ ਮੈਨੂੰ ਆਪਣੀ ਡਿਊਟੀ ਭੁਗਤਾਉਣੀ ਪਏਗੀ। ਤੁਸੀਂ ਬੇਸ਼ੱਕ ਮੈਨੂੰ ਗੋਲੀ ਮਾਰ ਦਿਓ, ਪਰ ਮੈਂ ਤੁਹਾਨੂੰ ਗ੍ਰਿਫਤਾਰ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਕਰਾਂਗਾ। ਇਹ ਮੇਰਾ ਯਕੀਨ ਕਰੋ। ਤੁਸੀਂ ਮਹਾਨ ਹੋ। ਮੈਂ ਨਿਕੰਮਾ ਆਦਮੀ। ਮੈਂ ਦੇਸ਼ ਦੇ ਮਹਾਨ ਦੇਸ਼ ਭਗਤਾਂ ਨੂੰ ਗ੍ਰਿਫਤਾਰ ਕਰਨ ਆਇਆ ਹਾਂ। ਇਹ ਗੱਲ ਮੈਨੂੰ ਸਾਰੀ ਉਮਰ ਨਹੀਂ ਭੁੱਲਣੀ। ਮੈਨੂੰ ਮਾਫ ਕਰ ਦੇਣਾ।"

ਥਾਣੇਦਾਰ ਦੀਆਂ ਗੱਲਾਂ ਨਾਲ ਮਾਹੌਲ ਭਾਵੁਕ ਹੋ ਗਿਆ। ਲੋਕ ਸਾਧਾਂ ਦੇ ਦੁਆਲੇ ਹੋ ਗਏ। ਕਈ ਔਰਤਾਂ ਨੇ ਅੱਗੇ ਹੋ ਕੇ ਉਨ੍ਹਾਂ ਦੇ ਪੈਰੀਂ ਹੱਥ ਲਾ ਦਿੱਤੇ.

"ਬੀਬੀਓ, ਇਹ ਕੰਮ ਨਾ ਕਰੋ। ਸਾਡੇ ਪੈਰੀਂ ਹੱਥ ਨਾ ਲਾਓ!" ਉਤਮ ਸਿੰਘ ਨੇ ਕਿਹਾ।

"ਪਿੰਡ ਦੇ ਕਿਸੇ ਪਾਪੀ ਬੰਦੇ ਨੇ ਪੁਲਸ ਕੋਲ ਚੁਗਲੀ ਕੀਤੀ ਐ। ਉਸ ਪਾਪੀ ਦਾ ਅਗਲੇ ਜਹਾਨ ਵੀ ਭਲਾ ਨਹੀਂ ਹੋਣਾ। ਪਿੰਡ ਵਿੱਚੋਂ ਦੋ ਸਾਧ ਫੜੇ ਗਏ ਇਹ ਤਾਂ ਪਿੰਡ ਨੂੰ ਸੰਤਾਪ ਮਾਰੂੰਗਾ।" ਔਰਤਾਂ ਨੇ ਅੱਥਰੂ ਕੇਰਦਿਆਂ ਦਹਾਈ ਦਿੱਤੀ।

"ਨਾ ਬੀਬਾ ਮੰਦਾ ਬਚਨ ਨਾ ਬੋਲੋ। ਕਿਸੇ ਨੂੰ ਕੁਝ ਨਾ ਕਹੋ। ਅਸੀਂ ਤੁਹਾਡੇ ਪਿੰਡ ਵਿੱਚ ਬਹੁਤ ਦਿਨ ਰਹੇ। ਤੁਹਾਡਾ ਰੋਟੀ ਪਾਣੀ ਛਕਿਆ। ਸਾਰੇ ਪਿੰਡ ਦਾ ਧੰਨਵਾਦ। ਕੁਟੀਆ ਵਾਲੇ ਸਾਧੂ ਬਾਬੇ ਦਾ ਧੰਨਵਾਦ। ਉਹ ਪੂਜਣ ਯੋਗ ਬਾਬਾ। ਭਲਾ ਹੋਵੇ ਉਸ ਦਾ ਵੀ? " ਈਸ਼ਰ ਨੇ ਸਭ ਨੂੰ ਟਿਕਾਉਣ ਦਾ ਯਕਨ ਕੀਤਾ।

ਫਿਰ ਥਾਣੇਦਾਰ ਨੇ ਈਸ਼ਰ ਤੇ ਉਤਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਬਹੁਤੇ ਬੰਦਿਆਂ ਨੇ ਅੱਖਾਂ ਭਰ ਲਈਆਂ। ਔਰਤਾਂ ਤਾਂ ਉਚੀ ਉਚੀ ਰੋਣ ਲੱਗ ਪਈਆਂ। ਪੁਲਸ ਦੋਹਾਂ ਸਾਥੀਆਂ ਨੂੰ ਲੈ ਕੇ ਕੁਟੀਆ ਵਿੱਚ ਆ ਗਈ। ਸਾਧੂ ਬਾਬਾ ਗਦਰੀਆਂ ਵੱਲ ਵੇਖ ਕੇ ਉਚੀ ਉਚੀ ਧਾਹਾਂ ਮਾਰਨ ਲੱਗਾ ਪਿਆ। ਲੋਕਾਂ ਦੀ ਭੀੜ ਕੁਟੀਆ ਵਿੱਚ ਆ ਜੁੜੀ। ਲੋਕਾਂ ਤੋਂ ਸਾਧੂ ਬਾਬੇ ਦਾ ਇਹ ਹਾਲ ਵੇਖਿਆ ਨਾ ਗਿਆ। ਬਹੁਤਿਆਂ ਦੀਆਂ ਅੱਖਾਂ ਫੇਰ ਨਮ ਹੋ ਗਈਆਂ। ਥਾਣੇਦਾਰ ਨੇ ਬਹੁਤ ਹੀ ਨਿਮਰਤਾ ਨਾਲ ਈਸ਼ਰ ਨੂੰ ਕਿਹਾ, "ਤੁਹਾਡੇ ਕੋਲ ਕੋਈ ਹਥਿਆਰ ਵੀ ਹੈ? "

"ਹਥਿਆਰਾਂ ਤੋਂ ਬਿਨਾਂ ਸਾਡਾ ਕੀ ਕੰਮ? " ਈਸ਼ਰ ਨਿਧੜਕ ਹੋ ਕੇ ਬੋਲਿਆ। ਫਿਰ ਉਸ ਨੇ ਦੋ ਪਸਤੌਲ ਤੇ ਕੁਝ ਕਾਰਤੂਸ ਜੋ ਉਨ੍ਹਾਂ ਨੇ ਛੁਪਾ ਰੱਖੇ ਸਨ, ਕੱਢ ਕੇ

ਥਾਣੇਦਾਰ ਨੂੰ ਫੜਾ ਦਿੱਤੇ। ਫਿਰ ਈਸ਼ਰ ਤੇ ਉਤਮ ਸਿੰਘ ਸਾਧੂ ਬਾਬੇ ਵੱਲ ਵਧੇ। "ਬਾਬਾ ਜੀ, ਆਪਣੀ ਏਨੀ ਕੁ ਸਾਂਝ ਸੀ ਪਰ ਅਸੀਂ ਤੁਹਾਡਾ ਦੇਣ ਦੇ ਨਹੀਂ ਸਕਦੇ!"

ਬਾਬਾ ਇੱਕ ਵੀ ਸ਼ਬਦ ਨਾ ਬੋਲ ਸਕਿਆ ਤੇ ਉਹ ਉਚੀ ਉਚੀ ਫਿਰ ਧਾਹਾਂ ਮਾਰਨ ਲੱਗ ਪਿਆ। ਸਾਰਾ ਪਿੰਡ ਹੀ ਗਮਗੀਨ ਸੀ। ਇਨ੍ਹਾਂ ਦਿਲ ਚੀਰਵੇਂ ਪਲਾਂ ਵਿੱਚ ਪੁਲਸ ਦੋ ਗਦਰੀ ਸੂਰਬੀਰਾਂ ਨੂੰ ਗ੍ਰਿਫ਼ਤਾਰ ਕਰਕੇ ਲੈ ਤੁਰੀ। ਸਾਧੂ ਬਾਬਾ ਧੜੰਮ ਕਰਕੇ ਭੁੰਜੇ ਡਿੱਗ ਪਿਆ, ਜਿਵੇਂ ਉਸ ਉੱਤੇ ਕੁਟੀਆ ਦੀ ਛੱਤ ਡਿੱਗ ਪਈ ਹੋਵੇ।

## ਬਾਈ

ਸੱਜਣ ਸਿੰਘ ਆਪਣੇ ਘਰ ਦਲਾਨ ਵਿੱਚ ਮੰਜੀ ਉਤੇ ਬੈਠਾ ਸੀ। ਬੜਾ ਹੀ ਉਦਾਸ ਤੇ ਡੂੰਘੀਆਂ ਸੋਚਾਂ ਵਿੱਚ ਡੁੱਬਿਆ। ਕਦੇ ਕਦੇ ਉਹ ਬਾਹਰ ਵੱਲ ਵੇਖਣ ਲੱਗਦਾ, ਜਿਵੇਂ ਉਸ ਨੂੰ ਕੋਈ ਭੁਲੇਖਾ ਲੱਗਦਾ ਹੋਵੇ। ਕਈ ਦਿਨਾਂ ਤੋਂ ਉਹ ਕੁਝ ਜ਼ਿਆਦਾ ਹੀ ਗੁੰਮ ਸੁੰਮ ਜਿਹਾ ਰਹਿੰਦਾ ਹੈ। ਰੋਟੀ ਖਾਣ ਨੂੰ ਵੀ ਉਸ ਦਾ ਦਿਲ ਨਹੀਂ ਕਰਦਾ। ਆਥਣ ਸਵੇਰ ਉਹ ਥੋੜ੍ਹੀ ਬਹੁਤੀ ਰੋਟੀ ਤਾਂ ਖਾ ਲੈਂਦਾ ਹੈ, ਪਰ ਅੰਦਰੋਂ ਜਿਵੇਂ ਉਸ ਦੀ ਭੁੱਖ ਮਰ ਗਈ ਹੋਵੇ । ਪਰ ਉਹ ਘਰ ਦੇ ਅੰਦਰ ਸਬਾਤ ਵੱਲ ਝਾਤ ਮਾਰਦਾ ਹੈ। ਉਸ ਦੇ ਘਰੋਂ ਵੀ ਚੁੱਪਚਾਪ ਨੀਵੀਂ ਪਾਈ ਬੈਠੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹ ਰੋ ਰਹੀ ਹੋਵੇ। ਉਨ੍ਹਾਂ ਦੀ ਨੂੰਹ ਰਾਮ ਕੌਰ ਸਬਾਤ ਵਿੱਚ ਹੀ ਬੈਠੀ ਹੈ। ਸੱਜਣ ਸਿੰਘ ਉਨ੍ਹਾਂ ਦੋਹਾਂ ਦਾ ਦੁੱਖ ਸਮਝਦਾ ਹੈ। ਕਹਿੰਦੇ ਇੱਕ ਪੁੱਤਰ ਦੀ ਮਾਂ ਅੰਨ੍ਹੀ ਹੁੰਦੀ ਹੈ। ਜਿੰਨਾ ਚਿਰ ਮਾਂ ਆਪਣੇ ਪੁੱਤਰ ਨੂੰ ਵੇਖ ਨਹੀਂ ਲੈਂਦੀ ਓਨਾ ਚਿਰ ਉਸ ਨੂੰ ਰੋਟੀ ਨਹੀਂ ਚੰਗੀ ਲੱਗਦੀ ਤੇ ਸਾਡਾ ਇੱਕੋ ਇੱਕ ਪੁੱਤਰ ਬਾਹਰ ਤੁਰਿਆ ਫਿਰਦਾ ਹੈ। ਬੇਸ਼ੱਕ ਉਹ ਦੇਸ਼ ਦੀ ਅਜ਼ਾਦੀ ਲਈ ਕੰਮ ਕਰਦਾ ਹੈ ਤੇ ਪਰ ਮਾਂ ਪਿਓ ਦੀਆਂ ਨਜ਼ਰਾਂ ਤੋਂ ਤਾਂ ਉਹ ਹਮੇਸ਼ਾ ਦੂਰ ਰਹਿੰਦਾ ਹੈ। ਜਿਸ ਦਿਨ ਦਾ ਈਸ਼ਰ ਘਰੋਂ ਗਿਆ ਹੈ ਸਾਰੇ ਟੱਬਰ ਦਾ ਉਸੇ ਦਿਨ ਤੋਂ ਬਿਲਕੁਲ ਜੀਅ ਨਹੀਂ ਲੱਗਦਾ। ਸੱਜਣ ਸਿੰਘ ਨੂੰ ਯਾਦ ਆਇਆ ਕਿ ਉਹ ਵੱਡੀ ਰਾਤ ਘਰ ਆਇਆ ਸੀ ਤੇ ਤੜਕੇ ਨੂੰ ਪੁਲਸ ਘਰ ਆ ਗਈ। ਈਸ਼ਰ ਝੱਟ ਕੋਠੇ ਤੋਂ ਛਾਲ ਮਾਰ ਗਿਆ। ਮੁੜ ਕੇ ਉਹ ਘਰ ਨਹੀਂ ਆਇਆ।

ਫਿਰ ਉਸ ਦੀ ਨਿਗਾਹ ਆਪਣੀ ਨੂੰਹ ਵੱਲ ਚਲੀ ਗਈ। ਇਸ ਘਰ ਵਿੱਚ ਰਾਮ ਕੌਰ ਨੇ ਕੋਈ ਸੁੱਖ ਨਹੀਂ ਵੇਖਿਆ। ਈਸ਼ਰ ਤਾਂ ਕਦੇ ਹਨੇਰੇ ਸਵੇਰੇ ਘਰ ਆਉਂਦਾ ਹੈ। ਇਹ ਘਰ ਕਾਹਦਾ ਆਉਣ ਹੋਇਆ ਪਰ ਧੰਨ ਹੈ ਇਸ ਲੜਕੀ ਦੇ ਜਿਸ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਕਿਸੇ ਚੰਗੇ ਘਰਾਣੇ ਦੀ ਧੀ ਹੈ। ਜੇ ਇਹ ਨਾ ਹੁੰਦੀ ਤਾਂ ਸਾਡੀ ਕਾਹਦੀ ਜੂਨ ਸੀ। ਸਾਨੂੰ ਰੋਟੀ ਕਿਸ ਨੇ ਦੇਣੀ ਸੀ। ਭਲਾ ਹੋਵੇ ਵਿਚਾਰੀ ਦਾ। ਇਹਦੇ ਆਸਰੇ ਨਾਲ ਸਾਡੇ ਦਿਨ ਪੂਰੇ ਹੋ ਰਹੇ ਐ। ਏਨੇ ਨੂੰ ਪਿੰਡ ਦਾ ਲੰਬੜਦਾਰ ਤੇ ਇੱਕ ਸਿਪਾਹੀ ਬਾਰ ਵਿੱਚ ਆ ਖਲੋਤੇ।

"ਸੱਜਣ ਸਿੰਹਾਂ ਘਰ ਈ ਬੈਠਾਂ?" ਲੰਬੜਦਾਰ ਬੋਲਿਆ।

"ਹਾਂ ਬਈ ਲੰਬੜਦਾਰ ਆ ਜਾਹ!" ਸੱਜਣ ਸਿੰਘ ਦੋਹਾਂ ਨੂੰ ਵੇਖ ਕੇ ਇਕਦਮ ਕੁਝ ਘਬਰਾ ਗਿਆ।

"ਸੱਜਣ ਸਿੰਹਾਂ ਇਹ ਸਿਪਾਹੀ ਮੋਗੇ ਤੋਂ ਆਇਆ ਤੇ ਇਹ ਈਸ਼ਰ ਬਾਰੇ ਕੋਈ ਗੱਲਬਾਤ ਕਰਨ ਆਇਆ? " ਲੰਬੜਦਾਰ ਬੋਲਿਆ, "ਦੱਸੋ ਜੀ !" ਸੱਜਣ ਸਿੰਘ ਉਠ ਕੇ ਖਲੋ ਗਿਆ।

"ਬਾਬਾ ਈਸ਼ਰ ਸਿੰਘ ਤੁਹਾਡਾ ਲੜਕਾ ਏ? " ਸਿਪਾਹੀ ਰੁੱਖਾ ਜਿਹਾ ਬੋਲਿਆ।

"ਹਾਂ ਜੀ!"

"ਉਸ ਨੂੰ ਬਾਬਾ ਪੂਰਨ ਸਿਘ ਵੀ ਕਹਿੰਦੇ ਐ? "

"ਹਾਂ ਜੀ ਕਹਿੰਦੇ ਐ!" ਸੱਜਣ ਸਿੰਘ ਦੀ ਘਬਰਾਹਟ ਵਧ ਰਹੀ ਸੀ।

ਰਾਮ ਕੌਰ ਤੇ ਈਸ਼ਰ ਦੀ ਮਾਂ ਵੀ ਉਨ੍ਹਾਂ ਕੋਲ ਆ ਕੇ ਖਲੋ ਗਈਆਂ। ਰਾਮ ਕੌਰ ਤਾਂ ਭੈਭੀਤ ਖਲੋਤੀ ਸੀ। ਇਹ ਸਿਪਾਹੀ ਭਲਾ ਕਿਓਂ ਆਇਆ ਹੈ। ਫਿਰ ਇਸ ਦੇ ਨਾਲ ਪਿੰਡ ਦਾ ਬੰਦਾ ਵੀ ਹੈ। ਸਿਪਾਹੀ ਦੇ ਹੱਥਾਂ ਵਿੱਚ ਕੁਝ ਕਾਗਜ਼ ਫੜੇ ਹੋਏ ਸਨ। ਸਿਪਾਹੀ ਕਹਿਣ ਲੱਗਾ, "ਬਾਬਾ ਤੇਰੇ ਲੜਕੇ ਈਸ਼ਰ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ।"

"ਗ੍ਰਿਫਤਾਰ ਕਰ ਲਿਆ!" ਸੱਜਣ ਸਿੰਘ ਉਤੇ ਜਿਵੇਂ ਬਿਜਲੀ ਡਿੱਗ ਪਈ।

"ਮੇਰੇ ਪੁੱਤ ਨੂੰ ਫੜ ਲਿਆ? " ਈਸ਼ਰ ਦੀ ਮਾਂ ਡੌਰ ਭੌਰ ਹੋ ਗਈ। ਉਸ ਦਾ ਸਰੀਰ ਕੰਬਣ ਲੱਗਾ। ਰਾਮ ਕੌਰ ਸਿਪਾਹੀ ਦੀ ਗੱਲ ਸੁਣ ਕੇ ਹੱਕੀ ਬੱਕੀ ਰਹਿ ਗਈ। ਉਸ ਦਾ ਦਿਲ ਜ਼ੋਰ ਨਾਲ ਧੜਕਣ ਲੱਗਾ। ਉਹ ਸਿਪਾਹੀ ਵੱਲ ਡੂੰਘਾ ਡੂੰਘਾ ਵੇਖਣ ਲੱਗੀ। ਇਹ ਕੀ ਕਹਿ ਗਿਆ। ਈਸ਼ਰ ਨੂੰ ਪੁਲਸ ਨੇ ਫੜ ਲਿਆ। ਉਸ ਨੂੰ ਕਿੱਥੋਂ ਫੜ ਲਿਆ, ਕਿਵੇਂ ਪੁਲਸ ਉਸ ਨੂੰ ਫੜ ਕੇ ਲੈ ਗਈ? ਉਸ ਨੂੰ ਜ਼ਰੂਰ ਕੁੱਟਿਆ ਹੋਵੇਗਾ। ਰਾਮ ਕੌਰ ਨੂੰ ਚੱਕਰ ਆ ਗਿਆ। ਉਹ ਭੁੰਜੇ ਬੈਠ ਗਈ। ਈਸ਼ਰ ਦੀ ਮਾਂ ਨੇ ਉਸ ਨੂੰ ਬੈਠ ਕੇ ਸੰਭਾਲਿਆ। ਮਾਂ ਨੂੰ ਆਪਣਾ ਆਪ ਭੁੱਲ ਗਿਆ। ਉਸ ਨੂੰ ਨੂੰਹ ਦੀ ਪੈ ਗਈ। ਨੂੰਹ ਨੂੰ ਤਾਂ ਬਾਲ ਬੱਚਾ ਹੋਣ ਵਾਲਾ ਹੈ। ਪ੍ਰਮਾਤਮਾ ਨੇ ਇਸ ਘਰ ਦੀ ਮਸਾਂ ਸੁਣੀ ਹੈ।

"ਰਾਮ ਕੌਰ ਨੂੰ ਪਾਣੀ ਪਿਲਾ!" ਸੱਜਣ ਸਿੰਘ ਆਪ ਗੇੜਾ ਖਾ ਕੇ ਡਿੱਗਣ ਵਾਲਾ ਹੋ ਗਿਆ। ਲੰਬੜਦਾਰ ਤੇ ਸਿਪਾਹੀ ਨੂੰ ਵੇਖ ਕੇ ਆਂਢ ਗਵਾਂਢ ਦੇ ਕਈ ਬੰਦੇ ਆ ਗਏ। ਕਈ ਔਰਤਾਂ ਵੀ ਅੰਦਰ ਆ ਗਈਆਂ। ਕਿਸੇ ਨੇ ਰਾਮ ਕੌਰ ਨੂੰ ਫੜ ਲਿਆ ਤੇ ਕਈ ਔਰਤਾਂ ਨੇ ਈਸ਼ਰ ਦੀ ਮਾਂ ਨੂੰ ਫੜ ਕੇ ਬਿਠਾ ਲਿਆ। ਕਈ ਅੰਦਰੋਂ ਪਾਣੀ ਦੇ ਗਿਲਾਸ ਲੈ ਆਈਆਂ ਤੇ ਉਨ੍ਹਾਂ ਨੂੰ ਝੱਟ ਨੂੰਹ ਸੱਸ ਦੇ ਮੂੰਹ ਨੂੰ ਪਾਣੀ ਲਾਇਆ।

"ਵੇ ਪਿੰਡਾ ਮੇਰੇ ਪੁੱਤ ਨੂੰ ਪੁਲਸ ਫੜ ਕੇ ਲੈ ਗਈ। ਵੇ ਲੋਕੋ ਮੇਰਾ ਪੁੱਤ ਕਿਥੇ ਐ। ਮੈਨੂੰ ਇੱਕ ਵਾਰ ਮੇਰੇ ਪੁੱਤ ਨੂੰ ਵੇਖ ਲੈਣ ਦਿਓ।" ਮਾਂ ਨੇ ਉਚੀ ਉਚੀ ਬੋਲਣਾ ਸ਼ੁਰੂ ਕਰ ਦਿੱਤਾ। ਵੇਖਦਿਆਂ ਵੇਖਦਿਆਂ ਸੱਜਣ ਸਿਘ ਦਾ ਘਰ ਆਦਮੀ ਤੇ ਔਰਤਾਂ ਨਾਲ ਭਰ ਗਿਆ।

"ਈਸ਼ਰ ਨੂੰ ਕਿਹੜੇ ਦਿਨ ਫੜਿਆ ਜੀ? " ਭੀੜ ਵਿੱਚੋਂ ਕਿਸੇ ਨੇ ਸਿਪਾਹੀ ਨੂੰ

ਪੁੱਛਿਆ।

"ਬਹੁਤ ਦਿਨ ਹੋ ਗਏ!" ਸਿਪਾਹੀ ਵੀ ਇਕੱਠ ਵੇਖ ਕੇ ਡੌਰ ਭੌਰ ਹੋ ਗਿਆ।

"ਹੁਣ ਉਹ ਕਿਥੇ ਐ? " ਸੱਜਣ ਸਿੰਘ ਕੰਬਦੀ ਅਵਾਜ਼ ਵਿੱਚ ਬੋਲਿਆ।

"ਹੁਣ ਤਾਂ ਬਾਬਾ ਜੀ ਈਸ਼ਰ ਸਿੰਘ ਲਹੌਰ ਐ!" ਸਿਪਾਹੀ ਨੇ ਦੱਸਿਆ।

"ਲਹੌਰ!" ਰਾਮ ਕੌਰ ਏਨਾ ਆਖ ਕੇ ਰੋਣ ਲੱਗ ਪਈ। ਉਸ ਦੀਆਂ ਅੱਖਾਂ ਸਾਹਮਣੇ ਈਸਰ ਦੀ ਤਸਵੀਰ ਘੁੰਮਣ ਲੱਗੀ। ਉਸ ਦੇ ਸਾਹਮਣੇ ਤਾਂ ਈਸ਼ਰ ਨੂੰ ਹੱਥਕੜੀ ਲਾ ਕੇ ਪੁਲਸ ਵਾਲੇ ਜਿਵੇਂ ਲੈ ਕੇ ਜਾ ਰਹੇ ਸਨ।

ਸਾਰੇ ਘਰ ਵਿੱਚ ਇੱਕ ਕੁਹਰਾਮ ਮੱਚ ਗਿਆ। ਫਿਰ ਸਿਪਾਹੀ ਨੇ ਇੱਕ ਕਾਗਜ਼ ਉਤੇ ਸੱਜਣ ਸਿੰਘ ਦਾ ਅੰਗੂਠਾ ਲਵਾਇਆ। ਲੰਬੜਦਾਰ ਨੇ ਵੀ ਉਸ ਕਾਗਜ਼ ਉਤੇ ਅੰਗੂਠਾ ਲਾ ਦਿੱਤਾ। ਸਿਪਾਹੀ ਚਲਾ ਗਿਆ ਪਰ ਲੰਬੜਦਾਰ ਖਲੋਤਾ ਰਿਹਾ। ਈਸ਼ਰ ਦੀ ਘਰ ਵਾਲੀ ਤੇ ਉਸ ਦੀ ਮਾਂ ਹੁਣ ਹੋਰ ਵੀ ਉਚੀ ਉਚੀ ਰੋਣ ਲੱਗ ਪਈਆਂ।

ਫਿਰ ਲੰਬੜਦਾਰ ਕਹਿਣ ਲੱਗਾ, "ਸਿਪਾਹੀ ਸਾਰਾ ਕੁਝ ਦੱਸ ਗਿਆ ਕਿ ਈਸ਼ਰ ਨੂੰ ਫਰੀਦਕੋਟ ਰਿਆਸਤ ਦੀ ਪੁਲਸ ਨੇ ਇੱਕ ਪਿੰਡ ਵਿੱਚੋਂ ਗ੍ਰਿਫਤਾਰ ਕੀਤਾ ਸੀ। ਨਾਲ ਉਸ ਦਾ ਸਾਥੀ ਉਤਮ ਸਿੰਘ ਵੀ ਸੀ। ਉਹ ਵੀ ਅੱਜ ਫੜ ਲਿਆ।" ਸਾਰੇ ਜਣੇ ਲੰਬੜਦਾਰ ਦੀ ਗੱਲ ਧਿਆਨ ਨਾਲ ਸੁਣ ਰਹੇ ਸਨ। ਲੰਬੜਦਾਰ ਗੱਲ ਕਰਦਾ ਗਿਆ, "ਉਧਰੋਂ ਫੜ ਕੇ ਦੋਵਾਂ ਨੂੰ ਪਹਿਲਾਂ ਲੁਧਿਆਣੇ ਲੈ ਕੇ ਗਏ ਸੀ। ਹੁਣ ਕਹਿੰਦੇ ਦੋਹਾਂ ਨੂੰ ਲਹੌਰ ਭੇਜ ਦਿੱਤਾ!"

"ਮੈਂ ਤਾਂ ਅੱਜ ਤੱਕ ਕਦੇ ਲਹੌਰ ਨੀਂ ਗਿਆ!" ਸੱਜਣ ਸਿੰਘ ਬੋਲਿਆ।

"ਭਾਈ ਮਾੜੇ ਦਿਨ ਨਾ ਕਿਸੇ ਉਤੇ ਆਉਣ !" ਭੀੜ ਵਿੱਚੋਂ ਕੋਈ ਅਵਾਜ਼ ਆਈ।

"ਆਪਣੇ ਤਾਂ ਹੁਣ ਪਿੰਡ ਉਤੇ ਹੀ ਭਾਰੀ ਐ। ਪਿੰਡ ਦੇ ਕਿੰਨੇ ਬੰਦੇ ਪੁਲਸ ਫੜ ਕੇ ਲੈ ਗਈ!" ਇੱਕ ਹੋਰ ਅਵਾਜ਼ ਆਈ।

ਸੱਚਮੁੱਚ ਪਿੰਡ ਢੁੱਡੀਕੇ ਉਤੇ ਭਾਰੀ ਸੀ। ਢੁੱਡੀਕੇ ਤਾਂ ਪੰਜਾਬ ਵਿੱਚ ਗਦਰ ਪਾਰਟੀ ਦਾ ਸਬ ਸੈਂਟਰ ਸੀ। ਪਿੰਡ ਵਿੱਚ ਪਾਰਟੀ ਦੇ ਬਾਰਾਂ ਬੰਦੇ। ਇਹ ਕੋਈ ਛੋਟੀ ਗੱਲ ਨਹੀਂ। ਇਹ ਪਿੰਡ ਤਾਂ ਅੰਗਰੇਜ਼ ਸਰਕਾਰ ਦੀਆਂ ਅੱਖਾਂ ਵਿੱਚ ਰੜਕਦਾ ਸੀ। ਪੂਰਾ ਖਤਰਨਾਕ ਪਿੰਡ ਪਰ ਇਲਾਕੇ ਭਰ ਵਿੱਚ ਦੇਸ਼ ਭਗਤੀ ਦੇ ਜਜ਼ਬੇ ਵਾਲੇ ਬੰਦੇ ਪਿੰਡ ਨੂੰ ਸਤਿਕਾਰ ਦੀ ਭਾਵਨਾ ਨਾਲ ਵੇਖਦੇ ਸਨ। ਧੰਨ ਹੈ ਇਹ ਪਿੰਡ ਜਿਸ ਨੇ ਇੱਕ ਦਰਜਨ ਗਦਰੀ ਯੋਧੇ ਪੈਦਾ ਕੀਤੇ। ਇਸੇ ਕਰਕੇ ਅੰਗਰੇਜ਼ ਸਰਕਾਰ ਪਿੰਡ ਨੂੰ ਖਤਰਨਾਕ ਸਮਝ ਕੇ ਇਸ ਉਤੇ ਸਖਤ ਨਿਗਰਾਨੀ ਰੱਖ ਰਹੀ ਸੀ। ਖੁਫੀਆ ਪੁਲਸ ਏਥੇ ਵਿਸ਼ੇਸ਼ ਚੱਕਰ ਮਾਰਦੀ। ਸਭ ਤੋਂ ਪਹਿਲਾਂ ਰੂੜ ਸਿੰਘ (ਤਲਵੰਡੀ ਦੁਸਾਂਝ) ਨੂੰ ਪੁਲਸ ਨੇ ਗ੍ਰਿਫਤਾਰ ਕੀਤਾ। ਫਿਰ ਪਾਖਰ ਸਿੰਘ ਨੂੰ ਫੜ ਲਿਆ ਗਿਆ। ਬਚਨ

ਸਿੰਘ ਗ੍ਰਿਫਤਾਰ ਕਰ ਲਿਆ। ਫਿਰ ਤਾਂ ਸਾਰੇ ਹੀ ਪਿੰਡ ਦੇ ਗਦਰੀ ਫੜ ਲਏ ਤੇ ਹੁਣ ਈਸ਼ਰ ਨੂੰ ਗ੍ਰਿਫਤਾਰ ਕਰਕੇ ਲਹੌਰ ਸੈਂਟਰਲ ਜੇਲ੍ਹ ਵਿੱਚ ਬੰਦ ਕਰ ਦਿੱਤਾ।

"ਹੁਣ ਕੀ ਕਰਾਂਗੇ? " ਸੱਜਣ ਸਿੰਘ ਬੇਵਸੀ ਵਿੱਚ ਬੋਲਿਆ। ਉਸ ਨੂੰ ਕੁਝ ਸਮਝ ਨਹੀਂ ਸੀ ਪੈ ਰਹੀ ਕਿ ਅਸੀਂ ਕਿੱਥੇ ਜਾਵਾਂਗੇ! ਕਿਸ ਨੂੰ ਮਿਲਾਂਗੇ ! ਈਸ਼ਰ ਨੂੰ ਕਿਵੇਂ ਮਿਲਿਆ ਜਾਵੇਗਾ।

ਫਿਰ ਇੱਕ ਬਜ਼ੁਰਗ ਕਹਿਣ ਲੱਗਾ, "ਸੱਜਣ ਸਿੰਹਾਂ ਘਬਰਾ ਨਾ। ਸਰਕਾਰ ਅੱਗੇ ਕਿਸੇ ਦਾ ਕੋਈ ਜ਼ੋਰ ਤਾਂ ਚੱਲਦਾ ਨਹੀਂ। ਜੋ ਹੋਣਾ ਸੀ ਹੋ ਗਿਆ। ਹੁਣ ਆਪਾਂ ਵੇਖਾਂਗੇ ਕਿ ਆਪਾਂ ਕੀ ਕਰਨਾ ਹੈ। ਪਿੰਡ ਤੇਰੇ ਨਾਲ ਹੈ। ਦਿਲ ਨਾ ਛੱਡ। ਤੇਰਾ ਪੁੱਤ ਕੋਈ ਬਦਨਾਮੀ ਖੱਟ ਕੇ ਜੇਲ੍ਹ ਨਹੀਂ ਗਿਆ। ਤੇਰੀ ਪੱਗ ਨੂੰ ਉਸ ਨੇ ਕੋਈ ਦਾਗ ਨਹੀਂ ਲੱਗਣ ਦਿੱਤਾ। ਉਹ ਤਾਂ ਲੋਕਾਂ ਦੀ ਖਾਤਰ ਬਾਹਰ ਅੰਦਰ ਤੁਰਿਆ ਫਿਰਦਾ ਸੀ। ਜਿੱਥੇ ਸਾਡੀ ਲੋੜ ਪਈ ਅਸੀਂ ਤੇਰੇ ਨਾਲ ਜਾਵਾਂਗੇ। ਵਕੀਲ ਕਰਨਾ ਪਿਆ ਤਾਂ ਵਕੀਲ ਕਰਾਂਗੇ। ਘਬਰਾ ਨਾ!" ਪਿੰਡ ਦੇ ਬਜ਼ੁਰਗ ਨੂੰ ਯਾਦ ਆਇਆ ਕਿ ਈਸ਼ਰ ਦੀ ਉਸ ਦੇ ਪੁੱਤਰ ਨਾਲ ਬਹੁਤ ਦੋਸਤੀ ਸੀ। ਇੱਕ ਵਾਰ ਪਲੇਗ ਦੀ ਬਿਮਾਰੀ ਪੈ ਗਈ ਤੇ ਲੋਕ ਦਿਨ ਰਾਤ ਇਸ ਬਿਮਾਰੀ ਨਾਲ ਤੜਪ ਤੜਪ ਕੇ ਮਰਨ ਲੱਗੇ। ਪਿੰਡ ਵਿੱਚ ਇੱਕੋ ਦਿਨ ਹੀ ਕਈ ਕਈ ਮੌਤਾਂ ਹੋਣ ਲੱਗ ਪਈਆਂ। ਲੋਕ ਮਿਲਣ ਗਿਲਣ ਤੋਂ ਭੱਜਣ ਲੱਗੇ। ਸਾਕ ਸਕੀਰੀਆਂ ਵਿੱਚ ਜਾਣੋ ਹਟ ਗਏ। ਪੰਜਾਬ ਵਿੱਚ ਪਲੇਗ ਦੀ ਬਿਮਾਰੀ ਨੇ ਭਿਆਨਕ ਰੂਪ ਧਾਰ ਲਿਆ। ਕਈ ਵਾਰ ਪਿੰਡ ਵਿੱਚ ਇੱਕ ਬੰਦੇ ਦਾ ਸੰਸਕਾਰ ਕੀਤਾ ਹੀ ਸੀ ਕਿ ਉਦੋਂ ਹੀ ਕਿਸੇ ਹੋਰ ਦੀ ਮੌਤ ਹੋ ਜਾਂਦੀ। ਲੋਕ ਆਪਣੇ ਘਰ ਛੱਡ ਛੱਡ ਕੇ ਭੱਜਣ ਲੱਗੇ। ਬਿਮਾਰੀ ਦਾ ਕਿੱਧਰੇ ਵੀ ਕੋਈ ਇਲਾਜ ਨਹੀਂ ਸੀ ਹੋ ਰਿਹਾ। ਲੋਕ ਤਾਂ ਪਲੇਗ ਦੇ ਨਾਂ ਤੋਂ ਹੀ ਡਰਨ ਲੱਗ ਪਏ।

ਉਨ੍ਹਾਂ ਦਿਨਾਂ ਵਿੱਚ ਈਸ਼ਰ ਦਾ ਇੱਕ ਖਾਸ ਜਿਗਰੀ ਦੋਸਤ ਬਿਮਾਰ ਹੋ ਗਿਆ। ਉਸ ਲੜਕੇ ਦੇ ਘਰ ਵਾਲੇ ਡਰ ਕੇ ਖੇਤ ਜਾ ਕੇ ਰਹਿਣ ਲੱਗ ਪਏ। ਘਰ ਵਿੱਚ ਬਿਮਾਰ ਲੜਕੇ ਨੂੰ ਕੋਈ ਨਾ ਸੰਭਾਲੇ। ਇਸ ਦੁਖਦਾਈ ਤੇ ਮਾੜੀ ਘੜੀ ਵਿੱਚ ਈਸ਼ਰ ਆਪਣੇ ਦੋਸਤ ਦੇ ਘਰ ਗਿਆ।

"ਮੇਰੇ ਦੋਸਤਾਂ ਦਿਲ ਨਾ ਛੱਡੀਂ। ਮੈਂ ਤੈਨੂੰ ਛੱਡ ਕੇ ਨਹੀਂ ਜਾਵਾਂਗਾ। ਦਿਨ ਰਾਤ ਤੇਰੇ ਕੋਲ ਰਹਾਂਗਾ। ਤੇਰੀ ਸੇਵਾ ਕਰਾਂਗਾ। ਤੈਨੂੰ ਦਵਾਈ ਲਿਆ ਕੇ ਦਿਆਂਗਾ। ਹੌਂਸਲਾ ਰੱਖ। ਤੈਨੂੰ ਮਰਨ ਨਹੀਂ ਦਿਆਂਗਾ।" ਈਸ਼ਰ ਦਿਨ ਰਾਤ ਆਪਣੇ ਦੋਸਤ ਦੇ ਘਰ ਰਿਹਾ। ਬਹੁਤ ਦਿਨ ਉਸ ਦੀ ਸੇਵਾ ਸੰਭਾਲ ਕੀਤੀ ਤੇ ਉਹ ਦੋਸਤ ਬਚ ਗਿਆ। ਉਸ ਨੂੰ ਜ਼ਿੰਦਗੀ ਦੁਬਾਰਾ ਮਿਲ ਗਈ। ਅਹਿਸਾਨਮੰਦ ਆਦਮੀ ਕਿਸੇ ਦਾ ਅਹਿਸਾਨ ਨਹੀਂ ਭੁਲਦੇ। ਉਸ ਲੜਕੇ ਦੇ ਬਾਪ ਨੇ ਹੌਂਸਲੇ ਨਾਲ ਕਿਹਾ, "ਘਬਰਾਓ ਨਾ। ਦਿਲ ਰੱਖੋ।" ਇਹ ਸ਼ਬਦ ਸੱਜਣ ਸਿੰਘ ਦੇ ਤਪਦੇ ਹੋਏ ਦਿਲ ਉਤੇ ਜਿਵੇਂ ਮੱਲ੍ਹਮ ਲਾ ਰਹੇ ਸਨ।

# ਤੇਈ

ਸੱਜਣ ਸਿੰਘ ਤੇ ਉਸ ਦੇ ਘਰੋਂ ਮਾਤਾ ਧਰਮ ਕੌਰ ਆਪਣੇ ਪੁੱਤਰ ਈਸ਼ਰ ਸਿੰਘ ਨਾਲ ਮੁਲਾਕਾਤ ਕਰਨ ਲਈ ਲਹੌਰ ਆ ਗਏ। ਉਨ੍ਹਾਂ ਦੇ ਨਾਲ ਦਸੌਂਧਾ ਸਿੰਘ, ਚੰਨਣ ਸਿੰਘ ਤੇ ਤਾਰੂ ਖੱਡੀ ਵਾਲਾ ਵੀ ਆਏ ਸਨ। ਦੋ ਦਿਨ ਤਾਂ ਉਹ ਪਿੰਡ ਸਲਾਹਾਂ ਹੀ ਕਰਦੇ ਰਹੇ ਕਿ ਕਿਵੇਂ ਜਾਈਏ। ਉਥੇ ਕਿਸ ਨੂੰ ਮਿਲੀਏ। ਸੱਜਣ ਸਿੰਘ ਕਦੇ ਲਾਹੌਰ ਨਹੀਂ ਸੀ ਗਿਆ। ਜਿਸ ਕਰਕੇ ਉਹ ਜ਼ਿਆਦਾ ਘਬਰਾਇਆ ਹੋਇਆ ਸੀ। ਇਸੇ ਕਰਕੇ ਪਿੰਡ ਦੇ ਬੰਦੇ ਉਨ੍ਹਾਂ ਨਾਲ ਆ ਗਏ। ਲਹੌਰ ਰੇਲਵੇ ਸਟੇਸ਼ਨ ਉਤੇ ਆ ਕੇ ਸਾਰੇ ਹੈਰਾਨ ਰਹਿ ਗਏ। ਏਡਾ ਵੱਡਾ ਰੇਲਵੇ ਸਟੇਸ਼ਨ ਜਿਵੇਂ ਕਿਸੇ ਰਾਜ ਦਾ ਮਹਿਲ ਹੋਵੇ। ਗੇਰੂਏ ਰੰਗਾ ਸਟੇਸ਼ਨ ਉਹ ਕਿੰਨਾ ਹੀ ਚਿਰ ਵੇਖਦੇ ਰਹੇ। ਫਿਰ ਉਹ ਬਾਹਰ ਆਏ। ਸਟੇਸ਼ਨ ਦੇ ਬਾਹਰ ਬਹੁਤ ਖੁੱਲ੍ਹੀ ਜਗ੍ਹਾ ਸੀ ਜਿੱਥੇ ਬਹੁਤ ਸਾਰੇ ਟਾਂਗੇ ਖਲੋਤੇ ਸਨ। ਗਰਮੀ ਦਾ ਵੀ ਪੂਰਾ ਜ਼ੋਰ ਸੀ. ਕਿਸੇ ਪਾਸਿਓਂ ਵੀ ਹਵਾ ਨਹੀਂ ਸੀ ਆ ਰਹੀ। ਟਾਂਗਿਆਂ ਵਾਲੇ ਅਵਾਜ਼ਾਂ ਮਾਰ ਰਹੇ ਸਨ। ਤਾਰੂ ਖੱਡੀ ਵਾਲੇ ਨੇ ਇੱਕ ਟਾਂਗੇ ਵਾਲੇ ਭਾਈ ਨਾਲ ਗੱਲ ਕੀਤੀ ਕਿ ਅਸੀਂ ਸੈਂਟਰਲ ਜੇਲ੍ਹ ਵਿੱਚ ਮੁਲਾਕਾਤ ਲਈ ਜਾਣਾ ਹੈ। ਟਾਂਗੇ ਵਾਲਾ ਭਾਈ ਝੱਟ ਟਾਂਗੇ ਵਿੱਚੋਂ ਉਤਰਿਆ ਤੇ ਸਵਾਰੀਆਂ ਬਿਠਾ ਕੇ ਸ਼ਹਿਰ ਵੱਲ ਚੱਲ ਪਿਆ।

ਸਾਰੇ ਜਣੇ ਆਸੇ ਪਾਸੇ ਬੜੀ ਉਤਸੁਕਤਾ ਨਾਲ ਵੇਖ ਰਹੇ ਸਨ। ਸੱਜਣ ਸਿੰਘ ਦੇ ਸਾਹਮਣੇ ਉਸ ਦੇ ਪੁੱਤਰ ਈਸ਼ਰ ਸਿੰਘ ਦੀ ਤਸਵੀਰ ਘੁੰਮ ਰਹੀ ਸੀ। ਉਸ ਨੂੰ ਕਈ ਦਿਨ ਹੋਏ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ। ਕਿੰਨੇ ਦਿਨਾਂ ਬਾਅਦ ਉਸ ਨਾਲ ਅੱਜ ਮੁਲਾਕਾਤ ਹੋਵੇਗੀ। ਪੁਲਸ ਨੇ ਖਵਰੇ ਕੁੱਟਿਆ ਵੀ ਹੋਵੇ। ਕਹਿੰਦੇ ਪੁਲਸ ਦੀ ਕੁੱਟ ਬਹੁਤ ਬੁਰੀ ਹੁੰਦੀ ਹੈ। ਬੰਦਾ ਕੋਈ ਕੰਮ ਕਰਨ ਜੋਗਾ ਨਹੀਂ ਰਹਿੰਦਾ। ਈਸ਼ਰ ਦੇ ਮਗਰ ਤਾਂ ਪੁਲਸ ਕਦੋਂ ਦੀ ਲੱਗੀ ਹੋਈ ਸੀ। ਤੀਜੇ ਚੌਥੇ ਦਿਨ ਪੁਲਸ ਵਾਲੇ ਘਰ ਆਏ ਰਹਿੰਦੇ। ਹੁਣ ਤਾਂ ਪਿੰਡ ਦੇ ਸਾਰੇ ਬੰਦੇ ਪੁਲਸ ਫੜ ਕੇ ਲੈ ਗਈ। ਪਿੰਡ ਵਿੱਚ ਤਾਂ ਹਨੇਰ ਪੈ ਗਿਆ। ਇੱਕੋ ਪਿੰਡ ਵਿੱਚ ਕਿੰਨੇ ਬੰਦੇ ਫੜੇ ਗਏ। ਪਤਾ ਨਹੀਂ ਕੀ ਬਣੂੰਗਾ। ਮੇਰੇ ਘਰ ਦਾ ਤਾਂ ਬੁਰਾ ਹਾਲ ਹੋ ਗਿਆ? ਇੱਕ ਪੁੱਤ ਤੇ ਉਹ ਵੀ ਜੇਲ੍ਹ ਵਿੱਚ ਬੈਠਾ। ਅਸੀਂ ਬੁੱਢੇ ਵਾਰੇ ਉਸ ਦੇ ਪਿੱਛੇ ਹੁਣ ਧੱਕੇ ਖਾਂਦੇ ਫਿਰਾਂਗੇ। ਨੂੰਹ ਵਿਚਾਰੀ ਘਰ ਵਿੱਚ ਇਕੱਲੀ ਬੈਠੀ ਐ। ਸਾਰਾ ਟੱਬਰ ਖੇਰੂੰ ਖੇਰੂੰ ਹੋ ਗਿਆ। ਸੱਜਣ ਸਿਘ ਡੂੰਘੇ ਗਮ ਵਿੱਚ ਉਤਰਿਆ ਹੋਇਆ ਸੀ ਉਸ ਦੇ ਚਿਹਰੇ ਉਤੇ ਨਿਰਾਸ਼ਾ ਫੈਲੀ ਹੋਈ ਸੀ। ਅਜਿਹੀ ਨਿਰਾਸ਼ਤਾ ਹੁਣ ਪੰਜਾਬ ਦੇ ਆਮ ਲੋਕਾਂ ਵਿੱਚ ਛਾਈ ਹੋਈ ਸੀ। ਗਦਰੀਆਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਸਨ। ਪੁਲਸ ਪਿੰਡਾਂ ਵਿੱਚ ਹਰਲ ਹਰਲ ਕਰਦੀ ਫਿਰਦੀ ਸੀ। ਦੁੱਖ ਦੀ ਗੱਲ ਇਹ ਸੀ ਕਿ ਸਫੈਦ ਪੋਸ਼, ਜ਼ੈਲਦਾਰ ਤੇ ਬਹੁਤੇ ਲੰਬੜਦਾਰ ਅੰਗਰੇਜ਼ਾਂ ਦੀ ਮਦਦ ਕਰਦੇ ਸਨ। ਜੇ ਕੋਈ ਗਦਰੀ ਫੜਿਆ ਜਾਂਦਾ ਸੀ ਤਾਂ ਉਸ ਦੇ ਪਰਵਾਰ ਉਤੇ ਬਿਪਤਾ ਦੇ ਪਹਾੜ ਆ ਡਿੱਗਦੇ ਸਨ ਕਿਉਂਕਿ ਸਰਕਾਰੇ ਦਰਬਾਰੇ ਉਨ੍ਹਾਂ ਦੇ ਨਾਲ ਜਾਣ ਲਈ ਕੋਈ ਤਿਆਰ

ਨਹੀਂ ਸੀ ਹੁੰਦਾ।

ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੇ ਹੀ ਗਦਰ ਪਾਰਟੀ ਦੇ ਪੈਰ ਨਹੀਂ ਲੱਗਣ ਦਿੱਤੇ। ਪਾਰਟੀ ਦਾ ਸਾਥ ਦੇਣਾ ਤਾਂ ਦੂਰ ਦੀ ਗੱਲ ਸੀ। ਅਸਲ ਵਿੱਚ ਅੰਗਰੇਜ਼ ਸਰਕਾਰ ਨੂੰ ਸਭ ਤੋਂ ਵੱਡਾ ਖਤਰਾ ਗਦਰ ਪਾਰਟੀ ਤੋਂ ਸੀ ਤੇ ਗਦਰ ਪਾਰਟੀ ਨੂੰ ਖਤਰਾ ਸੀ ਦੇਸ਼ ਦੇ ਗਦਾਰਾਂ ਤੋਂ।

ਗਦਰ ਪਾਰਟੀ ਹਿੰਦੁਸਤਾਨ ਵਿੱਚ ਸੰਪੂਰਨ ਅਜ਼ਾਦੀ ਦੀ ਮੰਗ ਉਠਾਉਣ ਵਾਲੀ ਦੇਸ਼ ਦੀ ਪਹਿਲੀ ਰਾਜਨੀਤਕ ਪਾਰਟੀ ਸੀ। ਗਦਰ ਪਾਰਟੀ ਦਾ ਮੁੱਢ ਤੋਂ ਹੀ ਨਿਰਣਾ ਸੀ ਸਿਰਫ ਮਤੇ ਪਾਸ ਕਰਕੇ ਅੰਗਰੇਜ਼ ਸਰਕਾਰ ਨੂੰ ਭੇਜਣ ਦਾ ਕੋਈ ਅਰਥ ਨਹੀਂ। ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੀ ਲੋੜ ਹੈ। ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ। ਗਦਰ ਪਾਰਟੀ ਦਾ 19 ਫਰਵਰੀ 1915 ਨੂੰ ਦੇਸ਼ ਵਿੱਚ ਗਦਰ ਮਚਾਉਣ ਦਾ ਫੈਸਲਾ ਸਮੇਂ ਅਨੁਸਾਰ ਪੂਰਾ ਸਹੀ ਸੀ ਕਿਉਂਕਿ ਅੰਗਰੇਜ਼ ਉਸ ਵੇਲੇ ਸੰਸਾਰ ਜੰਗ ਵਿੱਚ ਫਸੇ ਹੋਏ ਸਨ। ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਗਦਰੀ ਬਿਦੇਸ਼ਾਂ ਤੋਂ ਮਰ ਮਿਟਣ ਵੀ ਭਾਵਨਾ ਨਾਲ ਆਏ ਸਨ। ਗਦਰ ਪਾਰਟੀ ਦੇ ਵੱਡੇ ਨੇਤਾਵਾਂ ਨੇ ਦੇਸ਼ ਦੇ ਲੋਕਾਂ ਨੂੰ ਵੀ ਨਾਲ ਜੋੜਨ ਦਾ ਯਤਨ ਕੀਤਾ ਤੇ ਭਾਰਤੀ ਫੌਜ ਦੇ ਜੁਆਨਾਂ ਨੂੰ ਵੀ ਪਾਰਟੀ ਦਾ ਸਾਥ ਦੇਣ ਲਈ ਤਿਆਰ ਕੀਤਾ ਪਰ ਦੇਸ਼ ਦੇ ਗਦਾਰਾਂ ਨੇ ਪਾਰਟੀ ਦੇ ਪੈਰ ਨਹੀਂ ਲੱਗਣ ਦਿੱਤੇ। ਪਾਰਟੀ ਪ੍ਰੋਗਰਾਮ ਦੀ ਸੂਹ ਲਗਾਤਾਰ ਅੰਗਰੇਜ਼ਾਂ ਤੱਕ ਪੁੱਜਦੀ ਕਰਦੇ ਰਹੇ। ਪਾਰਟੀ ਦੇ ਬਹੁਤ ਸਾਰੇ ਵੱਡੇ ਆਗੂ ਗ੍ਰਿਫਤਾਰ ਕਰਵਾ ਦਿੱਤੇ। ਹੁਣ ਪੰਜਾਬ ਵਿੱਚ ਕੁਝ ਇਸ ਤਰ੍ਹਾਂ ਦੀ ਹਵਾ ਚੱਲ ਪਈ ਕਿ ਅੰਗਰੇਜ਼ ਸਰਕਾਰ ਗਦਰ ਪਾਰਟੀ ਨੂੰ ਬਿਲਕੁਲ ਕੁਚਲ ਕੇ ਰੱਖ ਦੇਵੇਗੀ।

ਗ੍ਰਿਫਤਾਰ ਕੀਤੇ ਗਏ ਗਦਰੀਆਂ ਉਤੇ ਪਹਿਲਾ ਮੁਕੱਦਮਾ ਸਾਜ਼ਿਸ਼ ਲਹੌਰ 26 ਅਪ੍ਰੈਲ 1915 ਨੂੰ ਸੈਂਟਰਲ ਜੇਲ੍ਹ ਲਹੌਰ ਵਿੱਚ ਸ਼ੁਰੂ ਕੀਤਾ ਗਿਆ ਤੇ 13 ਸਤੰਬਰ 1915 ਨੂੰ ਇਸ ਕੇਸ ਦਾ ਫੈਸਲਾ ਸੁਣਾ ਦਿੱਤਾ ਗਿਆ। ਬਹੁਤੇ ਯੁੱਗ ਪਲਟਾਓ ਵੀਰ ਨੂੰ ਫਾਂਸੀ ਤੇ ਕਈਆਂ ਨੂੰ ਜਾਇਦਾਦ ਜ਼ਬਤੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਸ ਨਾਲ ਸਾਰੇ ਪੰਜਾਬ ਵਿੱਚ ਡਰ ਤੇ ਸਹਿਮ ਵਾਲਾ ਮਹੌਲ ਬਣ ਗਿਆ। ਸੱਜਣ ਸਿੰਘ ਹੁਣ ਟਾਂਗੇ ਵਿੱਚ ਬੈਠਾ ਸੋਚਦਾ ਜਾ ਰਿਹਾ ਸੀ ਕਿ ਸ਼ੁੱਕਰ ਹੈ ਮੇਰੇ ਨਾਲ ਪਿੰਡੋਂ ਬੰਦੇ ਆ ਗਏ। ਸਾਨੂੰ ਤਾਂ ਸ਼ਹਿਰ ਆ ਕੇ ਕੋਈ ਪਤਾ ਨਹੀਂ ਸੀ ਲੱਗਣਾ। ਟਾਂਗਾ ਸ਼ਹਿਰ ਦੀਆਂ ਸੜਕਾਂ ਉਤੇ ਤੁਰਦਾ ਗਿਆ ਸੱਜਣ ਸਿੰਘ ਆਸੇ ਪਾਸੇ ਵੇਖਦਾ ਹੈਰਾਨ ਹੋ ਰਿਹਾ ਸੀ। ਕਿਹੋ ਜਿਹੇ ਮਕਾਨ, ਕਿੰਨੀਆਂ ਵਧੀਆ ਦੁਕਾਨਾਂ, ਏਨੀ ਸਜਾਵਟ। ਲੋਹੜੇ ਦੀ ਭੀੜ। ਗਰਮੀ ਦੇ ਬਾਵਜੂਦ ਵੀ ਲੋਕ ਕਿਵੇਂ ਤੁਰੇ ਫਿਰਦੇ ਸਨ। ਟਾਂਗਾ ਮੋੜ ਕੱਟਦਾ ਇੱਕ ਬਹੁਤ ਵੱਡੀ ਇਮਾਰਤ ਅੱਗੇ ਰੁਕ ਗਿਆ।

"ਔਹ ਸਾਹਮਣੇ ਜੇਲ੍ਹ ਐ ਜੀ!" ਟਾਂਗੇ ਵਾਲਾ ਟਾਂਗੇ ਤੋਂ ਥੱਲੇ ਉਤਰ ਕੇ ਬੋਲਿਆ। ਸੱਜਣ ਸਿੰਘ ਨੇ ਟਾਂਗੇ ਦਾ ਕਿਰਾਇਆ ਦਿੱਤਾ। ਸਾਰੇ ਜਣੇ ਜਕਦੇ ਜਕਦੇ

ਵੱਡੀ ਇਮਾਰਤ ਦੇ ਗੇਟ ਕੋਲ ਆ ਗਏ। ਗੇਟ ਦੇ ਬਾਹਰ ਹੋਰ ਵੀ ਲੋਕ ਆਏ ਹੋਏ ਸਨ। ਸੱਜਣ ਸਿੰਘ ਨੇ ਗੇਟ ਵੱਲ ਝਾਤ ਮਾਰੀ। ਕਿੰਨਾ ਮਜ਼ਬੂਤ ਗੇਟ। ਉਚੀ ਬਿਲਡਿੰਗ। ਇਸ ਦੇ ਅੰਦਰਲੀ ਅਵਾਜ਼ ਤਾਂ ਸੁਣਾਈ ਨਹੀਂ ਦੇ ਸਕਦੀ। ਗੇਟ ਦੇ ਬਾਹਰ ਖਲੋਤੇ ਬੰਦੇ ਵੀ ਕਿਸੇ ਨਾਲ ਮੁਲਾਕਾਤ ਕਰਨ ਵਾਲੇ ਸਨ। ਸੱਜਣ ਸਿੰਘ ਹੋਰੀਂ ਵੀ ਉਨ੍ਹਾਂ ਦੇ ਨਾਲ ਹੋ ਤੁਰੇ। ਸੰਤਰੀ ਤੋਂ ਪੁੱਛ ਕੇ ਮੁਲਾਕਾਤ ਲਈ ਅਰਜ਼ੀ ਦਿੱਤੀ। ਫਿਰ ਸਾਰੇ ਜਣੇ ਜੇਲ੍ਹ ਦੀ ਡਿਉਢੀ ਦੇ ਇੱਕ ਪਾਸੇ ਜਾ ਬੈਠੇ। ਸਾਹਮਣੇ ਮੋਟੇ ਮੋਟੇ ਸਰੀਆਂ ਵਾਲਾ ਭਾਰਾ ਗੇਟ ਸੀ ਪਰ ਇਹ ਗੇਟ ਖੁੱਲ੍ਹਦਾ ਨਹੀਂ ਸੀ।

ਸੱਜਣ ਸਿੰਘ, ਧਰਮ ਕੌਰ ਤੇ ਉਨ੍ਹਾਂ ਦੇ ਨਾਲ ਆਏ ਪਿੰਡ ਦੇ ਬੰਦੇ ਡਰੇ ਡਰੇ ਤੇ ਘਬਰਾਏ ਹੋਏ ਸਨ। ਸਾਰੇ ਚੁੱਪ ਬੈਠੇ ਸਨ।

ਕੁਝ ਚਿਰ ਬਾਅਦ ਈਸ਼ਰ ਸਿੰਘ ਆ ਗਿਆ। ਹਸੂੰ ਹਸੂੰ ਕਰਦਾ। ਇਕਦਮ ਟਹਿਕ ਸਿਰ। ਪੁੱਤਰ ਨੂੰ ਸਾਹਮਣੇ ਵੇਖ ਕੇ ਮਾਂ ਪਿਓ ਨੂੰ ਤਾਂ ਜਿਵੇਂ ਯਕੀਨ ਹੀ ਨਾ ਆਇਆ। ਈਸ਼ਰ ਨੇ ਮੋਟੀਆਂ ਸਲਾਖਾਂ ਵਿੱਚੀਂ ਹੱਥ ਕੱਢੇ। ਮਾਂ ਝੱਟ ਅੱਗੇ ਹੋਈ। ਈਸ਼ਰ ਨੇ ਝੁਕ ਕੇ ਮਾਂ ਦੇ ਪੈਰੀਂ ਹੱਥ ਲਾਏ ਤੇ ਫਿਰ ਬਾਪ ਦੇ ਪੈਰ ਵੀ ਛੂਹ ਲਏ। ਪਿੰਡ ਦੇ ਬੰਦਿਆਂ ਨੂੰ ਸਤਿਕਾਰ ਨਾਲ ਬੁਲਾਇਆ। ਮਾਂ ਪਿਓ ਦੀਆਂ ਅੱਖਾਂ ਭਰ ਆਈਆਂ। ਦੋਹਾਂ ਕੋਲੋਂ ਕੁਝ ਵੀ ਬੋਲਿਆ ਨਾ ਗਿਆ। ਉਹ ਤਾਂ ਆਪਣੇ ਦਿਲ ਦੇ ਟੁਕੜੇ ਨੂੰ ਵੇਖ ਰਹੇ ਸਨ। ਦੋਹਾਂ ਵਿੱਚ ਮੋਟੇ ਗੇਟ ਦੀ ਇੱਕ ਦੂਰੀ ਸੀ। ਮਾਂ ਨੇ ਈਸ਼ਰ ਦੇ ਸਿਰ ਉਤੇ ਹੱਥ ਫੇਰਿਆ ਉਸ ਦੇ ਮੋਢਿਆਂ ਉਤੇ ਹੱਥ ਫੇਰਿਆ। ਅੱਖਾਂ ਵਿੱਚੋਂ ਨੀਰ ਵਹਿ ਤੁਰਿਆ ਸੀ। ਉਹ ਕੰਬਦੇ ਹੱਥਾਂ ਨਾਲ ਪੁੱਤਰ ਦੇ ਮੋਢਿਆਂ ਉਤੇ ਵਾਰ ਵਾਰ ਹੱਥ ਫੇਰ ਰਹੀ ਸੀ। ਸੱਜਣ ਸਿੰਘ ਸਾਫੇ ਦੇ ਲੜ ਨਾਲ ਅੱਖਾਂ ਪੂੰਝਦਾ ਪੁੱਤਰ ਨੂੰ ਰੱਜ ਕੇ ਵੇਖ ਲੈਣਾ ਚਾਹੁੰਦਾ ਸੀ। ਸੱਜਣ ਸਿੰਘ ਦੇ ਘਰ ਛੇ ਪੁੱਤਰਾਂ ਨੇ ਜਨਮ ਲਿਆ ਸੀ। ਪੰਜ ਪੁੱਤਰ ਸੁਰਗਵਾਸ ਹੋ ਚੁੱਕੇ ਸਨ ਤੇ ਇੱਕੋ ਇੱਕ ਅੱਖਾਂ ਦਾ ਤਾਰਾ ਹੁਣ ਜੇਲ੍ਹ ਵਿੱਚ ਬੰਦ ਹੈ। ਪੁੱਤਰਾਂ ਦਾ ਦੁੱਖ ਬਾਪ ਨੂੰ ਉਠਣ ਨਹੀਂ ਦਿੰਦਾ। ਬਾਪ ਉਮਰ ਤੋਂ ਪਹਿਲਾਂ ਹੀ ਬੁੱਢਾ ਹੋ ਜਾਂਦਾ ਹੈ।

ਸੱਜਣ ਸਿੰਘ ਤੋਂ ਕੋਈ ਗੱਲ ਨਾ ਕਰ ਹੋਈ। ਉਸ ਦਾ ਗੱਚ ਭਰ ਆਇਆ ਸੀ। ਉਹ ਵਾਰ-ਵਾਰ ਆਪਣੇ ਸਾਫੇ ਨਾਲ ਅੱਖਾਂ ਪੂੰਝਦਾ। ਏਨੇ ਨੂੰ ਅੰਦਰੋਂ ਪੰਜ ਬੰਦੇ ਹੋਰ ਆ ਗਏ। ਉਹ ਆਪਣੇ ਮੁਲਾਕਾਤੀਆਂ ਨਾਲ ਗੱਲਾਂ ਕਰਨ ਲੱਗੇ। ਉਹ ਵੀ ਹੱਸਦੇ ਤੇ ਉਚੀ ਉਚੀ ਗੱਲਾਂ ਕਰ ਰਹੇ ਸਨ।

"ਅਸੀਂ ਪੁੱਤ ਕੀ ਕਰਾਂਗੇ? " ਮਾਂ ਦੀ ਅਵਾਜ਼ ਮਸਾਂ ਨਿਕਲੀ।

"ਬੇਬੇ ਤੂੰ ਕਿਉਂ ਏਨਾ ਫਿਕਰ ਕਰਦੀ ਐਂ। ਇਹ ਫਿਕਰ ਤਾਂ ਮੈਨੂੰ ਐ ਕਿ ਮੈਂ ਇਸ ਜਨਮ ਵਿੱਚ ਤੇਰੀ ਕੋਈ ਸੇਵਾ ਨਹੀਂ ਕਰ ਸਕਿਆ। ਤੂੰ ਤਕੜੀ ਰਹਿ। ਤੂੰ ਈਸ਼ਰ ਸਿੰਘ ਦੀ ਮਾਂ ਹੈਂ!"

ਫਿਰ ਈਸ਼ਰ ਸਿੰਘ ਆਪਣੇ ਬਾਪ ਨੂੰ ਕਹਿਣ ਲੱਗਾ, "ਬਾਪੂ ਤੁਸੀਂ ਮੇਰਾ ਫਿਕਰ ਬਿਲਕੁਲ ਨਹੀਂ ਕਰਨਾ। ਮੈਨੂੰ ਏਥੇ ਕੋਈ ਤਕਲੀਫ ਨਹੀਂ। ਏਥੇ ਤਾਂ ਸਾਡੇ ਦੂਰ ਦੂਰ ਦੇ

ਸਾਥੀ ਬਹੁਤ ਐ। ਗਦਰੀਆਂ ਦਾ ਤਾਂ ਏਥੇ ਮੇਲਾ ਲੱਗਾ ਪਿਆ। ਸਾਰੀ ਜੇਲ੍ਹ ਹੀ ਗਦਰੀਆਂ ਨਾਲ ਭਰੀ ਪਈ ਐ। ਮੈਂ ਕੋਈ ਬਦਨਾਮੀ ਖੱਟ ਕੇ ਤਾਂ ਆਇਆ ਨਹੀਂ। ਬਾਪੂ ਤੂੰ ਪਿੰਡ ਵਿੱਚ ਹਿਕ ਕੱਢ ਕੇ ਤੁਰ ਸਕਦੈਂ। ਤੈਨੂੰ ਖੁਸ਼ ਹੋਣਾ ਚਾਹੀਦਾ ਕਿ ਤੇਰੇ ਘਰ ਵਿੱਚ ਇਕ ਸ਼ੇਰ ਪੁੱਤਰ ਨੇ ਜਨਮ ਲਿਆ। ਅੱਜ ਤੋਂ ਬਾਅਦ ਬਾਪੂ ਮੈਂ ਤੇਰੀਆਂ ਅੱਖਾਂ ਵਿੱਚ ਹੰਝੂ ਨਹੀਂ ਵੇਖਣਾ ਚਾਹੁੰਦਾ। ਮੈਂ ਖੁਸ਼ ਹਾਂ ਕਿ ਮੈਂ ਆਪਣੇ ਪਿਆਰੇ ਦੇਸ਼ ਲਈ ਕੁਝ ਨਾ ਕੁਝ ਕਰ ਸਕਿਆ ਹਾਂ।"

ਫਿਰ ਈਸ਼ਰ ਨੇ ਤਾਰੂ ਹੋਰਾਂ ਨੂੰ ਬੁਲਾ ਕੇ ਕਿਹਾ, "ਤੁਸੀਂ ਸੁਣਾਓ ਕੀ ਹਾਲ ਹੈ ਤੁਹਾਡਾ!"

"ਬਹੁਤ ਵਧੀਆ!"

"ਪਿੰਡ ਦਾ ਕੀ ਹਾਲ ਐ? " ਈਸ਼ਰ ਸਿੰਘ ਮੁਸਕਰਾ ਰਿਹਾ ਸੀ।

"ਪਿੰਡ ਦਾ ਕੋਈ ਹਾਲ ਨਹੀਂ। ਪਿੰਡ 'ਚੋਂ ਬਹੁਤ ਬੰਦਿਆਂ ਨੂੰ ਪੁਲਸ ਲੈ ਗਈ ਫੜ ਕੇ। ਪਿੰਡ ਵਿੱਚ ਤਾਂ ਹਾਹਾਕਾਰ ਮੱਚੀ ਪਈ ਐ। ਪਤਾ ਨਹੀਂ ਪਿੰਡ ਨੂੰ ਕਿਸ ਦੀ ਨਜ਼ਰ ਲੱਗ ਗਈ। ਪਿੰਡ ਦੇ ਕਈ ਬੰਦੇ ਵੀ ਬੇਈਮਾਨ ਹੋ ਗਏ।" ਤਾਰੂ ਖੱਡੀ ਵਾਲਾ ਪਿੰਡ ਦੀ ਗੱਲ ਦੱਸਣ ਲੱਗ ਪਿਆ।

"ਬੇਈਮਾਨ ਕਿਵੇਂ ਬਣ ਗਏ? " ਈਸ਼ਰ ਨੇ ਪੁੱਛਿਆ।

"ਪਿੰਡ ਵਿੱਚ ਬਚਨ ਸਿੰਘ ਨੂੰ ਪੁਲਸ ਨੇ ਫੜ ਲਿਆ। ਕਹਿੰਦੇ ਉਸ ਨੇ ਸਾਰੇ ਭੇਦ ਪੁਲਸ ਨੂੰ ਦੇ ਦਿੱਤੇ। ਲੋਕ ਸਾਰੇ ਗੱਲਾਂ ਕਰਦੇ ਐ। ਪਿੰਡ 'ਚੋਂ ਕਿੰਨੇ ਬੰਦੇ ਫੜੇ ਗਏ। ਸਾਨੂੰ ਤਾ ਰੋਟੀ ਨਹੀਂ ਚੰਗੀ ਲੱਗਦੀ। ਹੁਣ ਤਾਂ ਪੁਲਸ ਤੋਂ ਡਰਦਾ ਕੋਈ ਗੱਲ ਨਹੀਂ ਕਰਦਾ!" ਤਾਰੂ ਖੱਡੀ ਵਾਲਾ ਪਿੰਡ 'ਚੋਂ ਸੁਣੀਆਂ ਗੱਲਾਂ ਕਰਨ ਲੱਗਾ।

ਫਿਰ ਈਸ਼ਰ ਸਿੰਘ ਕਹਿਣ ਲੱਗਾ, "ਤੁਸੀਂ ਘਬਰਾਉਣਾ ਨਹੀਂ। ਇਹ ਅੰਗਰੇਜ਼ਾਂ ਦਾ ਰਾਜ ਐ। ਰਾਜ ਸਾਡਾ ਨਹੀਂ। ਅਸੀਂ ਗੁਲਾਮ ਹਾਂ। ਸਾਡੀ ਪਾਰਟੀ ਦੀ ਲੜਾਈ ਇਸ ਗੁਲਾਮੀ ਕਰਕੇ ਹੈ। ਇਸੇ ਕਰਕੇ ਸਾਡੀ ਪਾਰਟੀ ਨੇ ਮੁਕੰਮਲ ਅਜ਼ਾਦੀ ਦਾ ਨਾਅਰਾ ਬੁਲੰਦ ਕੀਤਾ। ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਕਾਰਖਾਨੇਦਾਰਾਂ ਤੇ ਹੋਰ ਛੋਟੇ ਵਰਗ ਦੀ ਆਂ ਮੁਸੀਬਤਾਂ ਦਾ ਅਸਲ ਕਾਰਨ ਅੰਗਰੇਜ਼ਾਂ ਦੀ ਗੁਲਾਮੀ ਹੈ, ਜਿਸ ਕਾਰਨ ਦੇਸ਼ ਤਰੱਕੀ ਨਹੀਂ ਕਰ ਸਕਦਾ। ਪਸ਼ੂਆਂ ਨਾਲੋਂ ਵੀ ਭੈੜੀ ਜੂਨ ਹੈ ਸਾਡੀ। ਸਾਡਾ ਸਮਾਜ ਗਰੀਬੀ, ਊਚ ਨੀਚ ਤੇ ਜਾਤ ਪਾਤ ਦੇ ਕੋਹੜ ਦੀ ਮਾਰ ਝੱਲ ਰਿਹਾ ਹੈ। ਗੁਲਾਮੀ ਦੇ ਖਾਤਮੇ ਲਈ ਅੰਗਰੇਜ਼ ਰਾਜ ਦਾ ਤਖਤਾ ਉਲਟਾਉਣਾ ਜ਼ਰੂਰੀ ਹੈ। ਇਸ ਕੰਮ ਨੂੰ ਸਿਰਫ ਹਥਿਆਰਬੰਦ ਸੰਘਰਸ਼ ਨਾਲ ਯਾਨੀ ਗਦਰ ਨਾਲ ਸਿਰੇ ਚੜ੍ਹਾਇਆ ਜਾ ਸਕਦਾਹੈ। ਹੋਰ ਕੋਈ ਰਾਹ ਨਹੀਂ!"

"ਵੇਖ ਬਈ ਤਾਰੂ ਕੀ ਸਮਝੇ ਤੇਰੀਆਂ ਗੱਲਾਂ। ਅਸੀਂ ਤਾਂ ਇਹ ਜਾਣਦੇ ਹਾਂ ਕਿ ਤੂੰ ਦੇਸ਼ ਦੀ ਖਾਤਰ ਸਭ ਕੁਝ ਛੱਡ ਦਿੱਤਾ। ਜ਼ਮੀਨ ਜਾਇਦਾਦਾ ਛੱਡ ਦਿੱਤੀ। ਘਰ ਬਾਰ ਛੱਡ ਦਿੱਤਾ। ਧੰਨ ਹੈ ਤੇਰੀ ਜੰਮਣ ਵਾਲੀ।" ਤਾਰੂ ਖੱਡੀ ਵਾਲਾ ਸਿੱਧੀ ਪੱਧਰੀ ਗੱਲ

ਕਰਦਾ ਬੋਲਿਆ। "ਅੱਛਾ ਪੁੱਤਰ, ਉਤਮ ਸਿੰਘ ਦਾ ਕੀ ਹਾਲ ਹੈ!" ਸੱਜਣ ਸਿੰਘ ਬੋਲਿਆ।

"ਬਾਪੂ ਉਹ ਤਾਂ ਚੜ੍ਹਦੀ ਕਲਾ ਵਿੱਚ ਐ। ਸਾਡਾ ਤਾਂ ਅੱਗੇ ਨਾਲੋਂ ਭਾਰ ਵਧਿਆ ਪਿਆ!" ਈਸ਼ਰ ਸਿੰਘ ਹੱਸਣ ਲੱਗ ਪਿਆ।

"ਬੇਬੇ ਰਾਮੋ ਤਕੜੀ ਐ!" ਈਸ਼ਰ ਜਕਦਾ ਜਕਦਾ ਬੋਲਿਆ।

"ਹਾਂ ਪੁੱਤ ਤਕੜੀ ਐ। ਜਦੋਂ ਅਸੀਂ ਹੁਣ ਫੇਰ ਆਏ ਤਾਂ ਰਾਮੋ ਨੂੰ ਨਾਲ ਲੈ ਕੇ ਆਵਾਂਗੇ।" ਮਾਂ ਨੇ ਪੁੱਤਰ ਦੀ ਗੱਲ ਆਪ ਹੀ ਫੜ ਲਈ। ਹੁਣ ਸੱਜਣ ਸਿੰਘ ਪਹਿਲਾਂ ਨਾਲੋਂ ਕੁਝ ਹੌਂਸਲੇ ਵਿੱਚ ਸੀ। ਈਸ਼ਰ ਸਿੰਘ ਆਪਣੇ ਮਾਂ ਬਾਪ ਵੱਲ ਵੇਖ ਕੇ ਖੁਸ਼ੀ ਮਹਿਸੂਸ ਕਰ ਰਿਹਾ ਸੀ। ਉਹ ਦਿਲੋਂ ਚਾਹੁੰਦਾ ਸੀ ਕਿ ਮਾਂ ਬਾਪ ਨੂੰ ਹੁਣ ਤਾਂ ਦਿਲ ਕਰੜਾ ਕਰਨਾ ਹੀ ਪਏਗਾ।

## ਚੌਵੀ

ਈਸ਼ਰ ਸਿੰਘ ਤੇ ਉਨ੍ਹਾਂ ਦੇ ਹੋਰ ਗਦਰੀ ਸਾਥੀਆਂ ਦਾ ਮੁਕੱਦਮਾ ਲਹੌਰ ਸੈਂਟਰਲ ਜੇਲ੍ਹ ਵਿੱਚ 29 ਅਕਤੂਬਰ 1915 ਨੂੰ ਸ਼ੁਰੂ ਹੋ ਗਿਆ। ਜੇਲ੍ਹ ਵਿੱਚ ਸਾਰੇ ਜਣੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ ਸਾਰੇ ਹੀ ਹਰ ਰੋਜ਼ ਸਵੱਖਤੇ ਉਠਦੇ। ਗੁਰਬਾਣੀ ਦਾ ਪਾਠ ਕਰਦੇ ਤੇ ਅਰਦਾਸ ਕਰਦੇ ਕਿ ਉਨ੍ਹਾਂ ਦੀ ਜ਼ਿੰਦਗੀ ਦੇਸ਼ ਦੇ ਲੇਖੇ ਲੱਗ ਜਾਵੇ। ਜੇਲ੍ਹ ਦੀਆਂ ਕਠਨ ਸਜ਼ਾਵਾਂ ਨੂੰ ਤਾਂ ਉਹ ਟਿੱਚ ਸਮਝਦੇ। ਜੇਲ੍ਹ ਦੇ ਵੱਡੇ ਅਫਸਰਾਂ ਨੂੰ ਵੀ ਉਹ ਕੁਝ ਨਾ ਸਮਝਦੇ। ਬੱਸ ਦੇਸ਼ ਦੀ ਅਜ਼ਾਦੀ ਦਾ ਉਨ੍ਹਾਂ ਉਤੇ ਭੂਤ ਹੀ ਸਵਾਰ ਸੀ।

ਇੱਕ ਦਿਨ ਜੇਲ੍ਹ ਵਿੱਚ ਅਦਾਲਤ ਲੱਗੀ ਹੋਈ ਸੀ। ਈਸ਼ਰ ਸਿੰਘ ਦਾ ਵਕੀਲ ਕਹਿਣ ਲੱਗਾ, "ਭਾਈ ਸਾਹਿਬ ਮੈਨੂੰ ਲੱਗਦਾ ਕਿ ਤੁਹਾਨੂੰ ਵੱਧ ਤੋਂ ਵੱਧ ਦਸ ਸਾਲ ਦੀ ਕੈਦ ਹੋਵੇਗੀ!" ਵਕੀਲ ਦੀ ਗੱਲ ਸੁਣ ਕੇ ਈਸ਼ਰ ਝੱਟ ਕਹਿਣ ਲੱਗਾ, ਵੇਖੋਂ ਜੀ, ਮੈਂ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿੱਚ ਘੁਲ ਘੁਲ ਕੇ ਨਹੀਂ ਮਰਨਾ ਚਾਹੁੰਦਾ। ਮੈਨੂੰ ਤਾਂ ਫਾਂਸੀ ਲੱਗਣੀ ਚਾਹੀਦੀ ਹੈ ਤਾਂ ਕਿ ਮੈਂ ਦੁਬਾਰਾ ਜਨਮ ਲੈ ਕੇ ਫਿਰ ਦੇਸ਼ ਦੇ ਅਜ਼ਾਦੀ ਸੰਗਰਾਮ ਵਿੱਚ ਭਾਗ ਲੈ ਸਕਾਂ। ਮੈਨੂੰ ਉਮਰ ਕੈਦ ਵੀ ਮਨਜ਼ੂਰ ਨਹੀਂ।" ਈਸ਼ਰ ਦੀਆਂ ਗੱਲਾਂ ਸੁਣ ਕੇ ਵਕੀਲ ਹੈਰਾਨ ਰਹਿ ਗਿਆ।

ਜੇਲ੍ਹ ਵਿੱਚ ਬੰਦ ਸਾਰੇ ਗਦਰੀ ਇਹ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਉਨ੍ਹਾਂ ਉਤੇ ਕਾਨੂੰਨ ਦੀਆਂ ਬਹੁਤ ਸਖਤ ਧਾਰਾਵਾਂ ਲੱਗੀਆਂ ਹੋਈਆਂ ਹਨ। ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਕਿਸੇ ਵੀ ਕੀਮਤ ਉਤੇ ਨਹੀਂ ਬਖਸ਼ੇਗੀ। ਉਨ੍ਹਾਂ ਨੂੰ ਬਾਹਰਲੀ ਜਾਣਕਾਰੀ ਹਮੇਸ਼ਾ ਮਿਲਦੀ ਰਹਿੰਦੀ ਸੀ। ਪਹਿਲਾਂ ਮੁਕੱਦਮਾ ਸਾਜ਼ਿਸ਼ ਲਹੌਰ ਦੀ ਸੁਣਵਾਈ ਸਤੰਬਰ ਮਹੀਨੇ ਵਿੱਚ ਹੋ ਚੁੱਕੀ ਸੀ। ਕਰਤਾਰ ਸਿੰਘ ਸਰਾਭਾ, ਬਖਸ਼ੀਸ਼ ਸਿੰਘ, ਸੁਰੈਣ ਸਿੰਘ, ਸੁਰੈਣ ਸਿੰਘ ਦੂਜਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਤੇ ਜਗਤ ਸਿੰਘ ਸੁਰ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਤੋਂ ਬਿਨਾਂ ਪੰਜਾਹ ਤੋਂ ਉਪਰ ਗਦਰੀਆਂ

ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ਸੀ। ਈਸ਼ਰ ਸਿੰਘ ਤੇ ਉਸ ਦੇ ਸਾਥੀ ਵਿਚਾਰਾਂ ਕਰਿਆ ਕਰਦੇ ਸਨ ਕਿ ਅੰਗਰੇਜ਼ ਸਰਕਾਰ ਉਨ੍ਹਾਂ ਨਾਲ ਵੀ ਸਖਤੀ ਨਾਲ ਪੇਸ਼ ਆਵੇਗੀ, ਪਰ ਉਹ ਸਾਰੇ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ। ਸਭਨਾਂ ਦੀ ਸਾਂਝੀ ਰਾਏ ਹੁੰਦੀ ਸੀ ਕਿ ਅਜ਼ਾਦੀ ਸਿਰਫ ਕੁਰਬਾਨੀਆਂ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਕੁਰਬਾਨੀ ਕਦੇ ਵੀ ਅਜਾਈਂ ਨਹੀਂ ਜਾਂਦੀ। ਦੇਸ਼ ਦੀ ਖਾਤਰ ਡੁੱਲ੍ਹਿਆ ਖ਼ੂਨ ਕਦੇ ਨਹੀਂ ਜੰਮਦਾ। ਇਹ ਇੱਕ ਦਿਨ ਹਨੇਰੀ ਬਣ ਕੇ ਉਡਦਾ ਹੈ। ਲੋਕਾਂ ਵਿੱਚ ਜਾਗਰਤੀ ਲਿਆਉਂਦਾ ਹੈ। ਡਿੱਗੇ ਢੱਠੇ ਦਿਲਾਂ ਵਿੱਚ ਜੋਸ਼ ਭਰਦਾ ਹੈ। ਇਸੇ ਕਰਕੇ ਕੋਈ ਵੀ ਗਦਰੀ ਕਦੇ ਲਿੱਸੀ ਗੱਲ ਨਹੀਂ ਸੀ ਕਰਦਾ।

"ਰਾਘੋ ਭਾਈ ਮੈਨੂੰ ਲੱਗਦੈ ਕਿ ਤੂੰ ਦਿਨੋ ਦਿਨ ਮੋਟਾ ਹੁੰਦਾ ਜਾਨੈਂ! ਈਸ਼ਰ ਸਿੰਘ ਇੱਕ ਦਿਨ ਉਤਮ ਸਿੰਘ ਨੂੰ ਹੱਸਣ ਲੱਗ ਪਿਆ।

"ਆਪਾਂ ਕਿਹੜਾ ਠੱਗੀ ਠੋਰੀ ਜਾਂ ਚੋਰੀ ਕਰਕੇ ਜੇਲ੍ਹ ਆਏ ਆਂ। ਮਿੱਤਰਾ ਅੰਗਰੇਜ਼ਾਂ ਨੂੰ ਵੇਖ ਲੈ ਵਖਤ ਪਾਇਆ ਪਿਆ।" ਉਤਮ ਸਿੰਘ ਦੀ ਭਰਵੀਂ ਅਵਾਜ਼ ਆਈ।

"ਗੱਲ ਤਾਂ ਇਹ ਐ ਕਿ ਅੰਗਰੇਜ਼ ਸਰਕਾਰ ਨੂੰ ਸਿਰਫ ਗਦਰ ਪਾਰਟੀ ਤੋਂ ਹੀ ਖਤਰਾ ਹੈ ਜਿਸ ਕਰਕੇ ਇਹ ਪਾਰਟੀ ਪਿੱਛੇ ਹੱਥ ਧੋ ਕੇ ਹੀ ਪੈ ਗਈ!" ਸੋਹਣ ਸਿੰਘ ਭਕਨਾ ਦੀ ਗੰਭੀਰ ਅਵਾਜ਼ ਸੀ।

"ਜੇ ਕਿਤੇ ਅੰਗਰੇਜ਼ਾਂ ਦੇ ਝੋਲੀ ਚੁੱਕ ਨਾ ਹੁੰਦੇ ਤਾਂ ਹੁਣ ਨੂੰ ਅੰਗਰੇਜ਼ਾਂ ਦੇ ਹੋਸ਼ ਟਿਕਾਣੇ ਆ ਜਾਣੇ ਸੀ। ਸਾਨੂੰ ਤਾਂ ਮਾਰਿਆ ਸਾਡੇ ਗਦਾਰਾਂ ਨੇ। ਮੈਨੂੰ ਜੇਲ੍ਹ ਵਿੱਚ ਆਉਣ ਦਾ ਭੋਰਾ ਵੀ ਦੁੱਖ ਨਹੀਂ। ਦੁੱਖ ਮੈਨੂੰ ਇਹ ਐ ਕਿ ਅੰਗਰੇਜ਼ਾਂ ਦੇ ਕਈ ਝੋਲੀ ਚੁੱਕ ਮੇਰੇ ਕੋਲੋਂ ਬਚ ਗਏ!" ਪਿਆਰਾ ਸਿੰਘ ਲੰਗੇਰੀ ਦੀ ਗੱਲ ਸੁਣ ਕੇ ਕਈ ਹੱਸ ਪਏ। ਇਹ ਨਿੱਕੀਆਂ ਨਿੱਕੀਆਂ ਗੱਲਾਂ ਜੇਲ੍ਹ ਵਿੱਚ ਆਮ ਹੀ ਚੱਲਦੀਆਂ।

ਜੇਲ੍ਹ ਵਿੱਚ ਬੰਦੇ ਬਹੁਤ ਗਦਰੀ ਇੱਕ ਦੂਜੇ ਦੇ ਪੁਰਾਣੇ ਸੰਗੀ ਸਾਥੀ ਸਨ ਜਿਹੜੇ ਪਾਰਟੀ ਵਿੱਚ ਇਕੱਠੇ ਰਹਿ ਕੇ ਕੰਮ ਕਰਦੇ ਰਹੇ ਸਨ। ਨਿਧਾਨ ਸਿੰਘ ਚੁੱਘਾ, ਸੋਹਣ ਸਿੰਘ ਭਕਨਾ, ਨੰਦ ਸਿੰਘ ਕੈਲੇ, ਭਾਨ ਸਿੰਘ ਸੁਨੇਤ, ਚੂਹੜ ਸਿੰਘ ਲੀਲਾ, ਗੁਰਮੁਖ ਸਿੰਘ ਲਲਤੋਂ, ਇੰਦਰ ਸਿੰਘ ਮੱਲ੍ਹਾ, ਜਵੰਦ ਸਿੰਘ ਨੰਗਲ, ਜਵਾਲਾ ਸਿੰਘ ਠੱਠੀਆਂ, ਪਿਆਰਾ ਸਿੰਘ ਲੰਗੇਰੀ, ਰੋਡਾ ਸਿੰਘ ਰੋਡੇ, ਸ਼ੇਰ ਸਿੰਘ ਵੇਈਂ ਪੁਈਂ, ਸੰਤਾ ਵਿਸਾਖਾ ਸਿਘ, ਰੂੜ ਸਿੰਘ ਚੂਹੜਚੱਕ, ਬੀਰ ਸਿੰਘ ਬਾਹੋਵਾਲ, ਰੰਗਾ ਸਿੰਘ ਖੁਰਦਪੁਰ, ਰੂੜ ਸਿੰਘ ਦੁਸਾਂਝ, ਅਰਜਨ ਸਿੰਘ, ਇੰਦਰ ਸਿੰਘ, ਪਾਖਰ ਸਿੰਘ, ਪਾਲਾ ਸਿੰਘ, ਸੰਤ ਰਨਧੀਰ ਸਿੰਘ, ਫੇਰਾ ਸਿੰਘ, ਮਹਿੰਦਰ ਸਿੰਘ, ਸ਼ਾਮ ਸਿੰਘ, ਪਾਲਾ ਸਿੰਘ ਤੋਂ ਬਿਨਾਂ ਹੋਰ ਬਹੁਤ ਸਾਰੇ ਸਾਥੀ ਏਥੇ ਬੰਦ ਸਨ। ਸਾਰੇ ਪੰਜਾਬ ਵਿੱਚੋਂ ਗਦਰੀਆਂ ਦੀ ਮੁਲਾਕਾਤ ਲਈ ਕੋਈ ਨਾ ਕੋਈ ਆਇਆ ਰਹਿੰਦਾ।

ਸਿਆਲ ਸ਼ੁਰੂ ਹੋ ਗਿਆ। ਇੱਕ ਦਿਨ ਈਸ਼ਰ ਸਿੰਘ ਦੀ ਮੁਲਾਕਾਤ ਕਰਨ ਲਈ

ਉਸ ਦਾ ਬਾਪ ਸੱਜਣ ਸਿੰਘ ਆ ਗਿਆ। ਅੱਜ ਸੱਜਣ ਸਿੰਘ ਦੇ ਚਿਹਰੇ ਉਤੇ ਰੌਣਕ ਸੀ। ਪੁੱਤਰ ਨੂੰ ਮਿਲ ਕੇ ਪਿਤਾ ਬਹੁਤ ਖੁਸ਼ ਹੋਇਆ। ਪਿਤਾ ਦਾ ਖਿੜਿਆ ਚਿਹਰਾ ਵੇਖ ਕੇ ਈਸ਼ਰ ਸਿੰਘ ਵੀ ਖੁਸ਼ ਹੋ ਗਿਆ। ਸੱਜਣ ਸਿੰਘ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਪੁੱਤਰ, ਪ੍ਮਾਤਮਾ ਨੇ ਮੇਰੀ ਬਹੁਤ ਸੁਣੀ ਹੈ। ਮੇਰੇ ਘਰ ਵਿੱਚ ਬਹੁਤ ਸਾਲਾਂ ਬਾਅਦ ਖੁਸ਼ੀ ਆਈ ਹੈ। ਮੈਂ ਬਹੁਤ ਖੁਸ਼ ਆਂ। ਪ੍ਮਾਤਮਾ ਨੇ ਮੈਨੂੰ ਪੋਤਰੇ ਦੀ ਦਾਤ ਬਖਸ਼ੀ ਹੈ!"

"ਹੈਂ...ਅ!" ਈਸ਼ਰ ਸਿੰਘ ਦੀਆਂ ਅੱਖਾਂ ਵਿੱਚ ਕੋਈ ਚਮਕ ਆ ਗਈ। ਮੈਂ ਬਾਪ ਬਣ ਗਿਆ! ਮੇਰੇ ਘਰ ਪੁੱਤਰ ਨੇ ਜਨਮ ਲਿਆ! ਈਸ਼ਰ ਸਿੰਘ ਤੋਂ ਬੋਲਿਆ ਨਾ ਗਿਆ ਉਹ ਆਪਣੇ ਬਾਪ ਵੱਲ ਖੁਸ਼ ਹੋ ਕੇ ਵੇਖਦਾ ਰਿਹਾ। ਬਾਪ ਨੇ ਈਸ਼ਰ ਨੂੰ ਝੋਲੇ ਵਿੱਚੋਂ ਲੱਡੂਆਂ ਦਾ ਲਿਫਾਫਾ ਕੱਢ ਕੇ ਫੜਾ ਦਿੱਤਾ।

"ਪ੍ਮਾਤਮਾ ਮੇਰੇ ਪੋਤਰੇ ਨੂੰ ਲੰਮੀ ਉਮਰ ਬਖਸ਼ੇ। ਉਹ ਕਰਮਾਂ ਵਾਲਾ ਹੋਵੇ। ਭਾਗਾਂ ਵਾਲਾ ਹੋਵੇ!" ਸੱਜਣ ਸਿੰਘ ਖੁਸ਼ੀ ਵਿੱਚ ਬੋਲਦਾ ਗਿਆ।

"ਬਾਪੂ ਉਸ ਦਾ ਨਾਂਅ ਕੀ ਰੱਖਿਆ? " ਈਸ਼ਰ ਬੋਲਿਆ।

"ਪੁੱਤਰ, ਉਸ ਦਾ ਨਾਂ ਭਾਗ ਸਿੰਘ ਰੱਖਿਆ!"

"ਚਲੋ ਭਾਗਾਂ ਵਾਲਾ ਹੋਵੇ। ਵਧੀਆ ਨਾਂ ਰੱਖਿਆ।"

"ਰਾਮੋ ਠੀਕ ਐ? "

"ਹਾਂ ਹਾਂ, ਠੀਕ ਐ। ਬੱਚਾ ਵੀ ਠੀਕ ਐ। ਬਾਕੀ ਮਹੀਨੇ ਖੰਡ ਤੱਕ ਤੇਰੇ ਕੋਲ ਲੈ ਕੇ ਆਵਾਂਗੇ!"

ਈਸ਼ਰ ਸਿੰਘ ਖੁਸ਼ੀ ਖੁਸ਼ੀ ਲੱਡੂਆਂ ਵਾਲਾ ਲਿਫਾਫਾ ਲੈ ਕੇ ਬੈਰਕ ਵਿੱਚ ਪਹੁੰਚ ਗਿਆ। ਬਹੁਤ ਸਾਰੇ ਬੰਦੇ ਉਸ ਦੇ ਦੁਆਲੇ ਹੋ ਗਏ। ਉਤਮ ਸਿੰਘ ਨੇ ਈਸ਼ਰ ਦੇ ਹੱਥੋਂ ਲਿਫਾਫਾ ਖੋਹ ਲਿਆ।

"ਇਹ ਲੱਡੂ ਕਿਵੇਂ ਆ ਗਏ ਬਈ। ਜ਼ਰਾ ਸਾਨੂੰ ਵੀ ਦੱਸ!"

"ਲੱਡੂ ਪਿੰਡੋਂ ਆਏ ਐ? " ਈਸ਼ਰ ਮੁਸਕਰਾਇਆ।

"ਭਰਜਾਈ ਨੇ ਭੇਜੇ ਐ? "

"ਉਏ ਆਹੋ ਯਾਰ !"

"ਭਤੀਜ ਆ ਗਿਆ? "

"ਹਾਂ ਹਾਂ ਬਈ। ਲੱਡੂ ਤਾਂ ਹੀ ਆਏ ਐ!" ਈਸ਼ਰ ਨੇ ਖਿੜਕੇ ਕਿਹਾ।

"ਤੈਨੂੰ ਬਈ ਬਹੁਤ ਬਹੁਤ ਵਧਾਈ। ਭਰਜਾਈ ਤਕੜੀ ਰਹੇ। ਮੁੰਡਾ ਵੀ ਤਕੜਾ ਰਹੇ। ਕਰਮਾਂ ਵਾਲਾ ਹੋਵੇ।" ਉਤਮ ਸਿੰਘ ਦੀ ਗੱਲ ਸੁਣ ਕੇ ਸਾਰੇ ਈਸ਼ਰ ਨੂੰ ਵਧਾਈਆਂ ਦੇਣ ਲੱਗ ਪਏ। ਸਾਰੇ ਜਣੇ ਖੁਸ਼ ਹੋ ਗਏ। ਫਿਰ ਉਤਮ ਸਿੰਘ ਨੇ ਲੱਡੂਆਂ ਵਾਲਾ ਲਿਫਾਫਾ ਸੰਤ ਰਨਧੀਰ ਸਿੰਘ ਤੇ ਸੋਹਣ ਸਿੰਘ ਭਕਨਾ ਕੋਲ ਜਾ ਰੱਖਿਆ। ਸੋਹਣ ਸਿੰਘ ਭਕਨਾ ਆਸੇ ਪਾਸੇ ਝਾਕਿਆ। ਫਿਰ ਉਸ ਨੇ ਲੱਡੂ ਭੋਰ ਕੇ ਆਪਣੇ ਸਾਫੇ ਵਿੱਚ ਪਾ ਲਏ।

"ਬਈ ਲੱਡੂ ਇਸ ਤਰ੍ਹਾਂ ਨਹੀਂ ਵੰਡਣੇ!" ਸੋਹਣ ਸਿੰਘ ਭਕਨਾ ਬੋਲਿਆ।

"ਕਿਉਂ? " ਉਤਮ ਸਿੰਘ ਨੇ ਪੁੱਛਿਆ।

"ਮੈਂ ਹੁਣੇ ਦੱਸਦਾਂ। ਹੁਣੇ ਆਪਾਂ ਲੱਡੂ ਵੰਡਦੇ ਆਂ!" ਏਨੀ ਕਹਿ ਕੇ ਸੋਹਣ ਸਿੰਘ ਭਕਨਾ ਚੂਹੜ ਸਿੰਘ ਲੀਲਾਂ ਨਾਲ ਹੌਲੀ ਹੌਲੀ ਗੱਲ ਕਰਨ ਲੱਗ ਪਿਆ। ਚੂਹੜ ਸਿੰਘ ਲੀਲਾਂ ਨੀਵੀਂ ਪਾਈ ਸੋਹਣ ਸਿੰਘ ਭਕਨੇ ਦੀ ਗੱਲ ਸੁਣਦਾ ਰਿਹਾ। ਸਾਰੇ ਜਣੇ ਹੈਰਾਨ ਹੋਏ ਦੋਹਾਂ ਵੱਲ ਵੇਖ ਰਹੇ ਸਨ ਤੇ ਉਹ ਦੋਵੇਂ ਚੁੱਪਚਾਪ ਘੁਸਰ ਮੁਸਰ ਕਰ ਰਹੇ ਸਨ। ਚੂਹੜ ਸਿੰਘ ਲੀਲਾਂ ਉਸੇ ਤਰ੍ਹਾਂ ਨੀਵੀਂ ਪਾਈ ਗੱਲ ਸੁਣਦਾ ਰਿਹਾ। ਕਿਸੇ ਨੂੰ ਕੋਈ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਕੀ ਗੁੱਝੀਆਂ ਗੱਲਾਂ ਕਰ ਰਹੇ ਹਨ।

ਅਸਲ ਵਿੱਚ ਕਈ ਦਿਨ ਹੋਏ ਚੂਹੜ ਸਿੰਘ ਲੀਲਾਂ ਨੂੰ ਇਹ ਖਬਰ ਮਿਲੀ ਸੀ ਕਿ ਉਸ ਦੇ ਘਰ ਪੋਤਰੀ ਨੇ ਜਨਮ ਲਿਆ ਹੈ। ਸਾਰੇ ਗਦਰੀ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋਏ ਸਨ। ਅੱਜ ਅਚਾਨਕ ਹੀ ਈਸ਼ਰ ਸਿੰਘ ਦੇ ਘਰ ਪੁੱਤਰ ਹੋਣ ਦੀ ਖਬਰ ਆ ਗਈ। ਲੱਡੂ ਵੇਖਕੇ ਸੋਹਣ ਸਿੰਘ ਭਕਨਾ ਇਕਦਮ ਸੋਚਣ ਲੱਗਾ ਕਿ ਈਸ਼ਰ ਸਿੰਘ ਦੇ ਲੜਕੇ ਤੇ ਚੂਹੜ ਸਿੰਘ ਲੀਲਾਂ ਦੀ ਪੋਤਰੀ ਦਾ ਕਿਉਂ ਨਾ ਮੰਙਣਾ ਕਰ ਦਿੱਤਾ ਜਾਵੇ। ਜਦੋਂ ਇਹ ਜਵਾਨ ਹੋ ਜਾਣਗੇ ਤਾਂ ਇਨ੍ਹਾਂ ਦੇ ਘਰ ਵਾਲੇ ਆਪੇ ਇਨਾਂ ਦਾ ਵਿਆਹ ਕਰ ਦੇਣਗੇ। ਸੋਹਣ ਸਿੰਘ ਭਕਨੇ ਨੇ ਝੱਟ ਚੂਹੜ ਸਿੰਘ ਲੀਲਾਂ ਨਾਲ ਗੱਲ ਸਾਂਝੀ ਕੀਤੀ। ਚੂਹੜ ਸਿੰਘ ਲੀਲਾਂ ਨੇ ਝੱਟ ਹਾਂ ਕਰ ਦਿੱਤੀ। ਫਿਰ ਸੋਹਣ ਸਿੰਘ ਖੁਸ਼ ਹੋਕੇ ਕਹਿਣ ਲੱਗਾ, "ਭਰਾਵੋਂ, ਅੱਜ ਆਪਣੇ ਸਾਰਿਆਂ ਲਈ ਖੁਸ਼ੀ ਦਾ ਦਿਨ ਹੈ। ਚੂਹੜ ਸਿੰਘ ਲੀਲਾਂ ਦੇ ਘਰ ਪੋਤਰੀ ਹੋਈ ਐ ਤੇ ਈਸ਼ਰ ਦੇ ਘਰ ਪੁੱਤਰ। ਅੱਜ ਇਨ੍ਹਾਂ ਦੋਹਾਂ ਬੱਚਿਆਂ ਦਾ ਤੁਹਾਡੇ ਸਭਨਾਂ ਦੀ ਹਾਜ਼ਰੀ ਵਿੱਚ ਮੰਙਣਾ ਕੀਤਾ ਜਾਂਦਾ ਹੈ।"

"ਬੋਲੇ ਸੋ ਨਿਹਾਲ!" ਉਤਮ ਸਿੰਘ ਨੇ ਜੈਕਾਰਾ ਛੱਡ ਦਿੱਤਾ।

"ਸਤਿ ਸ੍ਰੀ ਅਕਾਲ !" ਸਾਰੇ ਜਣੇ ਬੋਲ ਉਠੇ।

"ਲਓ ਹੁਣ ਵੰਡ ਦਿਓ ਲੱਡੂ!" ਸੋਹਣ ਸਿੰਘ ਭਕਨਾ ਖੁਸ਼ ਹੋ ਕੇ ਬੋਲਿਆ।

ਫਿਰ ਸਾਰਿਆਂ ਨੇ ਇੱਕ ਮੱਤ ਹੋ ਕੇ ਕਿਹਾ ਕਿ ਇਹ ਜਾਣਕਾਰੀ ਪਰਵਾਰਾਂ ਨੂੰ ਦੇ ਦਿੱਤੀ ਜਾਵੇਗੀ। ਇਸ ਦੀ ਸਾਰੀ ਜ਼ਿੰਮੇਵਾਰੀ ਰੂੜ ਸਿੰਘ ਚੂਹੜਚੱਕ ਦੇ ਸਿਰ ਹੈ। ਰੂੜ ਸਿੰਘ ਚੂਹੜਚੱਕ ਹੀ ਇਨ੍ਹਾਂ ਬੱਚਿਆਂ ਦਾ ਬਚੋਲਾ ਹੈ। ਜੇ ਕੋਈ ਗੱਲਬਾਤ ਹੋਈ ਤਾਂ ਇਹ ਜ਼ਿੰਮੇਵਾਰੀ ਰੂੜ ਸਿੰਘ ਦਾ ਪਰਵਾਰ ਹੀ ਨਿਭਾਏਗਾ ਤੇ ਫਿਰ ਉਤਮ ਸਿੰਘ ਲੱਡੂ ਵੰਡਣ ਲੱਗ ਪਿਆ।

## ਪੱਚੀ

ਲਹੌਰ ਜੇਲ੍ਹ ਵਿੱਚ ਈਸ਼ਰ ਸਿੰਘ ਨਾਲ ਮੁਲਾਕਾਤ ਕਰਕੇ ਉਸ ਦਾ ਬਾਪ ਸੱਜਣ ਸਿੰਘ ਆਪਣੇ ਘਰ ਆ ਗਿਆ। ਬੇਸ਼ੱਕ ਪੁੱਤਰ ਨੇ ਆਪਣੇ ਆਪ ਨੂੰ ਦਿਲ ਕਰੜਾ ਕਰਨ ਲਈ ਕਿਹਾ ਸੀ ਪਰ ਬਾਪ ਦਾ ਦਿਲ ਤਾਂ ਬਾਪ ਦਾ ਦਿਲ ਹੀ ਹੁੰਦਾ ਹੈ। ਪੁੱਤਰ ਜੇਲ੍ਹ ਵਿੱਚ ਬੈਠਾ ਹੋਵੇ ਤੇ ਫਿਰ ਬਾਪ ਨੂੰ ਚੈਨ ਕਿੱਥੇ! ਘਰ ਵਿੱਚ ਤਾਂ ਇੱਕ ਅਜੀਬ ਚੁਪ ਛਾਈ ਹੋਈ

ਸੀ। ਘਰ ਵਿੱਚ ਕੌਣ ਕਿਸੇ ਨੂੰ ਦਿਲਾਸਾ ਦੇਵੇ। ਘਰ ਵਿੱਚ ਸਿਰਫ ਤਿੰਨ ਜੀਅ। ਈਸ਼ਰ ਦੇ ਮਾਂ ਬਾਪ ਤੇ ਉਸ ਦੀ ਘਰ ਵਾਲੀ। ਹਾਂ ਹੁਣ ਈਸ਼ਰ ਦੇ ਨਵ ਜਨਮੇ ਪੁੱਤਰ ਭਾਗ ਨੇ ਘਰ ਵਿੱਚ ਥੋੜ੍ਹੀ ਬਹੁਤੀ ਖੁਸ਼ੀ ਜ਼ਰੂਰ ਲਿਆਂਦੀ ਹੈ। ਸਾਰੇ ਟੱਬਰ ਦਾ ਹੀ ਧਿਆਨ ਉਸ ਵੱਲ ਰਹਿੰਦਾ ਹੈ। ਕਿੰਨੇ ਹੀ ਵਰ੍ਹਿਆਂ ਬਾਅਦ ਘਰ ਦੇ ਬੂਹੇ ਅੱਗੇ ਸ਼ਰੀਂਹ ਬੰਨ੍ਹੇ ਹਨ। ਸਿਆਲ਼ ਆ ਗਿਆ ਹੈ। ਆਥਣ ਸਵੇਰੇ ਤਾਂ ਵਾਹਵਾ ਠੰਢ ਹੋ ਜਾਂਦੀ ਹੈ। ਘਰ ਦਾ ਬਹੁਤਾ ਕੰਮ ਈਸ਼ਰ ਦੀ ਮਾਂ ਹੀ ਕਰਦੀ ਹੈ। ਦੂਜੇ ਤੀਜੇ ਰਾਮੋ ਦੀ ਭੈਣ ਸੋਭੀ ਆ ਜਾਂਦੀ ਹੈ। ਉਹ ਵੀ ਘਰ ਦੇ ਕੰਮਾਂ ਵਿੱਚ ਹੱਥ ਵਟਾ ਜਾਂਦੀ ਹੈ। ਕਈ ਦਿਨਾਂ ਤੋਂ ਰਾਮੋ ਦੀ ਭੈਣ ਧੰਨੀ ਆਈ ਹੋਈ ਹੈ। ਰਾਮੋ ਦੀਆਂ ਦੋਵਾਂ ਭੈਣਾਂ ਨੇ ਰਾਮੋ ਦਾ ਬਹੁਤ ਧਿਆਨ ਰੱਖਿਆ ਹੈ।

ਸੱਜਣ ਸਿੰਘ ਤਾਂ ਸਾਰਾ ਦਿਨ ਦਲਾਨ ਵਿੱਚ ਬੈਠਾ ਰਹਿੰਦਾ ਹੈ। ਪਿੰਡ ਵਿੱਚੋਂ ਉਸ ਕੋਲ ਕੋਈ ਨਾ ਕੋਈ ਆਇਆ ਰਹਿੰਦਾ ਹੈ। ਈਸ਼ਰ ਦੀਆਂ ਗੱਲਾਂ ਚੱਲਦੀਆਂ ਹਨ। ਪਿੰਡ ਦੀਆਂ ਗੱਲਾਂ ਦੀ ਵੀ ਚਰਚਾ ਹੁੰਦੀ ਰਹਿੰਦੀ ਹੈ। ਈਸ਼ਰ ਦੇ ਨਵ ਜਨਮੇ ਪੁੱਤਰ ਦੇ ਮੰਙਣੇ ਦੀ ਵੀ ਗੱਲ ਚੱਲਦੀ ਹੈ। ਕਈ ਬੰਦੇ ਤਾਂ ਇਸ ਨੂੰ ਬਹੁਤ ਵਧੀਆ ਗੱਲ ਮੰਨਦੇ ਹਨ ਜਿਵੇਂ ਇਹ ਕੋਈ ਇਤਿਹਾਸਕ ਫੈਸਲਾ ਹੋਵੇ। ਫਿਰ ਸੱਜਣ ਸਿੰਘ ਖੁਸ਼ ਹੋ ਕੇ ਦੱਸਦਾ ਹੈ ਕਿ ਜੇਲ੍ਹ ਵਿੱਚ ਬੰਦ ਸਾਰੇ ਗਦਰੀ ਇਸ ਗੱਲ ਉਤੇ ਬਹੁਤ ਖੁਸ਼ ਹਨ। ਸੋਹਣ ਸਿੰਘ ਭਕਨਾ ਤੇ ਰੂੜ ਸਿੰਘ ਚੂਹੜਚੱਕ ਵਰਗੇ ਦੇਸ਼ ਭਗਤਾਂ ਨੇ ਇਹ ਫੈਸਲਾ ਕੀਤਾ ਹੈ ਕਿ ਭਾਗ ਦੀ ਸ਼ਾਦੀ ਚੂਹੜ ਸਿੰਘ ਲੀਲਾਂ ਦੀ ਪੋਤਰੀ ਨਾਲ ਹੀ ਹੋਵੇਗੀ।

"ਬਈ ਇਹ ਜਵਾਕ ਕਦੋਂ ਤ੍ਰਿਡਾਰ ਹੋਏ। ਕਦੋਂ ਇਨ੍ਹਾਂ ਦਾ ਵਿਆਹ ਹੋਇਆ। ਖਵਰੇ ਉਦੋਂ ਕਿਹੜੇ ਰਾਜ ਦੀ ਪਰਜਾ ਹੋਣੀ ਐ!" ਕੋਈ ਬਜ਼ੁਰਗ ਸੱਜਣ ਸਿੰਘ ਕੋਲ ਸਧਾਰਨ ਹੀ ਗੱਲ ਕਰਦਾ।

"ਗੱਲ ਤਾਂ ਠੀਕ ਐ। ਉਦੋਂ ਨੂੰ ਖਵਰੇ ਕੀ ਹੋਣਾ। ਕਿਸੇ ਦਾ ਮਨ ਵੀ ਬਦਲ ਸਕਦਾ!" ਕੋਈ ਹੋਰ ਕਹਿ ਉਠਦਾ।

"ਇਹ ਗੱਲ ਸਿਰਫ ਜੇਲ੍ਹ ਵਿੱਚ ਨਹੀਂ ਚੱਲੀ। ਹੁਣ ਤਾਂ ਚੂਹੜ ਸਿੰਘ ਦੇ ਪਰਵਾਰ ਵਾਲਿਆਂ ਨੇ ਵੀ ਇਹੀ ਕਿਹਾ ਕਿ ਇਸ ਲੜਕੀ ਦਾ ਵਿਆਹ ਹੋਇਆ ਤਾਂ ਢੁੱਡੀਕੇ ਹੋਵੇਗਾ? " ਸੱਜਣ ਸਿੰਘ ਜੇਲ੍ਹ ਤੋਂ ਸੁਣੀ ਸੁਣਾਈ ਗੱਲ ਦੱਸਦਾ।

"ਬਈ ਕੋਈ ਵੱਡੀ ਗੱਲ ਵੀ ਨਹੀਂ। ਇਹ ਹੋ ਵੀ ਸਕਦਾ ਪਰ ਈਸ਼ਰ ਘਰ ਆ ਜਾਵੇ। ਆ ਕੇ ਆਪਣਾ ਘਰ ਸੰਭਾਲੇ।" ਇੱਕ ਹੋਰ ਅਵਾਜ਼ ਆਉਂਦੀ। ਸੱਜਣ ਸਿੰਘ ਕੋਲ ਬੰਦੇ ਆਉਂਦੇ ਰਹਿੰਦੇ ਤੇ ਅਕਸਰ ਉਹ ਜ਼ਿਆਦਾ ਇਨ੍ਹਾਂ ਦੇ ਪਰਵਾਰ ਦੀਆਂ ਹੀ ਗੱਲਾਂ ਕਰਦੇ। ਸੱਜਣ ਸਿੰਘ ਨਾਲ ਸਾਰੇ ਪਿੰਡ ਵਾਸੀਆਂ ਦੀ ਹਮਦਰਦੀ ਸੀ ਤੇ ਦੋ ਚਾਰ ਬੰਦੇ ਉਸ ਕੋਲ ਬੈਠੇ ਹੀ ਰਹਿੰਦੇ।

ਦਿਨ ਲੰਘਦੇ ਗਏ। ਸਿਆਲੂ ਠੰਢ ਨੇ ਜ਼ੋਰ ਫੜ ਲਿਆ। ਸੱਜਣ ਸਿੰਘ ਹੁਣ ਸਵੇਰ ਦੀ ਰੋਟੀ ਖਾ ਕੇ ਆਪਣੇ ਘਰ ਅੱਗੇ ਧੁੱਪੇ ਆ ਬੈਠਦਾ। ਦਿਨ ਚੜ੍ਹਦੇ ਨਾਲ ਏਥੇ ਧੁੱਪ ਆ ਜਾਂਦੀ। ਕੋਈ ਨਾ ਕੋਈ ਪਿੰਡ ਦਾ ਬੰਦਾ ਉਸ ਕੋਲ ਆ ਬੈਠਦਾ। ਉਂਜ ਪਿੰਡ

ਵਿੱਚ ਹੁਣ ਡਰ ਤੇ ਸਹਿਮ ਦਾ ਮਹੌਲ ਬਣਿਆ ਹੋਇਆ ਸੀ। ਗਦਰ ਪਾਰਟੀ ਦੇ ਸਾਰੇ ਬੰਦੇ ਪਿੰਡ ਵਿੱਚੋਂ ਪੁਲਸ ਨੇ ਗ੍ਰਿਫਤਾਰ ਕਰ ਲਏ ਸਨ। ਕੋਈ ਪਤਾ ਨਹੀਂ ਸੀ ਕਿ ਕਿਸੇ ਬੰਦੇ ਨੂੰ ਕਿੰਨੀ ਸਜ਼ਾ ਹੋਵੇਗੀ। ਸੱਜਣ ਸਿੰਘ ਦੇ ਨਾਲ ਹੋਰ ਪਰਵਾਰਾਂ ਦੇ ਬੰਦੇ ਵੀ ਲਹੌਰ ਜਾਂਦੇ। ਸਾਰੇ ਮੁਲਾਕਾਤਾਂ ਕਰਦੇ ਤੇ ਵਾਪਸ ਮੁੜ ਆਉਂਦੇ। ਸਭ ਪਰਵਾਰ ਅੰਦਰੋਂ ਪੂਰੇ ਡਰੇ ਹੋਏ ਸਨ। ਪੁਲਸ ਤਾਂ ਹਾਲੇ ਵੀ ਪਿੰਡ ਵਿੱਚ ਗੇੜਾ ਜ਼ਰੂਰ ਮਾਰਦੀ। ਕਏ ਕੋਈ ਗੱਲ ਪਿੰਡ ਵਿਚ ਘੁੰਮਣ ਲੱਗਦੀ ਕਿ ਗਦਰੀਆਂ ਨੂੰ ਜੇਲ੍ਹ ਵਿੱਚ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਹੱਥਕੜੀ, ਬੇੜੀ ਜਾਂ ਕੋਈ ਹੋਰ ਸਖਤ ਸਜ਼ਾ ਦਿੱਤੀ ਜਾਂਦੀ। ਖੁਰਾਕ ਵੀ ਮਾੜੀ ਦਿੱਤੀ ਜਾਂਦੀ। ਉਨ੍ਹਾਂ ਨੂੰ ਕਈ ਕਈ ਦਿਨ ਭੁੱਖੇ ਰੱਖਿਆ ਜਾਂਦਾ। ਪੁੱਛਗਿੱਛ ਕਰਨ ਸਮੇਂ ਬਹੁਤ ਹੀ ਸਖਤ ਸਜ਼ਾਵਾਂ ਹੁੰਦੀਆਂ ਪਰ ਕਹਿੰਦੇ ਗਦਰੀ ਟੱਸ ਤੋਂ ਮੱਸ ਨਾ ਹੁੰਦੇ। ਗਦਰੀ ਪਾਰਟੀ ਦਾ ਤਾਂ ਫਿਰ ਆਪਣੇ ਟਿਕਾਣਿਆਂ ਦਾ ਕੋਈ ਭੇਦ ਨਾ ਦਿੰਦੇ। ਉਹ ਕਿਥੇ ਕਿਥੇ ਰਹੇ। ਕਿੱਥੋਂ ਰੋਟੀ ਖਾਂਦੇ ਰਹੇ। ਇਸ ਬਾਰੇ ਜ਼ਰਾ ਵੀ ਗੱਲ ਨਾ ਦੱਸਦੇ। ਲੋਕ ਅਕਸਰ ਗੱਲਾਂ ਕਰਦੇ ਕਿ ਇਹ ਬੰਦੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ। ਅੰਗਰੇਜ਼ਾਂ ਦਾ ਹਰ ਜ਼ੁਲਮ ਸਹਿ ਰਹੇ ਐ। ਪਰ ਉਨ੍ਹਾਂ ਅੱਗੇ ਝੁਕਦੇ ਨਹੀਂ। ਇਸੇ ਕਰਕੇ ਆਮ ਲੋਕ ਇਹੀ ਗੱਲ ਕਰਦੇ ਕਿ ਇਨ੍ਹਾਂ ਨੂੰ ਸਖਤ ਸਜ਼ਾਵਾਂ ਹੋਣਗੀਆਂ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਸੱਜਣ ਸਿੰਘ ਦਾ ਦਿਲ ਡੋਲਦਾ। ਉਹ ਬੈਠਾ ਬੈਠਾ ਸੋਚੀਂ ਪੈ ਜਾਂਦਾ ਕਿ ਉਨ੍ਹਾਂ ਦੇ ਪੁੱਤ ਦਾ ਕੀ ਬਣੂੰਗਾ। ਦੂਜੇ ਬੰਦਿਆਂ ਦਾ ਕੀ ਬਣੂੰਗਾ।

ਸੱਜਣ ਸਿੰਘ ਦੇ ਘਰ ਵਿੱਚ ਹਰ ਰੋਜ਼ ਚੜ੍ਹਦਾ ਸੂਰਜ ਨਿੱਤ ਨਵੀਂ ਉਦਾਸੀ ਲੈ ਕੇ ਆਉਂਦਾ ਤੇ ਇੱਕ ਚੁੱਪ ਲੈ ਕੇ ਤੁਰ ਜਾਂਦਾ। ਸਮਾਂ ਤੁਰਦਾ ਗਿਆ। ਸੱਜਣ ਸਿੰਘ ਤਾਂ ਲਹੌਰ ਅਕਸਰ ਆਉਂਦਾ ਜਾਂਦਾ ਰਹਿੰਦਾ। ਈਸ਼ਰ ਨਾਲ ਮੁਲਾਕਾਤ ਵੀ ਹੁੰਦੀ ਰਹਿੰਦੀ। ਜੇਲ੍ਹ ਦੇ ਬਾਹਰ ਬੈਠੇ ਬਹੁਤ ਬੰਦੇ ਜਾਣਕਾਰ ਬਣ ਗਏ। ਉਹ ਵੀ ਆਪਣੇ ਕਿਸੇ ਗਦਰੀ ਨੂੰ ਮਿਲਣ ਵਾਲੇ ਹੁੰਦੇ। ਸਾਰਿਆਂ ਦੀਆਂ ਗੱਲਾਂ ਇੱਕੋ ਜਿਹੀਆਂ ਹੁੰਦੀਆਂ।

ਆਖਰ ਲਹੌਰ ਪਹਿਲੇ ਸਪਲੀਮੈਂਟਰੀ ਸਾਜ਼ਿਸ਼ ਮੁਕੱਦਮੇ ਦਾ ਫੈਸਲਾ 30 ਮਾਰਚ 1916 ਨੂੰ ਸੈਂਟਰਲ ਜੇਲ੍ਹ ਵਿੱਚ ਸੁਣਾ ਦਿੱਤਾ ਗਿਆ ਜਿਸ ਵਿੱਚ ਈਸ਼ਰ ਸਿੰਘ ਢੁੱਡੀਕੇ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਈਸ਼ਰ ਸਿੰਘ ਦੇ ਨਾਲ ਬੀਰ ਸਿੰਘ ਬਾਹੋਵਾਲ, ਰੰਗਾ ਸਿੰਘ ਖੁਰਦਪੁਰ, ਰੂੜ ਸਿੰਘ ਤਲਵੰਡੀ ਦੁਸਾਂਝ ਤੇ ਉਤਮ ਸਿੰਘ ਹਾਂਸ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ। ਪਾਖਰ ਸਿੰਘ ਤੇ ਪਾਲਾ ਸਿੰਘ ਨੂੰ ਉਮਰ ਕੈਦ, ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਪਿੰਡ ਢੁੱਡੀਕੇ ਦੇ ਹੀ ਸ਼ਾਮ ਸਿੰਘ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਹੋਈਆਂ। ਇਹ ਗੱਲ ਪਿੰਡ ਢੁੱਡੀਕੇ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸੱਜਣ ਸਿੰਘ ਦੇ ਘਰ ਵਿੱਚ ਤਾਂ ਜਿਵੇਂ ਬਿਜਲੀ ਆ ਡਿੱਗੀ। ਘਰ ਵਿੱਚ ਇੱਕ ਕੁਰਹਾਮ ਮੱਚ ਗਿਆ। ਈਸ਼ਰ ਦੀ ਮਾਂ ਦੀਆਂ ਧਾਹਾਂ ਨੇ ਆਂਢ ਗੁਆਂਢ ਨੂੰ ਵੀ ਹਿਲਾ ਦਿੱਤਾ। ਰਾਮ ਕੌਰ ਆਪਣੇ ਪੁੱਤਰ ਨੂੰ ਛਾਤੀ ਨਾਲ ਘੁੱਟ ਕੇ ਸਿਸਕੀਆਂ ਭਰ ਰਹੀ ਸੀ। ਸੱਜਣ ਸਿੰਘ ਵੱਲ ਵੇਖਿਆ ਨਹੀਂ ਸੀ ਜਾਂਦਾ। ਬੁੱਢੇ ਵਾਰੇ ਅੱਖਾਂ ਦਾ

ਨੀਰ ਵਗ ਰਿਹਾ ਸੀ। ਜਹਾਨ ਭਰ ਦਾ ਗਮ ਉਸ ਦੇ ਚਿਹਰੇ ਉਤੇ ਉਮਡ ਆਇਆ ਸੀ । ਥੋੜ੍ਹੇ ਸਮੇਂ ਵਿੱਚ ਹੀ ਪਿੰਡ ਦੀਆਂ ਔਰਤਾਂ ਤੇ ਆਦਮੀਆਂ ਨਾਲ ਸੱਜਣ ਸਿੰਘ ਦਾ ਘਰ ਭਰ ਗਿਆ।

ਦਲਾਨ ਵਿੱਚ ਬੈਠਾ ਸੱਜਣ ਸਿੰਘ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਉਹ ਹੁਣ ਬਹੁਤਾ ਚਿਰ ਨਹੀਂ ਜਿਉਂ ਸਕੇਗਾ।

"ਸੱਜਣ ਸਿੰਹਾਂ ਬਈ ਤੂੰ ਹੁਣ ਸਬਰ ਕਰ। ਇਹ ਮਾਲਕ ਦਾ ਭਾਣਾ ਹੈ।" ਭੀੜ ਵਿੱਚੋਂ ਕਿਸੇ ਦੀ ਅਵਾਜ਼ ਆਈ। ਸਾਰੇ ਜਣੇ ਇੱਕ ਦੂਜੇ ਵੱਲ ਵੇਖ ਰਹੇ ਸਨ ਜਿਵੇਂ ਕਿਸੇ ਕੋਲ ਗੱਲ ਕਰਨ ਲਈ ਕੋਈ ਸ਼ਬਦ ਨਹੀਂ ਸਨ। ਗੱਲ ਵੀ ਭਲਾ ਕੋਈ ਕੀ ਕਰੇ। ਕਿਹੜੇ ਸ਼ਬਦਾਂ ਨਾਲ ਬੁੱਢੇ ਪਿਓ ਨੂੰ ਦਿਲਾਸਾ ਦਿੱਤਾ ਜਾਵੇ! ਅੰਦਰ ਸਬਾਤ ਵਿੱਚ ਈਸ਼ਰ ਦੀ ਮਾਂ ਦੇ ਬੋਲ ਹਿਰਦਿਆਂ ਨੂੰ ਚੀਰਦੇ ਜਾ ਰਹੇ ਸਨ।

"ਵੇਖ ਸੱਜਣ ਸਿੰਹਾਂ ਤੇਰਾ ਪੁੱਤਰ ਪਿੰਡ ਵਿੱਚੋਂ ਕੋਈ ਬਦਨਾਮੀ ਖੱਟ ਕੇ ਨਹੀਂ ਗਿਆ। ਤੇਰੀ ਪੱਗ ਨੂੰ ਉਸ ਨੇ ਦਾਗ ਨਹੀਂ ਲੱਗਣ ਦਿੱਤਾ। ਤੂੰ ਪਿੰਡ ਵਿੱਚ ਸਿਰ ਉਚਾ ਕਰਕੇ ਤੁਰ ਸਕਦੈਂ। ਬਾਕੀ ਮਹਾਰਾਜ ਨੇ ਤੈਨੂੰ ਪੋਤਰੇ ਦੀ ਦਾਤ ਦੇ ਦਿੱਤੀ ਐ। ਉਸ ਦਾਤੇ ਦਾ ਸ਼ੁੱਕਰ ਮਨਾ। ਘਰ ਦੀ ਸੁੱਖ ਮੰਗ। ਏਥੇ ਕਿਸੇ ਦੇ ਕੁਝ ਵੱਸ ਨਹੀਂ। ਕਿਸੇ ਦਾ ਕੋਈ ਜ਼ੋਰ ਨਹੀਂ ਚੱਲਦਾ ਬੱਸ ਸਬਰ ਕਰੇ!" ਇੱਕ ਸਿਆਣਾ ਬਜ਼ੁਰਗ ਹੌਲੀ ਹੌਲੀ ਗੱਲ ਕਰਦਾ ਰਿਹਾ। ਸਾਰੇ ਬਜ਼ੁਰਗ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੇ ਸਨ।

ਕੁਝ ਚਿਰ ਚੁੱਪ ਛਾਈ ਰਹੀ। ਸਾਰੇ ਇੱਕ ਦੂਜੇ ਵੱਲ ਵੇਖ ਰਹੇ ਸਨ। ਸਾਰਿਆਂ ਕੋਲ ਗੱਲ ਕਰਨ ਲਈ ਜਿਵੇਂ ਕੋਈ ਠੋਸ ਤੇ ਢੁਕਵੇਂ ਸ਼ਬਦ ਨਹੀਂ ਸਨ। ਫਿਰ ਇੱਕ ਬਜ਼ੁਰਗ ਕਹਿਣ ਲੱਗਾ, "ਬਈ ਇੱਕ ਗੱਲ ਹੋਰ ਐ। ਇਹ ਤਾਂ ਹਾਲੇ ਸਰਕਾਰ ਨੇ ਸਜ਼ਾ ਸੁਣਾਈ ਐ। ਕੀ ਪਤਾ ਸਜ਼ਾ ਘੱਟ ਵੀ ਹੋ ਜਾਵੇ। ਇਹ ਹਾਲੇ ਕੀ ਪਤਾ। ਕੋਈ ਨਾ। ਸਬਰ ਕਰੋ। ਦਿਲ ਨਾ ਛੱਡੋ!" ਇਸ ਬਜ਼ੁਰਗ ਦੀ ਗੱਲ ਸਾਰਿਆਂ ਨੇ ਧਿਆਨ ਨਾਲ ਸੁਣੀ। ਫਿਰ ਇੱਕ ਹੋਰ ਬਜ਼ੁਰਗ ਕਹਿਣ ਲੱਗਾ, "ਬਈ ਜੇ ਤਾਂ ਉਸ ਦੀ ਵਧੀ ਐ ਫੇਰ ਨਹੀਂ ਕੁਝ ਹੁੰਦਾ। ਇਹ ਤਾਂ ਮਾਲਕ ਦੇ ਹੱਥ ਡੋਰ ਐ। ਉਸ ਦੀ ਨਿਗਾਹ ਸਿੱਧੀ ਚਾਹੀਦੀ ਐ!" ਦਿਨ ਲੰਘਦੇ ਗਏ। ਇਸੇ ਤਰ੍ਹਾਂ ਦੀਆਂ ਗੱਲਾਂ ਹੁਣ ਹਰ ਰੋਜ਼ ਚੱਲਦੀਆਂ। ਸੱਜਣ ਸਿੰਘ ਦਾ ਰਿਸ਼ਤੇਦਾਰ ਕੋਈ ਨਾ ਕੋਈ ਆਇਆ ਰਹਿੰਦਾ। ਰਾਮੋ ਦੇ ਪੇਕੇ ਝੱਖੜਵਾਲਾ ਪਿੰਡ ਤੋਂ ਰਾਮੋ ਦੀ ਭੈਣ ਧੰਨੀ ਤਾਂ ਆ ਕੇ ਕਈ ਕਈ ਦਿਨ ਰਹਿ ਜਾਂਦੀ। ਸੋਭੀ ਤਾਂ ਆਥਣ ਸਵੇਰ ਜ਼ਰੂਰ ਗੇੜਾ ਮਾਰਦੀ। ਆਂਢ ਗਵਾਂਢ ਤੇ ਪਿੰਡ ਦੇ ਬੰਦਿਆਂ ਦੀ ਹਮਦਰਦੀ ਨਾਲ ਸੱਜਣ ਸਿੰਘ ਦੇ ਸਾਰੇ ਪਰਵਾਰ ਦੇ ਦਿਨ ਲੰਘਦੇ ਗਏ।

ਸਿਆਲ ਕਦੋਂ ਦਾ ਲੰਘ ਗਿਆ ਸੀ ਤੇ ਮੁੜ ਗਰਮੀ ਸ਼ੁਰੂ ਹੋ ਗਈ। ਲੋਕਾਂ ਨੇ ਛੋਲੇ, ਸਰ੍ਹੋਂ ਤੇ ਕਣਕ ਦੀ ਫਸਲ ਵੱਢ ਲਈ। ਪਿੰਡ ਦੀ ਨਿਆਈਂ ਵਿੱਚ ਲੋਕਾਂ ਨੇ ਪਿੜ ਪਾ ਲਏ। ਪਿੜਾਂ ਵਿੱਚ ਫਲ੍ਹੇ ਚੱਲਣ ਲੱਗੇ। ਗਰਮੀ ਦਿਨੋ ਦਿਨ ਵਧ ਰਹੀ ਸੀ। ਲੋਅ ਚੱਲ ਰਹੀ ਸੀ। ਦੁਪਹਿਰੇ ਤਾਂ ਘਰੋਂ ਬਾਹਰ ਨਿਕਲਣਾ ਔਖਾ ਹੋ ਜਾਂਦਾ। ਜੇਠ ਮਹੀਨਾ ਖਤਮ

ਹੋਣ ਵਾਲਾ ਸੀ। ਸੱਜਣ ਸਿੰਘ ਹਾਲੇ ਦਸ ਕੁ ਦਿਨ ਹੋਏ ਲਹੌਰ ਜਾ ਕੇ ਆਇਆ ਸੀ। ਹੁਣ ਉਹ ਫਿਰ ਲਹੌਰ ਗਿਆ ਤਾਂ ਉਥੇ ਪੱਥਰ ਵਰਗੇ ਸ਼ਬਦ ਉਸ ਦੇ ਦਿਲ ਵਿੱਚ ਵੱਜੇ, "ਈਸ਼ਰ ਤੇ ਉਸ ਦੇ ਸਾਥੀਆਂ ਨੂੰ 18 ਜੂਨ 1916 ਦਿਨ ਐਤਵਾਰ ਨੂੰ ਲਹੌਰ ਵਿੱਚ ਹੀ ਫਾਂਸੀ ਦਿੱਤੀ ਜਾਵੇਗੀ।" ਗੱਲ ਸੁਣ ਕੇ ਸੱਜਣ ਸਿੰਘ ਡਿੱਗਣ ਵਾਲਾ ਹੋ ਗਿਆ। ਉਸ ਨੂੰ ਧਰਤੀ ਘੁੰਮਦੀ ਜਾਪੀ। ਉਹ ਬੇਵੱਸ, ਲਾਚਾਰ, ਮਾਯੂਸ ਤੇ ਸਹਿਮਿਆ ਸਹਿਮਿਆ ਪਿੰਡ ਆ ਗਿਆ। ਮੰਜੇ ਵਿੱਚ ਡਿੱਗ ਪਿਆ। ਕਿਸੇ ਨਾਲ ਵੀ ਉਹ ਗੱਲ ਨਹੀਂ ਸੀ ਕਰ ਰਿਹਾ। ਉਸ ਦੀ ਜਿਵੇਂ ਜੀਭ ਠਾਕੀ ਗਈ।

ਆਂਢ ਗਵਾਂਢ ਵੀ ਉਸ ਨੂੰ ਬੁਲਾਉਣ ਦਾ ਯਤਨ ਕਰਦਾ ਪਰ ਉਹ ਸਾਰਿਆਂ ਵੱਲ ਸਿਰਫ ਝਾਕੀ ਜਾਂਦਾ। ਕਿਸੇ ਦੀ ਗੱਲ ਦਾ ਉਹ ਜਵਾਬ ਨਹੀਂ ਸੀ ਦੇ ਰਿਹਾ। ਜੇ ਕੋਈ ਉਸ ਦੇ ਬੁੱਲ੍ਹਾਂ ਨੂੰ ਪਾਣੀ ਲਾਉਂਦਾ ਤਾਂ ਇੱਕ ਅੱਧ ਘੁੱਟ ਭਰ ਕੇ ਫਿਰ ਉਸੇ ਤਰ੍ਹਾਂ ਝਾਕਣ ਲੱਗ ਜਾਂਦਾ। ਫਿਰ ਅਚਾਨਕ ਉਹ ਬਾਹਰ ਵੱਲ ਵੇਖਦਾ। ਬੱਸ ਬਾਹਰ ਹੀ ਬਿਟਰ ਬਿਟਰ ਵੇਖੀ ਜਾਂਦਾ, ਜਿਵੇਂ ਕੋਈ ਕਿਸੇ ਨੂੰ ਉਡੀਕ ਰਿਹਾ ਹੁੰਦਾ ਹੈ। ਕਦੇ ਉਹ ਬੋਲਣ ਦਾ ਯਤਨ ਕਰਦਾ ਪਰ ਫਿਰ ਉਹ ਅੱਖਾਂ ਬੰਦ ਕਰਕੇ ਚੁੱਪ ਹੋ ਜਾਂਦਾ। ਉਸ ਦੇ ਹੱਥ ਪੈਰ ਕੰਬਣ ਲੱਗਦੇ।

ਇੱਕ ਦਿਨ ਪਰਵਾਰ ਵਿੱਚ ਗੱਲ ਚੱਲੀ ਕਿ ਆਖਰੀ ਵਾਰ ਈਸ਼ਰ ਸਿੰਘ ਨਾਲ ਸਾਰਾ ਪਰਵਾਰ ਹੀ ਮੁਲਾਕਾਤ ਕਰਨ ਜਾਵੇ। ਰਾਮ ਕੌਰ ਤੇ ਉਸ ਦਾ ਪੁੱਤਰ ਭਾਗ ਵੀ ਨਾਲ ਜਾਵੇ। ਈਸ਼ਰ ਜਾਂਦੀ ਵਾਰ ਆਪਣੇ ਪੁੱਤਰ ਦਾ ਮੂੰਹ ਤਾਂ ਵੇਖ ਲਵੇ। ਸਭ ਨੂੰ ਇਹ ਗੱਲ ਚੰਗੀ ਲੱਗੀ ਤੇ ਇੱਕ ਦਿਨ ਘਰ ਦੇ ਸਾਰੇ ਜੀਅ ਲਹੌਰ ਜਾਣ ਲਈ ਤਿਆਰ ਹੋ ਗਏ। ਪਿੰਡ ਦੇ ਕਈ ਬੰਦੇ ਵੀ ਨਾਲ ਜਾਣ ਲਈ ਤਿਆਰੀ ਕਰਕੇ ਆ ਗਏ। ਸਵੱਖਤੇ ਸਾਰੇ ਜਣੇ ਲਹੌਰ ਨੂੰ ਚੱਲੇ ਤੇ ਹਨੇਰਾ ਹੋਏ ਘਰ ਪਰਤੇ। ਰਾਮ ਕੌਰ ਬੱਸ ਇਸ ਗੱਲੋਂ ਖੁਸ਼ ਸੀ ਕਿ ਜਾਂਦੀ ਵਾਰ ਈਸ਼ਰ ਆਪਣੇ ਬੱਚੇ ਦਾ ਮੂੰਹ ਵੇਖ ਗਿਆ। ਉਸ ਨੇ ਇਹ ਵੀ ਦਿਲ ਵਿੱਚ ਪ੍ਰਣ ਕੀਤਾ ਕਿ ਉਹ ਆਪਣੇ ਪੁੱਤਰ ਦਾ ਵਿਆਹ ਚੂਹੜ ਸਿੰਘ ਲੀਲਾਂ ਦੀ ਪੋਤਰੀ ਨਾਲ ਹੀ ਕਰੇਗੀ।

ਆਖਰ ਉਹ ਪਲ ਨੇੜੇ ਆਉਂਦੇ ਗਏ ਜਿਹੜੇ ਕਿ ਪਲ ਪਲ ਹਿਰਦੇ ਵਿੱਚ ਛੇਕ ਕਰਦੇ ਸਨ। ਸਤਾਰਾਂ ਜੂਨ ਵਾਲੇ ਦਿਨ ਸੱਜਣ ਸਿੰਘ ਉਸ ਦੇ ਘਰੋਂ ਲਹੌਰ ਜਾਣ ਲਈ ਤਿਆਰ ਹੋਏ। ਉਨ੍ਹਾਂ ਦੇ ਨਾਲ ਰੂੜ ਸਿੰਘ ਦੁਸਾਂਝ ਤੇ ਪਰਵਾਰ ਵਾਲੇ ਤੇ ਪਿੰਡ ਦੇ ਕਈ ਬੰਦੇ ਨਾਲ ਸਨ। ਸਾਰੇ ਜਣੇ ਅੱਖਾਂ ਪੂੰਝਦੇ ਤੇ ਦਿਲਾਂ ਉਤੇ ਪੱਥਰ ਰੱਖ ਕੇ ਪਿੰਡੋਂ ਚੱਲ ਪਏ। ਪਿੱਛੇ ਰਾਮ ਕੌਰ ਤੇ ਉਸ ਦਾ ਪੁੱਤਰ ਹੀ ਇਕੱਲੇ ਘਰ ਵਿੱਚ ਸਨ। ਧੰਨੀ, ਸੋਭੀ ਤੇ ਪਿੰਡ ਦੀਆਂ ਹੋਰ ਔਰਤਾਂ ਰਾਮ ਕੌਰ ਦੁਆਲੇ ਬੈਠੀਆਂ ਸਨ। ਕਈ ਹੋਰ ਰਿਸ਼ਤੇਦਾਰ ਆਏ ਹੋਏ ਸਨ। ਸਾਰਿਆਂ ਨੇ ਉਹ ਰਾਤ ਮਸਾਂ ਕੱਟੀ। ਦਿਨ ਚੜ੍ਹਿਆ ਹਰ ਕੋਈ ਆਸੇ ਪਾਸੇ ਹੋ ਕੇ ਰੋ ਰਿਹਾ ਸੀ। ਵੇਖਦਿਆਂ ਵੇਖਦਿਆਂ ਪਿੰਡ ਦੇ ਔਰਤਾਂ ਤੇ ਆਦਮੀਆਂ ਨਾਲ ਘਰ ਭਰ ਗਿਆ। ਰਸਤੇ ਵਿੱਚ ਵੀ ਲੋਕ ਬੈਠੇ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਸਾਰਾ

ਪਿੰਡ ਹੀ ਉਠ ਕੇ ਆ ਗਿਆ ਹੋਵੇ! ਗਰਮੀ ਦਾ ਦਿਨ। ਲੂਅ ਚੱਲ ਰਹੀ ਸੀ। ਲੋਕ ਉਸੇ ਤਰ੍ਹਾਂ ਬੈਠੇ ਸਨ। ਲੱਗਦਾ ਸੀ ਕਿ ਜਿਵੇਂ ਕਈ ਤਾਂ ਘਰੀਂ ਰੋਟੀ ਖਾਣ ਵੀ ਨਹੀਂ ਸੀ ਗਏ।

ਲੋਕ ਘਰਾਂ ਦੇ ਪਰਛਾਵਿਆਂ ਆਸਰੇ ਬੈਠੇ ਸਨ। ਅਸਲ ਵਿੱਚ ਲੋਕ ਇਸ ਕਰਕੇ ਬੈਠੇ ਸਨ ਕਿ ਹੁਣੇ ਈਸ਼ਰ ਸਿੰਘ ਤੇ ਰੂੜ ਸਿੰਘ ਦੀਆਂ ਲਾਸ਼ਾਂ ਪਿੰਡ ਆਉਣਗੀਆਂ। ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਉਤਾਵਲੇ ਸਨ। ਜਿਹੜੇ ਉਠ ਕੇ ਚਲੇ ਜਾਂਦੇ ਉਹ ਛੇਤੀ ਹੀ ਵਾਪਸ ਆ ਜਾਂਦੇ। ਲੋਕ ਈਸ਼ਰ ਸਿੰਘ ਦੀਆਂ ਗੱਲਾਂ ਕਰਦੇ। ਕੋਈ ਰੂੜ ਸਿੰਘ ਦੀ ਗੱਲ ਛੇੜ ਲੈਂਦਾ। ਕੋਈ ਆਪਣੀਆਂ ਯਾਦਾਂ ਸਾਂਝੀਆਂ ਕਰਦਾ।

ਦਿਨ ਢਲਦੇ ਨਾਲ ਲਾਹੌਰ ਗਏ ਬੰਦੇ ਵਾਪਸ ਆ ਗਏ। ਸਾਰੇ ਉਨ੍ਹਾਂ ਵੱਲ ਭੱਜ ਕੇ ਗਏ। ਪਿੱਛੇ ਈਸ਼ਰ ਦੀ ਮਾਂ ਵੈਣ ਪਾਉਂਦੀ ਆ ਰਹੀ ਸੀ। "ਅੱਜ ਤੋਂ ਮੁੜ ਕੇ ਤੂੰ ਕਿਤੇ ਵਿਖਾਈ ਨਹੀਂ ਦੇਣੀ। ਮੇਰਿਆ ਲਾਡਲਿਆ ਪੁੱਤਾ। ਤੂੰ ਕਿਹੜੇ ਰਾਹੀਂ ਤੁਰ ਗਿਐ ਵੇ ਮੇਰਿਆ ਲਾਡਲਿਆ ਪੁੱਤਾ। ਇੱਕ ਵਾਰੀ ਮੈਨੂੰ ਵਾਜ ਦੇ ਜਾਹ ਵੇ ਮੇਰਿਆ ਸ਼ੇਰ ਪੁੱਤਾ। ਤੂੰ ਤਾਂ ਮੈਨੂੰ ਬੜਾ ਦਿਲਾਸਾ ਦਿੰਦਾ ਸੀ ਵੇ ਮੇਰਿਆ ਸੋਨਿਆ ਪੁੱਤਾ !" ਈਸ਼ਰ ਦੀ ਮਾਂ ਦੇ ਵੈਣਾਂ ਨੇ ਸਭ ਦੀਆਂ ਅੱਖਾਂ ਵਿੱਚ ਅੱਥਰੂ ਲਿਆ ਦਿੱਤੇ। ਲੋਕ ਸਹਿਮੇ ਸਹਿਮੇ ਆਸੇ ਪਾਸੇ ਵੇਖ ਰਹੇ ਸਨ। ਜਿਹੜੇ ਬੰਦੇ ਲਹੌਰ ਗਏ ਸੀ ਉਹ ਸਾਰੇ ਆ ਗਏ। ਕੁਝ ਬੰਦੇ ਦਲਾਨ ਵਿੱਚ ਆ ਬੈਠੇ। ਔਰਤਾਂ ਸਬਾਤ ਵਿੱਚ ਜਾ ਬੈਠੀਆਂ। ਬਹੁਤੇ ਬੰਦੇ ਤੇ ਔਰਤਾਂ ਹਾਲੇ ਵੀ ਧੁੱਪੇ ਖਲੋਤੇ ਸਨ। ਲੋਕ ਅਸਲ ਵਿੱਚ ਵੇਖ ਰਹੇ ਸਨ ਕਿ ਈਸ਼ਰ ਸਿੰਘ ਦੀ ਲਾਸ਼ ਕਿਤੇ ਵਿਖਾਈ ਨਹੀਂ ਦਿੰਦੀ। ਹੌਲੀ ਹੌਲੀ ਪਤਾ ਲੱਗਾ ਕਿ ਜੇਲ੍ਹ ਵਾਲਿਆਂ ਨੇ ਕਿਸੇ ਵੀ ਗਦਰੀ ਦੀ ਲਾਸ਼ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਦਿੱਤੀ। ਹੁਣ ਹਰ ਇੱਕ ਅੱਖ ਰੋ ਰਹੀ ਸੀ। ਹਰ ਇੱਕ ਅੱਖ ਵਿੱਚ ਇੱਕ ਰੋਸ ਸੀ। ਕੋਈ ਉਠਦੀ ਜਵਾਲਾ ਸੀ। ਐਂ ਪਾਪੀਓਂ ਤੁਸੀਂ ਸ਼ਹੀਦ ਦੀ ਲਾਸ਼ ਤਾਂ ਉਸ ਦੇ ਵਾਰਸਾਂ ਨੂੰ ਜ਼ਰੂਰ ਹੀ ਸੌਂਪਣੀ ਸੀ। ਹਰ ਇੱਕ ਅੱਖ ਬੁਰੀ ਤਰ੍ਹਾਂ ਰੋ ਰਹੀ ਸੀ। ਅੱਥਰੂ ਵਗ ਰਹੇ ਸਨ ਪਰ ਇਹ ਅੱਥਰੂ ਉਠ ਰਹੇ ਗੁੱਸੇ ਦੇ ਅੱਥਰੂ ਸਨ।

ਸਮਾਪਤ



ਲੇਖਕ

ਅੰਗਰੇਜ਼ ਸਰਕਾਰ ਨੂੰ ਭਾਰਤ ਵਿੱਚ ਸਭ ਤੋਂ ਵੱਧ ਖਤਰਾ ਗ਼ਦਰ ਪਾਰਟੀ ਤੋਂ ਸੀ। ਇਸੇ ਕਰਕੇ ਅੰਗਰੇਜ਼ ਸਰਕਾਰ ਹਰ ਹਾਲਤ ਵਿੱਚ ਗ਼ਦਰ ਪਾਰਟੀ ਨੂੰ ਬੁਰੀ ਤਰ੍ਹਾਂ ਕੁਚਲ ਦੇਣਾ ਚਾਹੁੰਦੀ ਸੀ। ਗ਼ਦਰ ਪਾਰਟੀ ਨੇ ਦੇਸ਼ ਵਿੱਚ ਗ਼ਦਰ ਮਚਾਉਣ ਲਈ ਵੱਡੇ ਪ੍ਰੋਗਰਾਮ ਬਣਾਏ। ਉਹ ਪ੍ਰੋਗਰਾਮ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੰਦੇ ਜੇਕਰ ਸਾਡੇ ਲੋਕ ਗ਼ਦਰ ਪਾਰਟੀ ਦਾ ਪੂਰਾ ਸਹਿਯੋਗ ਦਿੰਦੇ। ਬਹੁਤ ਹੀ ਦੁੱਖ ਦੀ ਗੱਲ ਹੈ ਕਿ ਸਾਡੇ ਦੇਸ਼ ਦੇ ਗ਼ਦਾਰਾਂ ਸਦਕਾ ਹੀ ਗ਼ਦਰ ਪਾਰਟੀ ਦੇ ਸਭ ਪ੍ਰੋਗਰਾਮ ਫੇਲ੍ਹ ਹੋ ਗਏ। ਅੰਗਰੇਜ਼ਾਂ ਦੇ ਪਿਠੂਆਂ ਨੇ ਗ਼ਦਰੀਆਂ ਨੂੰ ਗ੍ਰਿਫਤਾਰ ਕਰਵਾਉਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਦੀ ਖੁਫ਼ੀਆ ਪੁਲਿਸ ਨੂੰ ਸੂਹ ਮਿਲਦੀ ਰਹੀ। ਗ਼ਦਰੀਆਂ ਦੀ ਗ੍ਰਿਫਤਾਰੀ ਹੁੰਦੀ ਰਹੀ। ਗ਼ਦਰੀਆਂ ਨੂੰ ਫਾਂਸੀ, ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਵਰਗੀਆਂ ਸਖ਼ਤ ਸਜ਼ਾਵਾਂ ਮਿਲੀਆਂ। ਗ਼ਦਰੀ ਸੂਰਬੀਰ ਹੱਸ ਹੱਸ ਕੇ ਫਾਂਸੀ ਚੜ੍ਹਦੇ ਰਹੇ। ਗ਼ਦਰ ਪਾਰਟੀ ਨੂੰ ਕੁਚਲ ਦੇਣ ਵਿੱਚ ਦੇਸ਼ ਦੇ ਗ਼ਦਾਰਾਂ ਨੇ ਵਿਸ਼ੇਸ਼ ਰੋਲ ਅਦਾ ਕੀਤਾ। ਗ਼ਦਰ ਪਾਰਟੀ ਦੇਸ਼ ਵਿੱਚ ਗ਼ਦਰ ਨਾ ਕਰ ਸਕੀ ਪਰ ਗ਼ਦਰ ਪਾਰਟੀ ਦੀ ਸੱਚੀ ਸੁੱਚੀ ਭਾਵਨਾ ਨੇ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਦੇਸ਼ ਦੀ ਅਜ਼ਾਦੀ ਲਈ ਇੱਕ ਤੜਪ ਪੈਦਾ ਕਰ ਦਿੱਤੀ। ਸ. ਭਗਤ ਸਿੰਘ ਹਰ ਵੇਲੇ ਆਪਨੀ ਜੇਬ ਵਿੱਚ ਕਰਤਾਰ ਸਿੰਘ ਸਰਾਭੇ ਦੀ ਤਸਵੀਰ ਰੱਖਦਾ ਸੀ। ਇਹ ਕੋਈ ਸਾਧਾਰਨ ਗੱਲ ਨਹੀਂ। ਗ਼ਦਰ ਪਾਰਟੀ ਦੀ ਇਹੋ ਇੱਕ ਪ੍ਰਾਪਤੀ ਹੈ ਕਿ ਸਾਡੇ ਲੋਕਾਂ ਨੇ ਇਹ ਡੂੰਘੀ ਤਰ੍ਹਾਂ ਸੋਚਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਅੰਗਰੇਜ਼ਾਂ ਦੇ ਗੁਲਾਮ ਹਾਂ। ਅਸੀਂ ਗੁਲਾਮੀ ਨੂੰ ਗਲੋਂ ਲਾਹ ਸਕਦੇ ਹਾਂ। ਅਸੀਂ ਅਜ਼ਾਦ ਹੋ ਸਕਦੇ ਹਾਂ। ਗ਼ਦਰ ਪਾਰਟੀ ਨੇ ਦੇਸ਼ ਵਿੱਚ ਇਹ ਬੀਜ ਬੀਜੇ ਸਨ।

5 ਆਬ
Desh Bhagat hall, Jalandhar,
Punjab,India
Phone:9814087063
5aabarkashan@gmail.com
www.5aabparkashan.com

ISBN : 978-93-82413-07-3

₹ 100